ੴ ਵਾਹਿਗੁਰੂ ਜੀ ਕੀ ਫ਼ਤਹਿ ॥

## ਧਾਰਮਿਕ ਪ੍ਰੀਖਿਆ

ਲਈ ਨਿਰਧਾਰਿਤ ਪੁਸਤਕ

# ਗੁਰਮਤਿ ਗਿਆਨ

## ਦਰਜਾ-ਪਹਿਲਾ

ਲੇਖਕ :
ਡਾ. ਇੰਦਰਜੀਤ ਸਿੰਘ ਗੋਗੋਆਣੀ
*(ਐਮ.ਏ. ਧਰਮ ਅਧਿਐਨ, ਪੰਜਾਬੀ, ਸੰਗੀਤ, ਪੀਐਚ.ਡੀ.)*

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ, (ਸ਼੍ਰੋ: ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ :
ਸਕੱਤਰ, ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ : ਪ੍ਰ : ਕਮੇਟੀ), ਸ੍ਰੀ ਅੰਮ੍ਰਿਤਸਰ।

ਪਹਿਲੀ ਐਡੀ:
ਅਪ੍ਰੈਲ, ੨੦੧੨ - ੧੫,੦੦੦
ਦੂਜੀ ਐਡੀ:
ਮਈ, ੨੦੧੩ - ੨੦,੦੦੦
ਤੀਜੀ ਐਡੀ :
ਜੂਨ ੨੦੧੪ - ੨੦,੦੦੦

~~~~~~~~~~~~~~~~~~~~

ਛਾਪਕ :
ਗੋਲਡਨ ਆਫ਼ਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।
~~~~~~~~~~~~~~~~~~~~

# (ਦਰਜਾ-ਪਹਿਲਾ)

## ਨੀਯਤ ਕੀਤੇ ਨਵੇਂ ਸਿਲੇਬਸ ਅਨੁਸਾਰ :

### ਪਰਚਾ ਪਹਿਲਾ-ਗੁਰ ਇਤਿਹਾਸ ਤੇ ਗੁਰਬਾਣੀ

**ਸਮਾਂ 3 ਘੰਟੇ** **ਕੁਲ ਅੰਕ 100**

| | |
|---|---|
| (ੳ) ਪਹਿਲੇ ਪੰਜ ਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਇਤਿਹਾਸ | ਨੰ. 40 |
| (ਅ) ਕੰਠ ਬਾਣੀਆਂ-ਜਪੁ ਜੀ, ਰਹਰਾਸਿ ਅਤੇ ਸੋਹਿਲਾ | ਨੰ. 30 |
| (ੲ) ਅਰਥ ਬਾਣੀ-ਜਪੁ ਜੀ | ਨੰ. 20 |
| (ਸ) ਦਸ ਪ੍ਰਸ਼ਨਾਂ ਦੇ ਸੰਖੇਪ ਉੱਤਰ ਇੱਕ ਜਾਂ ਦੋ ਪੰਕਤੀਆਂ ਵਿਚ | ਨੰ. 10 |

ਇਹ ਪ੍ਰਸ਼ਨ ਭਾਗ-ੳ (ਗੁਰ ਇਤਿਹਾਸ) ਅਤੇ ਭਾਗ-ਅ (ਗੁਰਬਾਣੀ) ਵਿਚੋਂ ਹੋਣਗੇ।

~~~~~~~~~~~~~~~~~~~~
~~~~~~~~~~~~~~~~~~~~

# ਤਤਕਰਾ

## ਪਰਚਾ ਪਹਿਲਾ-ਗੁਰ ਇਤਿਹਾਸ ਤੇ ਗੁਰਬਾਣੀ :


| | |
|---|---|
| ਪਹਿਲੇ ਪਾਤਸ਼ਾਹ-ਸ੍ਰੀ ਗੁਰੂ ਨਾਨਕ ਦੇਵ ਜੀ | 5 |
| ਦੂਜੇ ਪਾਤਸ਼ਾਹ-ਸ੍ਰੀ ਗੁਰੂ ਅੰਗਦ ਦੇਵ ਜੀ | 23 |
| ਤੀਜੇ ਪਾਤਸ਼ਾਹ-ਸ੍ਰੀ ਗੁਰੂ ਅਮਰਦਾਸ ਜੀ | 39 |
| ਚੌਥੇ ਪਾਤਸ਼ਾਹ-ਸ੍ਰੀ ਗੁਰੂ ਰਾਮਦਾਸ ਜੀ | 51 |
| ਪੰਜਵੇਂ ਪਾਤਸ਼ਾਹ-ਸ੍ਰੀ ਗੁਰੂ ਅਰਜਨ ਦੇਵ ਜੀ | 64 |
| ਜਪੁ ਜੀ, ਰਹਰਾਸਿ ਤੇ ਸੋਹਿਲਾ ਬਾਣੀ ਸੰਬੰਧੀ ਪ੍ਰਸ਼ਨ | 78 |
| ਗੁਰਬਾਣੀ ਕੰਠ ਕਰਨ ਲਈ ਅਭਿਆਸ | 85 |
| ਪ੍ਰਸ਼ਨ ਪੱਤਰ ਦੀ ਰੂਪ ਰੇਖਾ | 91 |


~~~~~~~~~~~~~~~~~~~~
~~~~~~~~~~~~~~~~~~~~

# ਪਹਿਲੇ ਪਾਤਸ਼ਾਹ
# ਸ੍ਰੀ ਗੁਰੂ ਨਾਨਕ ਦੇਵ ਜੀ

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।*
*ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।*
*ਜਿਥੈ ਬਾਬਾ ਪੈਰੁ ਧਰੇ ਪੂਜਾ ਆਸਣੁ ਥਾਪਣਿ ਸੋਆ।*
*ਸਿਧਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।*
*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।*
*ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ।*
*ਗੁਰਮੁਖਿ ਕਲਿ ਵਿਚਿ ਪਰਗਟੁ ਹੋਆ।* (ਭਾਈ ਗੁਰਦਾਸ ਜੀ)

ਭਾਵ ਅਰਥ :-

- ਸਤਿਗੁਰ ਨਾਨਕ ਦੇਵ ਜੀ ਜਦ ਪ੍ਰਗਟ ਹੋਏ ਤਾਂ ਇਸ ਧਰਤੀ ਤੋਂ ਅਗਿਆਨਤਾ ਰੂਪੀ ਧੁੰਧ ਦੂਰ ਹੋ ਗਈ ਅਤੇ ਗਿਆਨ ਰੂਪੀ ਚਾਨਣ ਹੋ ਗਿਆ।
- ਜਿਸ ਤਰ੍ਹਾਂ ਜਦ ਸੂਰਜ ਚੜ੍ਹ ਜਾਂਦਾ ਹੈ ਤਾਂ ਰਾਤ ਦੇ ਤਾਰੇ ਛਿਪ ਜਾਂਦੇ ਹਨ ਤੇ ਹਨੇਰਾ ਦੂਰ ਹੋ ਜਾਂਦਾ ਹੈ।
- ਜਿਵੇਂ ਸ਼ੇਰ ਦੀ ਭਬਕ ਸੁਣ ਕੇ ਹਿਰਨਾਂ ਦੀ ਡਾਰ ਭੱਜੀ ਜਾਂਦੀ ਧੀਰਜ ਨਹੀਂ ਧਰਦੀ, ਇਸ ਤਰ੍ਹਾਂ ਪਾਪਾਂ ਨੂੰ ਭਾਜੜ ਪੈ ਗਈ।
- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ-ਜਿਥੇ ਚਰਨ ਪਾਏ ਉਥੇ ਪੂਜਾ ਦੇ ਆਸਣ (ਸਥਾਨ) ਦੀ ਥਾਪਨਾ, ਭਾਵ ਗੱਦੀ ਹੋ ਜਾਂਦੀ ਸੀ। ਜਿਵੇਂ ਗੁਰੂ ਜੀ ਉਥੇ ਹੀ ਸੁਭਾਇਮਾਨ ਹੋ ਕੇ ਉਪਦੇਸ਼ ਦੇ ਰਹੇ ਹੋਣ।
- ਸਾਰੇ ਜਗਤ ਦੇ ਪ੍ਰਸਿੱਧ ਅਸਥਾਨ ਜੋ ਵੀ ਸਨ, ਸਭ ਨਾਨਕ ਮਤੇ ਭਾਵ ਗੁਰੂ ਆਸਣ ਕਰਕੇ ਪ੍ਰਸਿੱਧ ਹੋ ਗਏ।
- ਘਰ ਘਰ ਅੰਦਰ ਜਾਣੋ ਧਰਮਸ਼ਾਲਾ ਹੋ ਗਈਆਂ ਤੇ ਕੀਰਤਨ ਹੋਣ ਲੱਗਾ ਜਿਵੇਂ ਸਦਾ ਹੀ ਵਿਸਾਖੀ ਹੋਵੇ।
- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰੇ ਦਿਸ਼ਾਵਾਂ ਤਾਰ ਦਿੱਤੀਆਂ ਤੇ ਨੌਂ ਖੰਡ ਪ੍ਰਿਥਵੀ ਵਿਖੇ ਸੱਚ ਦਾ ਮੇਲ ਹੋ ਗਿਆ।
- ਉੱਪਰ ਲਿਖੀ ਸਮੁੱਚੀ ਪਉੜੀ ਦੇ ਅੰਤ ਵਿਚ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਕਲਿਜੁਗ ਵਿਚ ਸ਼੍ਰੋਮਣੀ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ।

~~~~~~~~~~~~~~~~~~~~
~~~~~~~~~~~~~~~~~~~~

## ਸੰਖੇਪ ਜੀਵਨ ਦਰਸ਼ਨ-ਸ੍ਰੀ ਗੁਰੂ ਨਾਨਕ ਦੇਵ ਜੀ

ਮਾਤਾ :- ਮਾਤਾ ਤ੍ਰਿਪਤਾ ਜੀ

ਪਿਤਾ :- ਮਹਿਤਾ ਕਾਲੂ ਜੀ (ਸ੍ਰੀ ਕਲਿਆਣ ਦਾਸ ਜੀ)

ਪ੍ਰਕਾਸ਼ (ਜਨਮ) :- 15-4-1469 (20 ਵਿਸਾਖ 1526 ਬਿ.)

ਸਥਾਨ :- ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ ਪਾਕਿਸਤਾਨ)

ਸੁਪਤਨੀ :- ਸੁਲੱਖਣੀ ਜੀ

ਸੰਤਾਨ :- ਬਾਬਾ ਸ੍ਰੀ ਚੰਦ ਜੀ, ਬਾਬਾ ਲੱਖਮੀ ਦਾਸ ਜੀ।

## ਮਹਾਨ ਕਾਰਜ (ਪਰਉਪਕਾਰ)

ਸੰਸਾਰ ਦੇ ਭਲੇ ਲਈ ਚਾਰ ਲੰਬੀਆਂ ਯਾਤਰਾਵਾਂ (ਉਦਾਸੀਆਂ) ਕੀਤੀਆਂ। ਧਾਰਮਿਕ, ਸਮਾਜਿਕ ਤੇ ਰਾਜਨੀਤਕ ਪੱਖੋਂ ਸਮਾਜ ਨੂੰ ਜੀਵਨ-ਜਾਚ ਦਾ ਸਹੀ ਰਾਹ ਦੱਸਿਆ। ਵਹਿਮਾਂ-ਭਰਮਾਂ ਦੇ ਹਨੇਰੇ ਵਿਚ ਭਟਕਦੇ ਲੋਕਾਂ ਨੂੰ ਗਿਆਨ ਦੇ ਪ੍ਰਕਾਸ਼ ਰਾਹੀਂ ਜਾਗਰਤ ਕੀਤਾ। ਸਭਨਾਂ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਸਿੱਖ ਧਰਮ ਦੀ ਸਥਾਪਨਾ ਕਰਕੇ 'ਸ਼ਬਦ ਗੁਰੂ' ਦੀ ਸ਼ਕਤੀ ਦਾ ਗਿਆਨ ਬਖ਼ਸ਼ਿਆ। ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਮਹਲਾ ੧' (ਮਹਲਾ ਪਹਿਲਾ) ਦੇ ਸਿਰਲੇਖ ਹੇਠ ਦਰਜ ਹੈ। ਕੁੱਲ 974 ਸ਼ਬਦ, 19 ਰਾਗਾਂ ਵਿਚ ਹਨ।

ਪਵਿੱਤਰ ਨਗਰ ਵਸਾਏ :- ਕਰਤਾਰਪੁਰ ਸਾਹਿਬ (ਪਾਕਿਸਤਾਨ) ਰਾਵੀ ਦੇ ਕੰਢੇ।

ਜੋਤੀ ਜੋਤ :- 22 ਸਤੰਬਰ 1539 ਈ. ਨੂੰ ਕਰਤਾਰਪੁਰ ਵਿਖੇ।

ਕੁਲ ਉਮਰ :- 70 ਸਾਲ, 5 ਮਹੀਨੇ 7 ਦਿਨ

## (ੳ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਦੇਸ਼ ਦੀ ਹਾਲਤ :-

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਭਾਰਤ ਵਿਚ ਧਾਰਮਿਕ, ਸਮਾਜਿਕ, ਰਾਜਨੀਤਕ ਤੇ ਆਰਥਿਕ ਪੱਖ ਤੋਂ ਹਾਲਾਤ ਚੰਗੇ ਨਹੀਂ ਸਨ। ਕਿਸੇ ਸਮਾਜ ਦੀ ਖ਼ੁਸ਼ਹਾਲੀ ਦਾ ਮੁੱਖ ਆਧਾਰ ਇਹਨਾਂ ਪੱਖਾਂ ਨੂੰ ਹੀ ਮੰਨਿਆ ਜਾਂਦਾ ਹੈ। ਧਾਰਮਿਕ ਪੱਧਰ 'ਤੇ ਲੋਕਾਂ ਦਾ ਧਰਮ ਤੇ ਜੀਵਨ, ਸਮਾਜਿਕ ਪੱਧਰ 'ਤੇ ਆਪਸੀ ਸਾਂਝ, ਰਾਜਨੀਤਕ ਪੱਧਰ 'ਤੇ ਰਾਜ ਕਰ ਰਹੇ ਰਾਜ ਦੀਆਂ ਨੀਤੀਆਂ ਤੇ ਆਰਥਿਕ ਪੱਧਰ 'ਤੇ ਲੋਕ ਕਿਸ ਤਰ੍ਹਾਂ ਦਾ ਜੀਵਨ ਜਿਉਂਦੇ ਹਨ। ਅੱਜ ਵੀ ਚੰਗੇ ਸਮਾਜ ਸੰਬੰਧੀ ਜਾਣਨ ਲਈ ਇਹੀ ਪੈਮਾਨਾ ਹੈ। ਹੁਣ ਅਸੀਂ ਉਸ ਸਮੇਂ ਦੀ ਹਾਲਤ ਬਾਰੇ ਵਿਚਾਰ ਕਰਦੇ ਹਾਂ।

### ਰਾਜਨੀਤਕ ਹਾਲਤ :-

ਜੇਕਰ ਦੇਸ਼ ਦੀ ਰਾਜਸੀ ਦਸ਼ਾ ਬਾਰੇ ਜਾਣਨਾ ਹੋਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 1469 ਈ. ਨੂੰ ਹੋਇਆ ਅਤੇ 1468 ਈ. ਨੂੰ ਬਹਿਲੋਲ ਖ਼ਾਂ ਲੋਧੀ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਸਿਕੰਦਰ ਲੋਧੀ ਨੇ 1517 ਈ. ਤੱਕ ਰਾਜ ਕੀਤਾ। ਉਸ ਨੇ ਬੇਅੰਤ ਮੰਦਰ ਤੇ ਦੇਹੁਰੇ ਢਾਹੇ ਅਤੇ ਰੱਜ ਕੇ ਜ਼ੁਲਮ ਕੀਤਾ। ਸਿਕੰਦਰ ਲੋਧੀ ਨੇ ਪੰਜਾਬ ਵਿਚ ਦੌਲਤ ਖ਼ਾਨ ਨੂੰ ਸੁਲਤਾਨਪੁਰ ਦਾ ਨਵਾਬ ਬਣਾ ਕੇ ਭੇਜਿਆ। ਉਧਰ ਸਿਕੰਦਰ ਲੋਧੀ ਦੀ ਮੌਤ ਤੋਂ ਬਾਅਦ ਇਬਰਾਹੀਮ ਲੋਧੀ ਤਖ਼ਤ 'ਤੇ ਬੈਠਾ। ਇਧਰ ਦੌਲਤ ਖ਼ਾਨ ਲੋਧੀ ਨੇ ਆਲਮ ਖ਼ਾਂ ਲੋਧੀ ਨਾਲ ਰਲ ਕੇ ਬਾਬਰ ਨੂੰ ਹਿੰਦੁਸਤਾਨ ਉਪਰ ਹਮਲਾ ਕਰਨ ਲਈ ਸੱਦਾ ਦਿੱਤਾ। ਉਸ ਨੂੰ ਭਰਮ ਸੀ ਕਿ ਬਾਬਰ ਇਬਰਾਹੀਮ ਨੂੰ ਹਾਰ ਦੇ ਕੇ ਲੁੱਟ ਦਾ ਮਾਲ ਲੈ ਕੇ ਵਾਪਸ ਚਲਾ ਜਾਵੇਗਾ ਅਤੇ ਰਾਜ ਭਾਗ ਦਾ ਮਾਲਕ ਉਹ ਬਣ ਜਾਵੇਗਾ। ਗੱਲ ਉਲਟ ਹੋ ਗਈ ਕਿ 1526 ਈ. ਵਿਚ ਇਬਰਾਹੀਮ ਨੂੰ ਹਾਰ ਦੇ ਕੇ ਤਖ਼ਤ ਦਾ ਮਾਲਕ ਬਾਬਰ ਬਣ ਬੈਠਾ ਤੇ ਮੁਗ਼ਲ ਰਾਜ ਸਥਾਪਤ ਹੋ ਗਿਆ। ਬਾਦਸ਼ਾਹ ਦੇ ਅਧੀਨ ਨਵਾਬ, ਹਾਕਮ ਤੇ ਪਿੰਡਾਂ ਦੇ ਚੌਧਰੀ ਲੋਕਾਂ ਉੱਪਰ ਬੁਰਾ ਜ਼ੁਲਮ ਕਰਦੇ ਸਨ। ਕਿਸੇ ਦੀ ਵੀ ਇੱਜ਼ਤ ਤੇ ਜਾਨ ਮਾਲ ਸੁਰੱਖਿਅਤ ਨਹੀਂ ਸੀ। ਹਿੰਦੂ ਪਰਜਾ ਦਾ ਹਾਲ ਬਹੁਤ ਬੁਰਾ ਸੀ, ਕਿਉਂਕਿ ਉਹਨਾਂ ਨੂੰ ਧੱਕੇ ਨਾਲ ਇਸਲਾਮ ਵਿਚ ਲਿਆਉਣਾ, ਧਨ ਮਾਲ ਲੁੱਟਣਾ ਤੇ ਉਹਨਾਂ ਦੀਆਂ ਬਹੂ-ਬੇਟੀਆਂ ਦੀ ਬੇ-ਪਤੀ ਕਰਨੀ ਹਾਕਮ ਲੋਕ ਆਪਣਾ ਹੱਕ ਸਮਝਦੇ ਸਨ।

ਉਸ ਸਮੇਂ ਦੀ ਰਾਜਸੀ ਹਾਲਤ ਦਾ ਸਭ ਤੋਂ ਸਪੱਸ਼ਟ ਹਵਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੀ ਮਿਲਦਾ ਹੈ। ਗੁਰੂ ਜੀ ਅਨੁਸਾਰ ਉਸ ਵੇਲੇ ਦਾ ਸਮਾਂ ਕਾਲੀ ਰਾਤ ਵਾਂਗ ਸੀ, ਹੱਥ ਵਿਚ ਛੁਰੀ ਲਈ ਰਾਜੇ ਕਸਾਈ ਬਣੇ ਹੋਏ ਸਨ ਅਤੇ ਧਰਮ ਤੇ ਫ਼ਰਜ਼ ਤਾਂ ਜਾਣੋ ਖੰਭ ਲਾ ਕੇ ਉੱਡ ਗਿਆ ਸੀ। ਇਉਂ ਸਮਝੋ ਕਿ ਕੂੜ (ਝੂਠ) ਦੀ ਹਨੇਰੀ, ਅਮਾਵਸ (ਮੱਸਿਆ) ਵਰਗੀ ਜ਼ੁਲਮੀ ਰਾਤ ਸੀ। ਇਸ ਸਮੇਂ ਸੱਚ ਰੂਪੀ ਚੰਦਰਮਾ ਜੋ ਪ੍ਰਕਾਸ਼ ਕਰਕੇ

ਇਸ ਹਨੇਰੇ ਨੂੰ ਦੂਰ ਕਰ ਸਕੇ, ਕਿਤੇ ਨਜ਼ਰ ਨਹੀਂ ਆ ਰਿਹਾ ਸੀ। ਫ਼ੁਰਮਾਨ ਹੈ :

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*

(ਪੰਨਾ ੧੪੫)

ਧਾਰਮਿਕ ਹਾਲਤ :

ਉਸ ਸਮੇਂ ਮੁਸਲਮਾਨ ਲੋਕ ਰਾਜ ਦੇ ਹੰਕਾਰ ਵਿਚ ਸਨ ਅਤੇ ਹਿੰਦੂ ਲੋਕ ਬਿਲਕੁਲ ਹੀ ਗ਼ੁਲਾਮੀ ਵਿਚ ਦੱਬੇ ਹੋਏ ਸਨ। ਦੋਨੋਂ ਇਕ ਦੂਜੇ ਨੂੰ ਨਫ਼ਰਤ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਧਾਰਮਿਕ ਹਾਲਾਤ ਦਾ ਵਰਣਨ ਬਹੁਤ ਸੁੰਦਰ ਸ਼ਬਦਾਂ ਵਿਚ ਕੀਤਾ ਹੈ। ਉਸ ਸਮੇਂ ਧਰਮ ਤਿੰਨਾਂ ਲੋਕਾਂ ਦੇ ਹੱਥ ਵਿਚ ਸੀ, ''ਇਕ ਕਾਜ਼ੀ, ਦੂਜੇ ਬ੍ਰਾਹਮਣ, ਤੀਜੇ ਜੋਗੀ।'' ਹੈਰਾਨੀ ਇਸ ਗੱਲ ਦੀ ਕਿ ਤਿੰਨੇ ਹੀ ਆਪਣੇ-ਆਪਣੇ ਧਰਮ ਨੂੰ ਛੱਡ ਚੁੱਕੇ ਸਨ ਤੇ ਧਰਮ ਦੀ ਤਬਾਹੀ ਦਾ ਕਾਰਨ ਬਣ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਲਿਖਿਆ ਹੈ :

*ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥*

(ਪੰਨਾ ੬੬੨)

ਕਾਜ਼ੀ ਵੱਢੀ ਲੈ ਕੇ ਝੂਠੇ ਫ਼ਤਵੇ ਦਿੰਦਾ ਸੀ ਅਤੇ ਕੁਰਾਨ ਦੇ ਗ਼ਲਤ ਅਰਥ ਕਰ ਕੇ ਬਾਦਸ਼ਾਹ ਨੂੰ ਕੁਰਾਹੇ ਪਾਉਂਦਾ ਸੀ। ਬ੍ਰਾਹਮਣ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਅਤੇ ਅਨੇਕ ਪ੍ਰਕਾਰ ਦੇ ਫੋਕਟ ਕਰਮ ਕਾਂਡ ਦੱਸ ਕੇ ਲੁੱਟ ਰਿਹਾ ਸੀ। ਤੀਜੇ ਜੋਗੀ ਜਿਹਨਾਂ ਪਾਸ ਜੁਗਤੀ ਕੋਈ ਨਹੀਂ ਸੀ, ਸੰਸਾਰ ਤਿਆਗ ਕੇ ਜੰਗਲਾਂ ਤੇ ਪਹਾੜਾਂ ਨੂੰ ਚਲੇ ਗਏ। ਇਹ ਤਿੰਨੇ ਫਿਰਕੇ ਜਿਨ੍ਹਾਂ ਨੇ ਲੋਕਾਂ ਨੂੰ ਧਰਮੀ ਜੀਵਨ ਜੀਉਣ ਦਾ ਢੰਗ ਦੱਸਣਾ ਸੀ, ਇਹ ਆਪੋ ਆਪਣੇ ਫ਼ਰਜ਼ਾਂ ਦੀ ਪਾਲਣਾ ਨਹੀਂ ਕਰ ਰਹੇ ਸਨ।

ਸਮਾਜਿਕ ਹਾਲਤ :

ਜੇਕਰ ਰਾਜਨੀਤਕ ਤੇ ਧਾਰਮਿਕ ਹਾਲਤ ਚੰਗੇ ਨਹੀਂ ਸਨ ਤਾਂ ਸਮਾਜਿਕ ਹਾਲਤ ਵੀ ਨਿੱਘਰ ਚੁੱਕੀ ਸੀ। ਸਮਾਜ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ, 'ਇਕ ਹਿੰਦੂ ਤੇ ਦੂਜੇ ਮੁਸਲਮਾਨ। ਇਹ ਇਕ ਦੂਜੇ ਨੂੰ ਨਫ਼ਰਤ ਤਾਂ ਕਰਦੇ ਹੀ ਸਨ, ਪਰ ਅੱਗੋਂ ਆਪ ਵੀ ਕਈ ਹਿੱਸਿਆਂ ਵਿਚ ਵੰਡੇ ਹੋਏ ਸਨ। ਹਿੰਦੂ ਧਰਮ ਦੇ ਚਾਰ ਵਰਨ ਸਨ-'ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ।' ਸ਼ੂਦਰ ਦੀ ਹਾਲਤ ਤਰਸਯੋਗ ਸੀ। ਆਮ ਲੋਕਾਂ ਵੱਲੋਂ ਤਾਂ ਇਸਤਰੀ ਨਾਲ ਵੀ ਚੰਗਾ ਵਿਹਾਰ ਨਹੀਂ ਕੀਤਾ ਜਾਂਦਾ ਸੀ। ਇਸੇ ਤਰ੍ਹਾਂ ਮੁਸਲਮਾਨ ਵੀ ਅੱਗੇ ਕਈ ਫਿਰਕਿਆਂ ਵਿਚ ਵੰਡੇ ਹੋਏ ਸਨ। ਉਹਨਾਂ ਦੇ ਹੱਥ ਰਾਜ ਭਾਗ ਹੋਣ ਕਰ ਕੇ ਹਿੰਦੂ

ਧਰਮ ਦੇ ਲੋਕਾਂ ਨਾਲ ਬੁਰਾ ਵਰਤਾਓ ਹੁੰਦਾ ਸੀ। ਜਾਤ ਪਾਤ, ਊਚ ਨੀਚ ਦਾ ਭੇਦ ਭਾਵ ਮੰਨਣ ਵਾਲਾ ਕੋਈ ਵੀ ਸਮਾਜ ਕਦੇ ਚੰਗਾ ਨਹੀਂ ਹੋ ਸਕਦਾ।

ਆਰਥਿਕ ਹਾਲਤ :

ਮੁਸਲਮਾਨ ਹਾਕਮ ਹੋਣ ਕਰਕੇ ਲੋਕਾਂ ਨੂੰ ਲੁੱਟਦਾ ਸੀ। ਲੋਕ ਜਾਂ ਤਾਂ ਬਹੁਤ ਅਮੀਰ ਸਨ ਤੇ ਜਾਂ ਬਹੁਤ ਗ਼ਰੀਬ ਸਨ। ਕੋਈ ਕੋਈ ਹਿੰਦੂ ਵੀ ਅਮੀਰ ਸਨ। ਅਮੀਰ ਹਿੰਦੂ ਤੇ ਮੁਸਲਮਾਨ ਹਾਕਮ ਵਿਚ ਬਹੁਤਾ ਫ਼ਰਕ ਨਹੀਂ ਸੀ। ਸਰਲ ਸ਼ਬਦਾਂ ਵਿਚ ਕੋਈ ਮਲਕ ਭਾਗੋ ਸੀ ਤੇ ਕੋਈ ਗ਼ਰੀਬ ਲਾਲੋ ਸੀ। ਬਹੁਤੇ ਲੋਕਾਂ ਦਾ ਧੰਦਾ ਖੇਤੀਬਾੜੀ ਸੀ। ਵਪਾਰਕ ਪੱਖੋਂ ਕਈਆਂ ਨੇ ਪਿੰਡਾਂ ਸ਼ਹਿਰਾਂ ਵਿਚ ਛੋਟੀਆਂ-ਛੋਟੀਆਂ ਹੱਟੀਆਂ ਪਾਈਆਂ ਹੋਈਆਂ ਸਨ। ਬਹੁ ਗਿਣਤੀ ਜਨਤਾ ਮਾੜੀ ਆਰਥਿਕ ਹਾਲਤ ਕਰਕੇ ਹਾਕਮ ਦਾ ਹਰ ਰੋਹਬ ਸਹਾਰਦੀ ਸੀ।

(ਅ) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼, ਵਿੱਦਿਆ ਤੇ ਬਾਲ ਲੀਲ੍ਹਾ :-

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਇਸ ਦੇਸ਼ ਦੀ ਹਰ ਪੱਖੋਂ ਹੀ ਤਰਸਯੋਗ ਹਾਲਤ ਸੀ। ਗੁਰੂ ਜੀ ਦੇ ਪ੍ਰਕਾਸ਼ ਸੰਬੰਧੀ ਭਾਈ ਗੁਰਦਾਸ ਜੀ ਨੇ ਇਉਂ ਬਿਆਨ ਕੀਤਾ ਹੈ :

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।*

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 15 ਅਪ੍ਰੈਲ 1469 ਈ. ਨੂੰ ਰਾਇ ਭੋਇ ਦੀ ਤਲਵੰਡੀ (ਹੁਣ ਪਾਕਿਸਤਾਨ) ਵਿਖੇ ਪਿਤਾ ਸ੍ਰੀ ਕਲਿਆਣ ਦਾਸ ਦੇ ਗ੍ਰਹਿ, ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਬੇਦੀ ਕੁਲ ਵਿਚ ਹੋਇਆ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਸਥਾਨ ਹੋਣ ਕਰ ਕੇ ਰਾਇ ਭੋਇ ਦੀ ਤਲਵੰਡੀ ਦਾ ਨਾਮ ਬਾਅਦ ਵਿਚ 'ਨਨਕਾਣਾ ਸਾਹਿਬ' ਹੋ ਗਿਆ। ਇਹ ਨਗਰ ਲਾਹੌਰ ਤੋਂ 48 ਮੀਲ ਪੱਛਮ ਵੱਲ ਜ਼ਿਲ੍ਹਾ ਸ਼ੇਖੂਪੁਰਾ ਵਿਚ ਹੈ।

ਆਪ ਜੀ ਦੀ ਭੈਣ ਦਾ ਨਾਮ ਬੀਬੀ ਨਾਨਕੀ ਸੀ। ਬੀਬੀ ਨਾਨਕੀ ਦਾ ਜਨਮ ਸੰਨ 1464 ਈ. ਵਿਚ ਨਾਨਕੇ ਘਰ ਪਿੰਡ ਚਾਹਲ ਤਹਿਸੀਲ ਲਾਹੌਰ ਵਿਖੇ ਹੋਇਆ। ਸਮੇਂ ਦੀ ਲੋਕ ਰੀਤੀ ਅਨੁਸਾਰ ਭਰਾ ਦਾ ਨਾਮ ਵੀ ਭੈਣ ਦੇ ਨਾਮ ਨਾਨਕੀ ਜੀ ਤੋਂ 'ਨਾਨਕ' ਰੱਖਿਆ ਗਿਆ। ਉਂਜ ਗੁਰੂ ਜੀ ਦੇ ਦੀਦਾਰ 'ਚੋਂ ਪ੍ਰਮਾਤਮਾ ਦੀ ਜੋਤ ਨੂੰ ਵੇਖਣ ਵਾਲੀ ਪਹਿਲੀ ਸਿੱਖ, ਬੀਬੀ ਨਾਨਕੀ ਜੀ ਨੂੰ ਹੀ ਮੰਨਿਆ ਜਾਂਦਾ ਹੈ।

ਗੁਰੂ ਜੀ ਦਾ ਬਚਪਨ ਸਧਾਰਨ ਬਾਲਕਾਂ ਦੀ ਤਰ੍ਹਾਂ ਨਹੀਂ ਸੀ, ਸਗੋਂ ਵਿਸ਼ੇਸ਼ ਸੀ। ਉਹਨਾਂ ਪਾਸ ਰੱਬੀ ਗਿਆਨ ਦੀ ਦਾਤ ਸੀ। ਗੁਰੂ ਜੀ ਨੂੰ ਗੋਪਾਲ ਦਾਸ ਪਾਂਧੇ ਪਾਸ ਪੜ੍ਹਨ ਲਈ ਭੇਜਿਆ। ਆਪ ਪੰਡਿਤ ਬ੍ਰਿਜ ਲਾਲ ਤੇ ਮੌਲਵੀ ਕੁਤਬਦੀਨ ਪਾਸੋਂ ਵੀ ਪੜ੍ਹੇ, ਪਰ ਉਹਨਾਂ ਜੋ ਵੀ ਪੜ੍ਹਾਇਆ ਆਪ ਨੇ ਬਹੁਤ ਜਲਦੀ ਯਾਦ ਕਰ ਲਿਆ। ਹੁਣ ਗੁਰੂ ਜੀ ਦੇ ਬਹੁਤ ਸਾਰੇ ਸਵਾਲ ਉਹ ਸਨ ਜੋ ਕਿਸੇ ਵਿਦਿਆਰਥੀ ਨੇ ਕਦੇ ਵੀ ਉਸਤਾਦਾਂ ਨੂੰ ਨਹੀਂ

ਕੀਤੇ ਸਨ। ਜਿਵੇਂ ਪਾਂਧੇ ਨੇ ਪੱਟੀ ਉੱਪਰ 'ਓਮ' ਅੱਖਰ ਲਿਖਿਆ ਤਾਂ ਨਾਨਕ ਜੀ ਨੇ ਭਾਵ ਅਰਥ ਪੁੱਛ ਲਿਆ। ਗੁਰੂ ਜੀ ਦੇ ਸਵਾਲ ਏਨੇ ਗੰਭੀਰ ਹੁੰਦੇ ਸਨ ਕਿ ਉਸਤਾਦਾਂ ਨੂੰ ਹੈਰਾਨ ਕਰ ਗਏ। ਗੁਰੂ ਜੀ ਪਾਸ ਰਾਗ ਵਿੱਦਿਆ ਤੇ ਕਾਵਿ (ਕਵਿਤਾ) ਵਿੱਦਿਆ ਰੱਬੀ ਦਾਤ ਸੀ। ਇਸੇ ਲਈ ਦੈਵੀ ਪ੍ਰਕਾਸ਼ ਦੇ ਦਰਸ਼ਨ ਉਹਨਾਂ ਦੀ ਬਾਣੀ 'ਚੋਂ ਹੁੰਦੇ ਹਨ।

ਇਸੇ ਤਰ੍ਹਾਂ ਗੁਰੂ ਜੀ ਦੀ ਬਾਲ ਲੀਲ੍ਹਾ ਬਾਰੇ ਬਹੁਤ ਸਾਰੀਆਂ ਸਾਖੀਆਂ ਹਨ। ਇਕ ਦਿਨ ਮੱਝਾਂ ਚਾਰਨ ਗਏ ਤਾਂ ਸੁਰਤ ਕਰਤਾਰ ਵਿਚ ਜੁੜ ਗਈ। ਮੱਝਾਂ ਨੇ ਜੱਟ ਦੀ ਫ਼ਸਲ ਉਜਾੜ ਦਿੱਤੀ। ਖੇਤੀ ਵਾਲੇ ਨੇ ਰਾਇ ਬੁਲਾਰ ਪਾਸ ਸ਼ਿਕਾਇਤ ਕੀਤੀ। ਜਦ ਖੇਤ ਜਾ ਕੇ ਦੇਖਿਆ ਤਾਂ ਫ਼ਸਲ ਲਹਿਰਾ ਰਹੀ ਸੀ। ਰਾਇ ਬੁਲਾਰ ਤੇ ਜ਼ਿਮੀਂਦਾਰ ਗੁਰੂ ਜੀ ਦੇ ਰੱਬੀ ਰੂਪ ਤੋਂ ਬਹੁਤ ਪ੍ਰਭਾਵਤ ਹੋਏ। ਇਸੇ ਤਰ੍ਹਾਂ ਜਦ ਇਕ ਸੱਪ ਨੇ ਗੁਰੂ ਜੀ ਦੇ ਮੁੱਖ ਉੱਪਰ ਛਾਂ ਕੀਤੀ ਤਾਂ ਇਲਾਕੇ ਵਿਚ ਚਰਚਾ ਹੋਈ। ਜੇਕਰ ਤੱਤ ਰੂਪ ਵਿਚ ਜਾਈਏ ਤਾਂ ਸੰਸਾਰ ਵਿਚ ਸੱਪ ਦੀ ਬਿਰਤੀ ਵਾਲੇ ਹੰਕਾਰੀ ਤੇ ਜ਼ਹਿਰੀਲੇ ਲੋਕ ਵੀ ਗੁਰੂ ਜੀ ਦੇ ਦਰਸ਼ਨ ਕਰ ਕੇ ਨਿਮਰਤਾ ਵਾਲੇ ਹੋ ਗਏ।

ਜਦ ਗੁਰੂ ਜੀ ਨੌਂ ਸਾਲਾਂ ਦੇ ਹੋਏ ਤਾਂ ਬੇਦੀ ਕੁਲ ਦੀ ਰਸਮ ਅਨੁਸਾਰ ਜੰਞੂ ਪਾਉਣ ਦਾ ਸਮਾਂ ਆਇਆ। ਗੁਰੂ ਜੀ ਨੇ ਪੰਡਿਤ ਹਰਦਿਆਲ ਜੀ ਨੂੰ ਪੁੱਛਿਆ, 'ਇਹ ਧਾਗਾ ਕੀ ਹੈ ਅਤੇ ਇਸ ਦੇ ਪਾਉਣ ਨਾਲ ਲਾਭ ਕੀ ਹੋਵੇਗਾ ?' ਜਦ ਪੰਡਿਤ ਜੀ ਸਹੀ ਉੱਤਰ ਨਾ ਦੇ ਸਕੇ ਤਾਂ ਗੁਰੂ ਜੀ ਨੇ ਜੁੜ ਬੈਠੇ ਸਮਾਜ ਨੂੰ ਗੁਣਾਂ ਦਾ ਜਨੇਊ ਪਾਉਣ ਦੀ ਤਾਗੀਦ ਕੀਤੀ। ਭਰੀ ਸੰਗਤ ਵਿਚ ਗੁਰੂ ਜੀ ਦਾ ਧਰਮ ਪ੍ਰਚਾਰ ਤਾਂ ਇਥੋਂ ਹੀ ਸ਼ੁਰੂ ਹੋ ਜਾਂਦਾ ਹੈ। ਅਸੀਂ ਰੋਜ਼ਾਨਾ 'ਆਸਾ ਕੀ ਵਾਰ' ਵਿਚੋਂ ਸ਼ਬਦ ਸੁਣਦੇ ਹਾਂ :

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*

(ਪੰਨਾ ੪੭੧)

ਬਾਲ ਲੀਲ੍ਹਾ ਵਿਚ ਹੀ ਵੈਦ ਦੀ ਸਾਖੀ ਆਉਂਦੀ ਹੈ, ਜਦ ਗੁਰੂ ਜੀ ਰੱਬੀ ਸਿਮਰਨ ਵਿਚ ਜੁੜ ਜਾਂਦੇ ਤਾਂ ਲੰਬਾ ਸਮਾਂ ਕੁਝ ਖਾਂਦੇ ਪੀਂਦੇ ਨਹੀਂ ਸਨ। ਮਾਪੇ ਆਪਣੇ ਇਕਲੌਤੇ ਪੁੱਤਰ ਸੰਬੰਧੀ ਚਿੰਤਾ ਕਰਨ ਲੱਗੇ। ਜਦ ਇਕ ਪ੍ਰਸਿੱਧ ਵੈਦ ਬੁਲਾਇਆ ਤਾਂ ਗੁਰੂ ਜੀ ਨੇ ਕਿਹਾ ਕਿ ਤੁਹਾਨੂੰ ਮੇਰੇ ਦੁੱਖ ਦੀ ਖ਼ਬਰ ਨਹੀਂ ਹੈ। ਦਰਅਸਲ ਮਨੁੱਖ ਦਾ ਪ੍ਰਭੂ ਤੋਂ ਵਿਛੋੜਾ ਵੱਡਾ ਦੁੱਖ ਹੈ ਤੇ ਪਰਮਾਤਮਾ ਦਾ ਨਾਮ ਵਿਸਾਰ ਕੇ ਜਦ ਬੰਦਾ ਵਿਸ਼ੇ ਵਿਕਾਰਾਂ ਵਿਚ ਲੱਗ ਜਾਂਦਾ ਹੈ ਤਾਂ ਤਨ ਮਨ ਰੋਗੀ ਹੋ ਜਾਂਦਾ ਹੈ। ਸੱਚਾ ਨਾਮ ਜਪਣ ਨਾਲ ਮਨੁੱਖ ਦੇ ਰੋਗ ਦੂਰ ਹੋ ਜਾਂਦੇ ਹਨ। ਇਹ ਸੁਣ ਕੇ ਵੈਦ ਪੁਕਾਰ ਉਠਿਆ ਕਿ ਨਾਨਕ ਤਾਂ ਸੰਸਾਰ ਦੇ ਰੋਗ ਦੂਰ ਕਰਨ ਵਾਲਾ ਹੈ।

ਫਿਰ ਗੁਰੂ ਜੀ ਦੇ ਪਿਤਾ ਜੀ ਨੇ ਕਿਹਾ ਕਿ ਨਾਨਕ ! ਕੋਈ ਕੰਮ ਕਾਰ ਕਰਕੇ ਧਨ

ਕਮਾਉਣਾ ਸਿਖੋ ਅਤੇ ਉਹਨਾਂ ਕੁਝ ਰੁਪਏ ਦੇ ਕੇ ਨਫ਼ੇ ਵਾਲਾ ਸੌਦਾ ਕਰਨ ਲਈ ਗੁਰੂ ਜੀ ਨੂੰ ਤੋਰਿਆ। ਚੂਹੜਕਾਣੇ ਵੱਲ ਜਾਂਦਿਆਂ ਰਸਤੇ ਵਿਚ ਗੁਰੂ ਜੀ ਨੂੰ ਭਜਨ ਬੰਦਗੀ ਵਾਲੇ ਭੁੱਖੇ ਸਾਧੂ ਮਿਲੇ। ਗੁਰੂ ਜੀ ਨੇ ਰਸਦ ਲਿਆ ਕੇ ਉਹਨਾਂ ਨੂੰ ਭੋਜਨ ਛਕਾਇਆ। ਇਸ ਨੂੰ 'ਸੱਚਾ ਸੌਦਾ' ਕਿਹਾ ਜਾਂਦਾ ਹੈ। ਇਹ ਸੱਚਾ ਸੌਦਾ ਹੀ ਗੁਰੂ ਘਰ ਦੀ ਲੰਗਰ ਪ੍ਰਥਾ ਦਾ ਆਧਾਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਦੇ ਅਨੇਕ ਕੌਤਕਾਂ ਕਰਕੇ ਹੀ ਗੁਰੂ ਜੀ ਦੀ ਮਹਿਮਾ ਦੂਰ-ਦੂਰ ਤੱਕ ਹੋਣ ਲੱਗ ਪਈ।

(ੲ) <u>ਗੁਰੂ ਜੀ ਦਾ ਵਿਆਹ, ਸੁਲਤਾਨਪੁਰ ਮੋਦੀਖ਼ਾਨਾ ਤੇ ਵੇਈਂ ਉਪਦੇਸ਼ :</u>

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ 18 ਸਾਲਾਂ ਦੇ ਹੋਏ ਤਾਂ ਆਪ ਜੀ ਦਾ ਵਿਆਹ ਬਟਾਲਾ ਦੇ ਵਾਸੀ ਸ੍ਰੀ ਮੂਲ ਚੰਦ ਚੋਣਾ ਜੀ ਦੀ ਸਪੁੱਤਰੀ ਸੁਲੱਖਣੀ ਜੀ ਨਾਲ 1487 ਈ. ਨੂੰ ਹੋਇਆ। ਗੁਰੂ ਜੀ ਦੇ ਘਰ ਸ੍ਰੀ ਚੰਦ ਅਤੇ ਲਖਮੀ ਦਾਸ ਦੋ ਸਪੁੱਤਰਾਂ ਦਾ ਜਨਮ ਹੋਇਆ। ਇਸ ਤਰ੍ਹਾਂ ਗੁਰੂ ਜੀ ਨੇ ਸਿੱਖ ਧਰਮ ਵਿਚ 'ਗ੍ਰਿਹਸਤ ਮਹਿ ਉਦਾਸ' ਭਾਵ ਪ੍ਰਭੂ ਭਗਤੀ ਵਿਚ ਲੀਨ ਰਹਿ ਕੇ ਸੰਸਾਰੀ ਮਾਇਆ ਤੋਂ ਨਿਰਲੇਪ ਰਹਿਣ ਦੇ ਪੂਰਨੇ ਪਾਏ। ਇਸਤਰੀ, ਪੁੱਤਰ ਤੇ ਪਰਿਵਾਰ ਦੇ ਹੁੰਦਿਆਂ ਸੁਰਤੀ ਪਰਮਾਤਮਾ ਦੇ ਨਾਮ ਵਿਚ ਰੱਖੀ ਜਿਵੇਂ ਕੰਵਲ ਪਾਣੀ ਵਿਚ ਨਿਰਲੇਪ ਰਹਿੰਦਾ ਹੈ।

ਸੁਲਤਾਨਪੁਰ ਮੋਦੀਖ਼ਾਨਾ :

ਜੇਕਰ ਰਾਇ ਭੋਇ ਦੀ ਤਲਵੰਡੀ ਨੂੰ ਇਹ ਸੁਭਾਗ ਪ੍ਰਾਪਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਕਈ ਸਾਲ ਉਥੇ ਬਤੀਤ ਕੀਤੇ ਤਾਂ ਸੁਲਤਾਨਪੁਰ ਲੋਧੀ ਨੂੰ ਵੀ ਇਹ ਮਾਣ ਹੈ ਕਿ ਗੁਰੂ ਜੀ ਨੇ ਕਾਫੀ ਸਮਾਂ ਇਥੇ ਵੀ ਗੁਜ਼ਾਰਿਆ। ਗੁਰੂ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਸੁਲਤਾਨਪੁਰ ਵਿਖੇ ਦੌਲਤ ਖ਼ਾਨ ਲੋਧੀ ਦੇ ਦੀਵਾਨ ਭਾਈ ਜੈ ਰਾਮ ਜੀ ਨਾਲ ਵਿਆਹੇ ਹੋਏ ਸਨ।

ਇਕ ਵਾਰ ਭਾਈ ਜੈ ਰਾਮ ਜੀ ਤਲਵੰਡੀ ਆਏ ਤਾਂ ਮਹਿਤਾ ਕਾਲੂ ਜੀ ਨੇ ਉਹਨਾਂ ਨਾਲ ਗੁਰੂ ਨਾਨਕ ਦੇਵ ਜੀ ਦੇ ਕੰਮ ਧੰਦੇ ਬਾਰੇ ਜ਼ਿਕਰ ਕੀਤਾ ਅਤੇ ਕਿਹਾ ਕਿ ਨਾਨਕ ਨੂੰ ਸੁਲਤਾਨਪੁਰ ਹੀ ਲੈ ਜਾਉ। ਭਾਈ ਜੈ ਰਾਮ ਜੀ ਨੇ ਗੁਰੂ ਨਾਨਕ ਜੀ ਨੂੰ ਦੌਲਤ ਖ਼ਾਂ ਲੋਧੀ ਪਾਸ ਮੋਦੀ ਰਖਵਾ ਦਿੱਤਾ, ਕਿਉਂਕਿ ਉਹਨਾਂ ਦਿਨਾਂ ਵਿਚ ਕਿਸਾਨਾਂ ਕੋਲੋਂ ਮਾਮਲਾ ਨਗਦ ਨਹੀਂ ਲਿਆ ਜਾਂਦਾ ਸੀ। ਇਹ ਮਾਮਲਾ ਕਣਕ, ਛੋਲੇ, ਮੱਕੀ, ਬਾਜਰਾ ਆਦਿ ਜਿਨਸਾਂ ਦੇ ਰੂਪ ਵਿਚ ਲਿਆ ਜਾਂਦਾ ਸੀ ਅਤੇ ਮੋਦੀਖ਼ਾਨੇ (ਗੁਦਾਮਾਂ) ਵਿਚ ਰੱਖਿਆ ਜਾਂਦਾ ਸੀ। ਇਥੋਂ ਹੀ ਸਰਕਾਰੀ ਕਰਮਚਾਰੀਆਂ ਤੇ ਸੈਨਿਕਾਂ ਆਦਿ ਨੂੰ ਜਿਨਸ ਦਿੱਤੀ ਜਾਂਦੀ ਸੀ ਅਤੇ ਆਮ ਲੋਕਾਂ ਨੂੰ ਜਿਨਸ ਵੇਚੀ ਜਾਂਦੀ ਸੀ। ਇਸ ਲਈ ਮੋਦੀ ਦਾ ਕੰਮ ਬਹੁਤ ਜ਼ਿੰਮੇਵਾਰੀ ਵਾਲਾ ਹੁੰਦਾ ਸੀ।

ਗੁਰੂ ਜੀ ਅਰਬੀ, ਫ਼ਾਰਸੀ ਤੇ ਹਰ ਵਿੱਦਿਆ ਤੋਂ ਜਾਣੂੰ ਸਨ। ਇਸ ਤਰ੍ਹਾਂ ਉਹਨਾਂ ਨੇ

ਹਰ ਕੰਮ ਨੂੰ ਛੇਤੀ ਹੀ ਸਮਝ ਲਿਆ। ਦੌਲਤ ਖ਼ਾਨ ਗੁਰੂ ਜੀ ਤੋਂ ਬਹੁਤ ਪ੍ਰਭਾਵਤ ਹੋਇਆ। ਗੁਰੂ ਜੀ ਨੇ ਕੁਝ ਚਿਰ ਪਿੱਛੋਂ ਮਰਦਾਨਾ ਜੀ ਨੂੰ ਭੇਜ ਕੇ ਮਾਤਾ ਸੁਲੱਖਣੀ ਅਤੇ ਬੱਚਿਆਂ ਨੂੰ ਵੀ ਸੁਲਤਾਨਪੁਰ ਮੰਗਵਾ ਲਿਆ।

'ਭਾਈ ਮਰਦਾਨਾ' ਜੀ ਜਿਨ੍ਹਾਂ ਦਾ ਤਲਵੰਡੀ ਤੋਂ ਹੀ ਗੁਰੂ ਜੀ ਨਾਲ ਮਿਲਾਪ ਹੋਇਆ ਸੀ। ਇਕ ਦਿਨ ਉਹਨਾਂ ਨੂੰ ਗੁਰੂ ਬਾਬੇ ਨੇ ਰਬਾਬ ਵਜਾਉਂਦੇ ਸੁਣ ਲਿਆ ਤਾਂ ਜਾ ਕੇ ਪੁੱਛਿਆ, 'ਭਾਈ ਤੇਰਾ ਨਾਉਂ ਕਿਆ ?'

ਰਬਾਬੀ ਨੇ ਕਿਹਾ, 'ਦਾਨਾ ਮਿਰਾਸੀ।' ਗੁਰੂ ਜੀ ਨੇ ਕਿਹਾ, 'ਦਾਨਿਆਂ ! ਹੁਣ ਤੂੰ ਮਰਦਾਨਾ (ਸੂਰਮਾ) ਹੋ ਤੇ ਸ਼ਬਦ ਤੇ ਰਾਗ ਦੇ ਮਿਲਾਪ ਨਾਲ ਆਪਾਂ ਪਰਮਾਤਮਾ ਤੋਂ ਟੁੱਟੇ ਹੋਏ ਲੋਕਾਂ ਨੂੰ ਜੋੜੀਏ। ਭਾਈ ਮਰਦਾਨਾ ਜੀ ਗੁਰੂ ਜੀ ਤੋਂ ਦਸ ਸਾਲ ਉਮਰ ਵਿਚ ਵੱਡੇ ਸਨ ਜੋ ਅੰਤ ਸਮੇਂ ਤੱਕ ਗੁਰੂ ਜੀ ਦੇ ਨਾਲ ਹੀ ਰਹੇ।

ਸੁਲਤਾਨਪੁਰ ਵਿਖੇ ਗੁਰੂ ਜੀ ਪਿਛਲੀ ਰਾਤ ਭਾਵ ਅੰਮ੍ਰਿਤ ਵੇਲੇ ਜਾਗਦੇ ਅਤੇ ਇਸ਼ਨਾਨ ਕਰਨ ਲਈ ਵੇਈਂ 'ਤੇ ਚਲੇ ਜਾਂਦੇ ਸਨ। ਵੇਈਂ ਕੰਢੇ ਹੀ ਕੀਰਤਨ ਭਾਵ ਪਰਮਾਤਮਾ ਦੀ ਸਿਫਤੀ ਹੁੰਦੀ। ਫਿਰ ਆਪਣੇ ਮੋਦੀਖ਼ਾਨੇ ਵਿਚ ਕੰਮ ਕਾਰ ਆਰੰਭ ਕਰ ਦਿੰਦੇ। ਇਕ ਦਿਨ ਪ੍ਰਭੂ ਦੇ ਭਗਤੀ ਰਸ ਵਿਚ ਲੀਨ ਹੋਏ ਤੇਰਾਂ ਦੀ ਗਿਣਤੀ ਕਰਦੇ-ਕਰਦੇ ਤੇਰਾਂ ਤੇਰਾਂ ਦੀ ਧੁਨੀ ਵਿਚ ਮਗਨ ਹੋ ਗਏ। ਹੱਥਾਂ ਨਾਲ ਕਿਰਤ ਵੀ ਕਰੀ ਗਏ, ਪਰ ਨਾਮ ਵਿਚ ਲੀਨ ਰਹੇ। ਹੁਣ ਜੇ ਤੋਲਣ ਵਾਲੇ ਗੁਰੂ ਨਾਨਕ ਪਾਤਸ਼ਾਹ ਹੋਣ ਤਾਂ ਮੋਦੀਖ਼ਾਨੇ ਵਿਚ ਕਮੀ ਨਹੀਂ ਆਉਂਦੀ, ਕਿਉਂਕਿ ਲੋੜਵੰਦਾਂ ਨੂੰ ਤਾਂ ਉਹ ਆਪਣੀ ਕਮਾਈ ਵਿਚੋਂ ਮਦਦ ਦਿੰਦੇ ਸਨ। ਇਸੇ ਲਈ ਜਦ ਮੋਦੀਖ਼ਾਨੇ ਦਾ ਹਿਸਾਬ ਹੋਇਆ ਤਾਂ ਗੁਰੂ ਜੀ ਦੀ ਰਕਮ ਵਧ ਗਈ।

ਇਸੇ ਤਰ੍ਹਾਂ ਰੋਜ਼ਾਨਾ ਦੇ ਨੇਮ ਅਨੁਸਾਰ ਇਕ ਦਿਨ ਜਦ ਗੁਰੂ ਜੀ ਅੰਮ੍ਰਿਤ ਵੇਲੇ ਵੇਈਂ ਨਦੀ 'ਤੇ ਇਸ਼ਨਾਨ ਲਈ ਗਏ ਤਾਂ ਇਤਿਹਾਸਕ ਸਾਖੀਆਂ ਅਨੁਸਾਰ ਤਿੰਨ ਦਿਨ ਅਲੋਪ ਰਹੇ। ਲੋਕਾਂ ਵਿਚ ਕਈ ਪ੍ਰਕਾਰ ਦੀ ਚਰਚਾ ਹੋਈ। ਕਈ ਤਾਂ ਬੇਬੇ ਨਾਨਕੀ ਜੀ ਨੂੰ ਕਹਿੰਦੇ ਕਿ ਤੇਰਾ ਵੀਰ ਨਦੀ ਵਿਚ ਡੁੱਬ ਗਿਆ ਹੈ। ਅੱਗੋਂ ਭੈਣ ਨਾਨਕੀ ਕਹਿੰਦੀ ਕਿ ਮੇਰਾ ਵੀਰ ਡੁੱਬਣ ਵਾਲਾ ਨਹੀਂ ਸਗੋਂ ਡੁੱਬਿਆਂ ਨੂੰ ਤਾਰਨ ਵਾਲਾ ਹੈ। ਜਦ ਤੀਜੇ ਦਿਨ ਗੁਰੂ ਜੀ ਪ੍ਰਗਟ ਹੋਏ ਤਾਂ ਪਹਿਲਾ ਬਚਨ ਕੀਤਾ-'ਨਾ ਕੋ ਹਿੰਦੂ ਨਾ ਮੁਸਲਮਾਨ।'

ਇਹ ਸੁਣ ਕੇ ਦੋਹਾਂ ਧਰਮਾਂ ਦੇ ਲੋਕਾਂ ਵੱਲੋਂ ਅਨੇਕਾਂ ਸਵਾਲ ਉਠੇ। ਗੁਰੂ ਜੀ ਨੇ ਸਭਨਾਂ ਨੂੰ ਪ੍ਰੇਮ ਨਾਲ ਸਮਝਾਇਆ ਕਿ ਸਾਰੇ ਮਨੁੱਖ ਇਕ ਪਰਮਾਤਮਾ ਦੀ ਸੰਤਾਨ ਹਨ। ਸਭ ਧਰਮ ਇਕ ਪਰਮਾਤਮਾ ਤੱਕ ਪਹੁੰਚਣ ਦੇ ਵੱਖ-ਵੱਖ ਰਾਹ ਦੱਸਦੇ ਹਨ, ਪਰ ਪਰਮਾਤਮਾ ਇਕ ਹੈ। ਇਸ ਲਈ ਤੱਤ ਰੂਪ ਵਿਚ ਸਭ ਲੋਕ ਭਾਈ ਭਾਈ ਹਨ। ਹਿੰਦੂ ਮੁਸਲਮ ਤੋਂ ਪਹਿਲਾਂ ਇਹ ਇਨਸਾਨ ਹਨ। ਸਭਨਾਂ ਦਾ ਦਾਤਾ ਇਕ ਹੈ। ਸੰਖੇਪ ਰੂਪ ਵਿਚ

ਇਸ ਨੂੰ ਵੇਈਂ ਉਪਦੇਸ਼ ਕਿਹਾ ਜਾਂਦਾ ਹੈ।

(ਸ) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਤੇ ਧਰਮ ਦਾ ਪ੍ਰਚਾਰ :

ਸ੍ਰੀ ਗੁਰੂ ਨਾਨਕ ਦੇਵ ਜੀ ਫਿਰ ਸੁਲਤਾਨਪੁਰ ਬਹੁਤ ਸਮਾਂ ਨਹੀਂ ਰਹੇ। ਆਪ ਨੇ ਮੋਦੀਖ਼ਾਨਾ ਛੱਡ ਕੇ ਸੰਸਾਰ ਨੂੰ ਤਾਰਨ ਲਈ ਚਾਰ ਉਦਾਸੀਆਂ ਕੀਤੀਆਂ। 'ਉਦਾਸੀ' ਤੋਂ ਭਾਵ ਪ੍ਰਚਾਰ ਲਈ ਸੰਸਾਰ ਯਾਤਰਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :

*'ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ'*

ਗੁਰੂ ਜੀ ਹਿੰਦੂ ਤੇ ਮੁਸਲਮ ਧਰਮ ਦੇ ਧਰਮ ਸਥਾਨਾਂ ਅਤੇ ਟਿਕਾਣਿਆਂ 'ਤੇ ਗਏ। ਬੋਧੀਆਂ, ਜੈਨੀਆਂ, ਜੋਗੀਆਂ, ਸੰਨਿਆਸੀਆਂ ਦੇ ਮੱਠਾਂ ਤੱਕ ਪਹੁੰਚ ਕਰਕੇ ਵਿਚਾਰ ਗੋਸ਼ਟੀ ਕੀਤੀ। ਗੁਰੂ ਜੀ ਨੇ ਪਹਿਲੀ ਉਦਾਸੀ ਸੁਲਤਾਨਪੁਰ ਤੋਂ ਆਰੰਭ ਕੀਤੀ। ਆਪ ਜੀ ਨੇ ਭਾਈ ਮਰਦਾਨਾ ਜੀ ਨੂੰ ਸਾਥੀ ਬਣਾਇਆ। ਭਾਈ ਮਰਦਾਨਾ ਜੀ ਰਬਾਬ ਵਜਾਉਂਦੇ ਤੇ ਸਤਿਗੁਰੂ ਬਾਣੀ ਉਚਾਰਨ ਕਰਦੇ ਸਨ। ਸਿੱਖ ਧਰਮ ਵਿਚ 'ਕੀਰਤਨ' ਦੀ ਪਰੰਪਰਾ ਇਥੋਂ ਹੀ ਸ਼ੁਰੂ ਹੋਈ। ਗੁਰੂ ਜੀ ਦੇ ਪ੍ਰਚਾਰ ਦਾ ਢੰਗ ਕਾਫ਼ੀ ਨਿਆਰਾ ਸੀ। ਉਦਾਸੀ ਸਮੇਂ ਜਿਸ ਦੇਸ਼ ਵੱਲ ਗਏ ਲੋਕਾਂ ਨਾਲ ਮਿਲ ਕੇ ਉਹਨਾਂ ਦੀ ਹੀ ਬੋਲੀ ਵਿਚ ਉਪਦੇਸ਼ ਦਿੱਤਾ। ਹਿੰਦੂ ਤੀਰਥਾਂ 'ਤੇ ਜਾਂਦਿਆਂ ਭੇਸ ਉਹਨਾਂ ਦੇ ਧਾਰਮਿਕ ਲੋਕਾਂ ਵਾਲਾ ਤੇ ਮੁਸਲਮਾਨੀ ਧਰਮ ਸਥਾਨਾਂ ਉੱਪਰ ਨੀਲਾ ਬਾਣਾ ਵੀ ਪਾਇਆ। ਗੁਰੂ ਜੀ ਦੀ ਹਰੇਕ ਉਦਾਸੀ ਦਾ ਵਿਸ਼ੇਸ਼ ਮਕਸਦ ਸੀ। ਪਹਿਲੀ ਉਦਾਸੀ ਪੂਰਬ ਦੀ, ਦੂਜੀ ਉਦਾਸੀ ਦੱਖਣ ਦੀ, ਤੀਜੀ ਉਦਾਸੀ ਉਤਰ ਦੀ, ਚੌਥੀ ਉਦਾਸੀ ਪੱਛਮ ਦਿਸ਼ਾ ਦੀ ਸੀ। ਪੁਰਾਤਨ ਜਨਮ ਸਾਖੀ ਦੀ ਲਿਖਤ ਅਨੁਸਾਰ ਪੰਜਵੀਂ ਉਦਾਸੀ ਗੋਰਖ ਹਟੜੀ (ਪਿਸ਼ਾਵਰ) ਦੀ ਸੀ। ਭਾਰਤ ਵਿਚ ਸਭ ਤੋਂ ਪਹਿਲਾਂ ਬੋਧੀ ਧਰਮ ਦੇ ਭਿਖਸ਼ੂਆਂ ਨੇ ਦੂਰ ਦੇਸ਼ਾਂ ਤੱਕ ਜਾ ਕੇ ਧਰਮ ਦਾ ਪ੍ਰਚਾਰ ਕੀਤਾ ਸੀ। ਬੋਧੀਆਂ ਤੋਂ ਬਾਅਦ ਗੁਰੂ ਜੀ ਨੇ ਦੂਰ-ਦੂਰ ਤੱਕ ਜਾ ਕੇ ਧਰਮ ਪ੍ਰਚਾਰ ਕੀਤਾ।

ਪਹਿਲੀ ਉਦਾਸੀ ਸਮੇਂ ਗੁਰੂ ਜੀ ਸੁਲਤਾਨਪੁਰ ਤੋਂ ਚੱਲ ਕੇ ਬਿਆਸ, ਰਾਮ ਤੀਰਥ ਹੁੰਦੇ ਹੋਏ ਸੈਦਪੁਰ ਪਹੁੰਚੇ। ਇਥੇ ਹੀ ਭਾਈ ਲਾਲੋ ਜੀ ਨੂੰ ਉਪਦੇਸ਼ ਦਿੱਤਾ ਕਿ 'ਭਾਈ ! ਸਾਰੀ ਉਮਰ ਕਿੱਲੇ ਹੀ ਘੜਦਾ ਰਹੇਂਗਾ, ਕਦੀ ਮਨ ਭੀ ਘੜਨ ਦੀ ਜਾਚ ਸਿੱਖ ਲੈ।' ਇਥੇ ਭਾਈ ਲਾਲੋ ਦੇ ਘਰ ਨਿਵਾਸ ਕੀਤਾ। ਇੱਥੇ ਹੀ ਮਲਕ ਭਾਗੋ, ਜਿਸ ਨੇ ਆਪਣੇ ਮੋਏ ਪਿਤਾ ਦੀ ਯਾਦ ਵਿਚ ਬ੍ਰਹਮ ਭੋਜ ਕੀਤਾ ਸੀ, ਉਸ ਦੇ ਮਾਹਲ ਪੂੜਿਆਂ ਵਿੱਚੋਂ ਰੱਤ ਦਿਖਾਈ ਅਤੇ ਭਾਈ ਲਾਲੋ ਕਿਰਤੀ ਦੀ ਕੋਧਰੇ ਦੀ ਰੋਟੀ ਵਿੱਚੋਂ ਦੁੱਧ ਰਿਸਦਾ ਦਿਖਾਇਆ। ਇਥੇ ਮਲਕ ਭਾਗੋ ਨੇ ਧਰਮ ਦੀ ਕਿਰਤ ਕਰਨ ਦਾ ਪ੍ਰਣ ਕੀਤਾ। ਇਸ ਨਗਰ ਦਾ ਨਾਉਂ ਐਮਨਾਬਾਦ ਹੋਇਆ। ਇਥੋਂ ਚੱਲ ਕੇ ਗੁਰੂ ਜੀ ਸਿਆਲਕੋਟ ਪੁੱਜੇ। ਇਥੇ ਮੁਸਲਮ ਫ਼ਕੀਰ ਹਮਜ਼ਾ ਗੌਂਸ ਨੂੰ ਪ੍ਰੇਰਨਾ ਦਿੱਤੀ ਕਿ ਭਗਤੀ ਨਾਲ ਮਨੁੱਖ ਨੂੰ ਕੋਮਲ ਹੋਣਾ ਚਾਹੀਦਾ ਹੈ। ਇਥੇ

ਹੀ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਸੱਚ ਤੇ ਝੂਠ ਖ਼ਰੀਦਣ ਲਈ ਭੇਜਿਆ। ਮੂਲਾ ਖੱਤਰੀ ਨੇ ਭਾਈ ਮਰਦਾਨੇ ਨੂੰ ਕਿਹਾ ਕਿ, 'ਮਰਨਾ ਸੱਚ ਤੇ ਜਿਊਣਾ ਝੂਠ ਹੈ।' ਲਾਹੌਰ ਦੇ ਦੁਨੀ ਚੰਦ ਨੂੰ ਸਿੱਖਿਆ ਦਿੱਤੀ ਕਿ ਮਰਨ ਲੱਗਾ ਮਨੁੱਖ ਤਾਂ ਆਪਣੇ ਨਾਲ ਸੂਈ ਵੀ ਨਹੀਂ ਲਿਜਾ ਸਕਦਾ। ਇਸ ਲਈ ਤੁਸੀਂ ਆਪਣੇ ਮੋਏ ਪਿਤਾ ਦਾ ਸਰਾਧ ਖਵਾ ਕੇ ਉਥੇ ਭੋਜਨ ਕਿਵੇਂ ਪੁਚਾ ਦਿਓਗੇ ? ਇਹ ਦੁਨੀ ਚੰਦ ਪ੍ਰਥਾਇ ਸੰਸਾਰ ਨੂੰ ਉਪਦੇਸ਼ ਸੀ ਜੋ ਸਰਾਧਾਂ ਦੇ ਦਿਨਾਂ ਵਿਚ ਮੋਏ ਪਿੱਤਰਾਂ ਦੇ ਸਰਾਧ ਕਰਦੇ ਸਨ। ਇਸ ਤਰ੍ਹਾਂ ਗੁਰੂ ਜੀ ਲੋਕਾਂ ਨੂੰ ਗਿਆਨ ਬਖ਼ਸ਼ਦੇ ਦੱਖਣ ਪੰਜਾਬ ਵੱਲ ਚਲੇ ਗਏ। ਹਿੰਦੂ ਤੀਰਥਾਂ ਉੱਪਰ ਇਸ ਲਈ ਗਏ, ਕਿਉਂਕਿ ਇਥੇ ਲੋਕ ਮੇਲਿਆਂ ਦੀ ਸ਼ਕਲ ਵਿਚ ਇਕੱਠੇ ਹੁੰਦੇ ਸਨ। ਉਸ ਸਮੇਂ ਤੀਰਥ ਸਥਾਨ 'ਤੇ ਮੇਲਿਆਂ ਦਾ ਇਕੱਠ ਹੀ ਧਰਮ ਪ੍ਰਚਾਰ ਦਾ ਵੱਡਾ ਸਾਧਨ ਸੀ। ਗੁਰੂ ਜੀ ਨੇ ਫੋਕੇ ਕਰਮ ਕਾਂਡ, ਵਿਖਾਵਾ ਤੇ ਬੇਲੋੜੀਆਂ ਰਸਮਾਂ ਦਾ ਵੀਚਾਰਾਂ ਨਾਲ ਖੰਡਨ ਕੀਤਾ।

ਇਸ ਤੋਂ ਪਿੱਛੋਂ ਗੁਰੂ ਜੀ ਹੜੱਪੇ ਦੀ ਧਰਤੀ ਨੂੰ ਤਾਰਦੇ ਹੋਏ ਤਲੰਬੇ ਗਏ। ਇਥੇ 'ਸੱਜਣ ਠੱਗ' ਦਾ ਉਧਾਰ ਕੀਤਾ। ਇਸ ਨੇ ਆਪਣੇ ਘਰ ਵਿਚ ਹੀ ਹਿੰਦੂਆਂ ਲਈ ਠਾਕਰ ਦਵਾਰਾ ਤੇ ਮੁਸਲਮਾਨਾਂ ਲਈ ਮਸੀਤ ਬਣਾਈ ਹੋਈ ਸੀ। ਪਹਿਲਾਂ ਉਹ ਰਾਹੀ ਦੀ ਸੇਵਾ ਕਰਦਾ ਤੇ ਅੰਤ ਰਾਤ ਨੂੰ ਲੁੱਟ ਲੈਂਦਾ ਸੀ। ਇਸੇ ਸਰ੍ਹਾਂ ਵਿਚ ਗੁਰੂ ਜੀ ਠਹਿਰੇ ਅਤੇ ਜਦ ਬਾਣੀ ਗਾਈ ਤਾਂ ਸੁਣ ਕੇ ਸੱਜਣ ਠੱਗ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਉਸ ਨੇ ਪਾਪ ਤਿਆਗ ਦਿੱਤੇ ਤੇ ਗੁਰੂ ਜੀ ਨੇ ਪਹਿਲੀ ਧਰਮਸ਼ਾਲਾ ਤੁਲੰਬੇ ਸਥਾਪਤ ਕੀਤੀ। ਇਹ ਠੱਗ ਠੱਗੀਆਂ ਛੱਡ ਕੇ ਸੱਜਣ ਬਣ ਗਿਆ। ਪਹਿਲੀ ਉਦਾਸੀ ਸਮੇਂ ਹੀ ਗੁਰੂ ਜੀ ਨੇ ਇਕ ਕੋਹੜੀ ਦੀ ਝੁੱਗੀ ਵਿਚ ਨਿਵਾਸ ਕੀਤਾ। ਉਹ ਭੁੱਬਾਂ ਮਾਰ ਕੇ ਰੋ ਪਿਆ ਕਿ ਲੋਕ ਉਸ ਨੂੰ ਨਫ਼ਰਤ ਕਰਦੇ ਹਨ। ਉਥੇ ਕੀਰਤਨ ਹੋਇਆ। ਕੋਹੜੀ ਗੁਰੂ ਜੀ ਦੇ ਦਰਸ਼ਨ ਕਰਕੇ ਤੇ ਗੁਰ ਬਾਣੀ ਸੁਣ ਕੇ ਰੋਗ ਮੁਕਤ ਹੋ ਗਿਆ।

ਫਿਰ ਗੁਰੂ ਜੀ ਤੀਰਥਾਂ ਉੱਪਰ ਪ੍ਰਚਾਰ ਕਰਦੇ ਹਰਿਦੁਆਰ ਪਹੁੰਚੇ। ਇਥੇ ਜੋ ਲੋਕ ਚੜ੍ਹਦੇ ਵੱਲ ਮੂੰਹ ਕਰਕੇ ਮੋਏ ਪਿੱਤਰਾਂ ਨੂੰ ਪਾਣੀ ਦੇ ਰਹੇ ਸਨ, ਉਹਨਾਂ ਨੂੰ ਸਮਝਾਇਆ ਕਿ ਭਰਮ ਤਿਆਗੋ। ਇਹ ਪਾਣੀ ਤਾਂ ਇਥੇ ਹੀ ਡਿੱਗ ਰਿਹਾ ਹੈ, ਕਿਧਰੇ ਵੀ ਨਹੀਂ ਜਾਂਦਾ। ਤੁਸੀਂ ਜਿਉਂਦੇ ਮਾਂ-ਬਾਪ ਦੀ ਸੇਵਾ ਕਰਿਆ ਕਰੋ ਤੇ ਪਰਮਾਤਮਾ ਦਾ ਨਾਮ ਜਪਿਆ ਕਰੋ। ਉਪਰੰਤ ਗੁਰੂ ਜੀ ਕੁਰਖੇਤਰ ਗਏ, ਜਿਥੇ ਸੂਰਜ ਗ੍ਰਹਿਣ ਦਾ ਮੇਲਾ ਸੀ। ਇਥੇ ਪੰਡਤ ਤੇ ਬ੍ਰਾਹਮਣ ਇਕੱਠੇ ਹੋਏ ਤੇ ਵੀਚਾਰ ਚਰਚਾ ਹੋਈ। ਗੁਰੂ ਜੀ ਨੇ ਉਹਨਾਂ ਦੇ ਭਰਮ ਦੂਰ ਕੀਤੇ। ਕਈ ਲੋਕ ਅੱਜ ਵੀ ਸੂਰਜ ਗ੍ਰਹਿਣ ਸਮੇਂ ਅਨੇਕਾਂ ਭਰਮ ਕਰਦੇ ਹਨ ਜੋ ਸਾਨੂੰ ਤਿਆਗ ਦੇਣੇ ਚਾਹੀਦੇ ਹਨ।

ਕੁਰਖੇਤਰ ਤੋਂ ਹੁੰਦੇ ਹੋਏ ਗੁਰੂ ਜੀ ਕਰਨਾਲ ਰਾਹੀਂ ਪਾਣੀਪਤ ਪਹੁੰਚੇ। ਇਥੇ ਕਈ ਫ਼ਕੀਰਾਂ ਨਾਲ ਚਰਚਾ ਹੋਈ। ਫਿਰ ਦਿੱਲੀ ਦੀਆਂ ਸੰਗਤਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦਿੰਦੇ ਹੋਏ ਗੁਰੂ ਜੀ ਗੋਰਖ ਮਤਾ ਪਹੁੰਚੇ, ਜੋ ਜੋਗੀਆਂ ਦਾ ਵੱਡਾ ਕੇਂਦਰ ਸੀ। ਇਥੇ ਸਿੱਧਾਂ

ਨਾਲ ਗੋਸ਼ਟੀ ਕੀਤੀ ਤੇ ਸਿੱਧ ਜੋਗੀ ਗੁਰੂ ਜੀ ਦੇ ਬਚਨਾਂ ਨਾਲ ਸੰਤੁਸ਼ਟ ਹੋ ਗਏ। ਇਸ ਥਾਂ ਦਾ ਨਾਉਂ 'ਨਾਨਕ ਮਤਾ' ਹੋ ਗਿਆ। ਲੰਮੇ ਸਫ਼ਰ ਤੋਂ ਬਾਅਦ ਗੁਰੂ ਜੀ ਬੰਗਾਲ ਪਹੁੰਚੇ ਜਿਥੇ ਨੂਰ ਸ਼ਾਹ ਜਾਦੂਗਰਨੀ ਨਾਲ ਮਿਲਾਪ ਹੋਇਆ। ਇਹ ਪਾਖੰਡ ਕਰਮ ਕਰਕੇ, ਜੰਤਰਾਂ ਮੰਤਰਾਂ ਤੇ ਜਾਦੂ ਟੂਣਿਆਂ ਦਾ ਡਰ ਪਾ ਕੇ ਲੋਕਾਂ ਨੂੰ ਭਰਮਾ ਲੈਂਦੀ ਸੀ। ਗੁਰੂ ਜੀ ਦੇ ਮੁੱਖੋਂ ਬਾਣੀ ਸੁਣ ਕੇ ਇਹ ਜਾਦੂਗਰਨੀ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਈ ਤੇ ਜਾਦੂ ਟੂਣੇ ਤਿਆਗ ਕੇ ਸੱਚੀ ਭਗਤੀ ਕਰਨ ਲੱਗ ਪਈ। ਇਥੋਂ ਸਾਨੂੰ ਇਹ ਗਿਆਨ ਵੀ ਮਿਲਦਾ ਹੈ ਕਿ ਜਾਦੂ ਟੂਣੇ, ਜੰਤਰ ਮੰਤਰ ਸਭ ਪਾਖੰਡ ਹਨ ਅਤੇ ਸਾਨੂੰ ਸੱਚੇ ਮਨ ਨਾਲ ਗੁਰੂ ਜੀ ਦੀ ਬਾਣੀ ਪੜ੍ਹਨੀ ਚਾਹੀਦੀ ਹੈ।

ਪਹਿਲੀ ਉਦਾਸੀ ਸਮੇਂ ਹੀ ਜਗਨਨਾਥ ਦੇ ਮੰਦਰ ਵਿਚ ਦੀਵਿਆਂ ਦੀ ਆਰਤੀ ਉਤਾਰਨ ਵਾਲੇ ਪੁਜਾਰੀਆਂ ਨੂੰ ਉਪਦੇਸ਼ ਦਿੱਤਾ ਕਿ ਜਗਨ ਨਾਥ (ਭਾਵ ਜਗਤ ਦਾ ਸੁਆਮੀ) ਤਾਂ ਸਰਬ ਵਿਆਪਕ ਪ੍ਰਮਾਤਮਾ ਹੈ। ਜੋ ਹਰ ਥਾਂ ਮੌਜੂਦ ਹੈ। ਉਸ ਕਰਤੇ ਦੀ ਆਰਤੀ ਆਪੇ ਹੀ ਹੋ ਰਹੀ ਹੈ। ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

*'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ'*

(ਪੰਨਾ ੬੬੩)

ਇਥੇ ਹੀ ਇਕ ਪਾਖੰਡੀ ਜੋਗੀ ਬ੍ਰਹਮ ਦਰਸ਼ਨ ਦੀਆਂ ਗੱਲਾਂ ਕਰਦਾ ਆਪਣੇ ਲੋਟੇ ਵਿਚ ਪੈਸੇ ਪਵਾ ਕੇ ਸਮਾਧੀ ਲਾ ਕੇ ਲੋਕਾਂ ਨੂੰ ਲੁੱਟਦਾ ਸੀ। ਗੁਰੂ ਜੀ ਨੇ ਪਾਖੰਡ ਕਰਮ ਦੇਖ ਕੇ ਭਾਈ ਮਰਦਾਨਾ ਜੀ ਨੂੰ ਕਿਹਾ ਕਿ ਇਸ ਦਾ ਲੋਟਾ ਚੱਕ ਕੇ ਜੋਗੀ ਦੇ ਪਿੱਛੇ ਰੱਖ ਦਿਓ। ਜਦ ਜੋਗੀ ਨੇ ਅੱਖਾਂ ਖੋਲ੍ਹੀਆਂ ਤਾਂ ਲੋਟਾ ਗੁੰਮ ਦੇਖ ਕੇ ਪਰੇਸ਼ਾਨ ਹੋ ਗਿਆ। ਗੁਰੂ ਜੀ ਨੇ ਜੁੜੇ ਹੋਏ ਲੋਕਾਂ ਨੂੰ ਸਿੱਖਿਆ ਦਿੰਦਿਆਂ ਜੋਗੀ ਨੂੰ ਸੰਬੋਧਨ ਕਰਕੇ ਕਿਹਾ, ਜੋਗੀ ! 'ਤੂੰ ਤਾਂ ਬ੍ਰਹਮ ਲੋਕ ਦੀਆਂ ਗੱਲਾਂ ਦੱਸ ਦਿੰਦਾ ਐਂ, ਪਰ ਤੈਨੂੰ ਆਪਣੇ ਲੋਟੇ ਦਾ ਪਤਾ ਨਹੀਂ ਐਂ।' ਇਸ ਜੋਗੀ ਨੇ ਗੁਰੂ ਜੀ ਦੇ ਦਰਸ਼ਨ ਕਰ ਕੇ ਤੇ ਬਾਣੀ ਸੁਣ ਕੇ ਪਖੰਡ ਕਰਮ ਤਿਆਗ ਦਿੱਤਾ। ਗੁਰੂ ਜੀ ਜਗਨ ਨਾਥ ਤੋਂ ਵਾਪਸ ਬੇਅੰਤ ਲੋਕਾਂ ਨੂੰ ਤਾਰਦੇ ਹੋਏ, ਸਤਿਨਾਮ ਦਾ ਉਪਦੇਸ਼ ਦੇ ਕੇ ਯੂ.ਪੀ., ਹਰਿਆਣੇ ਤੋਂ ਹੁੰਦੇ ਹੋਏ 1508 ਈ. ਵਿਚ ਪਹਿਲੀ ਉਦਾਸੀ ਸੰਪੂਰਨ ਕਰਕੇ ਵਾਪਸ ਸੁਲਤਾਨਪੁਰ ਪਹੁੰਚ ਗਏ।

(ਹ) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਜੀ ਤੇ ਤੀਜੀ ਉਦਾਸੀ ਸਮੇਂ ਧਰਮ ਪ੍ਰਚਾਰ ਦੇ ਮੁੱਖ ਸਥਾਨ :

ਪਹਿਲੀ ਉਦਾਸੀ ਸੰਪੂਰਨ ਕਰ ਕੇ ਗੁਰੂ ਜੀ ਮਾਤਾ ਪਿਤਾ ਤੇ ਪਰਿਵਾਰ ਨੂੰ ਮਿਲੇ। ਸੁਲਤਾਨਪੁਰ ਤੋਂ ਤਲਵੰਡੀ ਤੇ ਕੁਝ ਦਿਨ ਕਰਤਾਰਪੁਰ ਨਿਵਾਸ ਕੀਤਾ। ਪੁਰਾਤਨ ਜਨਮ ਸਾਖੀ ਅਨੁਸਾਰ 'ਦੂਜੀ ਉਦਾਸੀ' ਦੱਖਣ ਦੀ ਹੈ। ਗੁਰੂ ਜੀ ਕਰਤਾਰਪੁਰ ਤੋਂ ਚੱਲ ਕੇ

ਧਰਮਕੋਟ, ਭਟਨੇਰ ਤੇ ਬਠਿੰਡਾ ਤੋਂ ਹੁੰਦੇ ਹੋਏ ਸਰਸੇ ਪੁੱਜੇ। ਇਥੇ ਮੁਸਲਮਾਨ ਫ਼ਕੀਰਾਂ ਨਾਲ ਗੋਸ਼ਟੀ ਕੀਤੀ ਅਤੇ ਬਚਨ ਕੀਤਾ ਕਿ ਅੰਨ ਤਿਆਗ ਕੇ ਭੁੱਖੇ ਰਹਿਣ ਨਾਲ ਕੋਈ ਆਤਮਿਕ ਉਨਤੀ ਨਹੀਂ ਹੁੰਦੀ। ਸਰੀਰ ਨੂੰ ਕਮਜ਼ੋਰ ਕਰਨ ਨਾਲ ਮਨ ਤਕੜਾ ਨਹੀਂ ਹੋ ਸਕਦਾ। ਫ਼ਕੀਰਾਂ ਨੂੰ ਉਪਦੇਸ਼ ਦਿੰਦੇ ਬੀਕਾਨੇਰ ਰਾਹੀਂ ਅਜਮੇਰ ਪਹੁੰਚ ਗਏ। ਇਹ ਜੋਗੀਆਂ ਤੇ ਮੁਸਲਮਾਨ ਫ਼ਕੀਰਾਂ ਦਾ ਕੇਂਦਰ ਸੀ। ਇਥੇ ਵਿਚਾਰ ਚਰਚਾ ਕਰ ਕੇ ਸਭਨਾਂ ਦੇ ਭਰਮ ਦੂਰ ਕੀਤੇ। ਇਥੇ ਗੁਰੂ ਜੀ ਜੈਨ ਧਰਮ ਦੇ ਮੰਦਰਾਂ 'ਚ ਗਏ ਤੇ ਜੈਨੀਆਂ ਨੂੰ ਉਪਦੇਸ਼ ਦਿੱਤਾ। ਫਿਰ ਰਾਜਪੂਤਾਨੇ ਤੋਂ ਹੁੰਦੇ ਹੋਏ ਇੰਦੌਰ ਤੇ ਰਸਤੇ ਦੀਆਂ ਸੰਗਤਾਂ ਨੂੰ ਤਾਰਦੇ ਇਕ ਜੰਗਲ ਵਿੱਚੋਂ ਲੰਘ ਰਹੇ ਸਨ ਕਿ ਅੱਗੋਂ ਆਦਮ ਖੋਰ ਕੌਡਾ ਰਾਖਸ਼ ਮਿਲ ਪਿਆ। ਉਸ ਨੂੰ ਗੁਰੂ ਜੀ ਨੇ ਐਸਾ ਉਪਦੇਸ਼ ਦਿੱਤਾ ਕਿ ਉਹ ਰਾਖਸ਼ ਤੋਂ ਦੇਵਤਾ ਬਣ ਗਿਆ। ਇਸ ਤੋਂ ਅੱਗੇ ਹੈਦਰਾਬਾਦ, ਮਦਰਾਸ, ਪਾਂਡੀਚਰੀ ਆਦਿ ਦਾ ਰਟਨ ਕਰਦੇ ਸੰਗਲਾਦੀਪ (ਸ੍ਰੀਲੰਕਾ) ਗਏ। ਇਥੋਂ ਦਾ ਰਾਜਾ ਸ਼ਿਵਨਾਭ, ਸਾਧੂਆਂ ਫ਼ਕੀਰਾਂ ਨੂੰ ਚੰਗਾ ਨਹੀਂ ਸਮਝਦਾ ਸੀ। ਇਥੋਂ ਦੀਆਂ ਛਲ-ਕਪਟ ਵਾਲੀਆਂ ਇਸਤਰੀਆਂ ਨੂੰ ਗੁਰੂ ਜੀ ਨੇ ਪੁੱਤਰੀਆਂ ਕਹਿ ਕੇ ਪਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਦਿੱਤਾ। ਇਥੇ ਸ਼ਿਵਨਾਭ ਤੇ ਉਸ ਦੀ ਪਰਜਾ ਦੇ ਲੋਕ ਗੁਰੂ ਜੀ ਦੇ ਸਿੱਖ ਬਣ ਗਏ। ਸੰਗਲਾਦੀਪ ਤੋਂ ਕਜਲੀ ਬਨ, ਸਿੱਧਾਂ ਨਾਲ ਵਾਰਤਾ, ਬੰਬਈ, ਸੋਮਨਾਥ, ਦੁਆਰਕਾ ਹੁੰਦੇ ਹੋਏ ਰਾਜਪੂਤਾਨੇ ਰਾਹੀਂ ਸਤਲੁਜ ਪਾਰ ਹੋ ਕੇ ਗੁਰੂ ਜੀ 1515 ਈ. ਨੂੰ ਕਰਤਾਪੁਰ ਆ ਗਏ। ਇਸ ਉਦਾਸੀ ਸਮੇਂ ਗੁਰੂ ਜੀ ਨੇ ਬੁੱਧ ਤੇ ਜੈਨ ਧਰਮ ਦੇ ਟਿਕਾਣਿਆਂ ਉੱਪਰ ਵਿਸ਼ੇਸ਼ ਪ੍ਰਚਾਰ ਕੀਤਾ।

ਦੂਜੀ ਉਦਾਸੀ ਤੋਂ ਬਾਅਦ ਗੁਰੂ ਜੀ ਨੇ 1516 ਈ. ਵਿਚ ਉਤਰਾਖੰਡ ਵੱਲ ਦੀ ਤਿਆਰੀ ਕਰ ਲਈ। ਪਹਾੜਾਂ ਵੱਲ ਜਾਣਾ ਸੀ ਤੇ ਪਹਾੜੀ ਲੋਕ ਵਹਿਮ ਭਰਮ, ਜੰਤਰ, ਮੰਤਰ ਤੇ ਦੇਵੀ ਦੇਵਤਿਆਂ ਦੀ ਬਹੁਤ ਪੂਜਾ ਕਰਦੇ ਸਨ। ਕਰਤਾਰਪੁਰ ਤੋਂ ਚੱਲ ਕੇ ਜੰਮੂ ਦੇ ਰਸਤੇ ਰਾਹੀਂ ਗੁਰੂ ਜੀ ਕਸ਼ਮੀਰ ਪਹੁੰਚੇ। ਇਥੇ ਪੰਡਤ ਬ੍ਰਹਮ ਦਾਸ ਨਾਲ ਗੋਸ਼ਟੀ ਹੋਈ ਜੋ ਪੁਸਤਕਾਂ ਦੇ ਊਠ ਲੱਦ ਕੇ ਬਹਿਸ ਕਰਨ ਜਾਂਦਾ ਸੀ। ਗੁਰੂ ਜੀ ਦੀ ਬਾਣੀ ਦਾ ਐਸਾ ਪ੍ਰਭਾਵ ਹੋਇਆ ਕਿ ਫੋਕੀ ਵਿੱਦਿਆ ਦਾ ਹੰਕਾਰ ਛੱਡ ਕੇ ਚਰਨੀਂ ਆ ਪਿਆ। ਫਿਰ ਗੁਰੂ ਜੀ ਕਸ਼ਮੀਰ ਤੋਂ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਚਲੇ ਗਏ। ਅੱਗੇ ਗੜਵਾਲ, ਬਦਰੀਨਾਥ, ਹੇਮਕੁੰਡ ਆਦਿ ਇਲਾਕਿਆਂ ਵਿਚ ਸੰਗਤਾਂ ਨੂੰ ਤਾਰਿਆ। ਵੱਖ-ਵੱਖ ਪੜਾਵਾਂ 'ਤੇ ਉਪਦੇਸ਼ ਕਰਦੇ ਸਤਿਗੁਰੂ ਸੁਮੇਰ ਪਰਬਤ 'ਤੇ ਗਏ। ਹਿਮਾਲਾ ਦੀਆਂ ਚੋਟੀਆਂ ਉੱਪਰ ਸਤਿਗੁਰਾਂ ਨੂੰ ਵੇਖ ਕੇ ਸਿੱਧ ਜੋਗੀ ਬਹੁਤ ਹੈਰਾਨ ਹੋਏ। ਸਿੱਧਾਂ ਨੇ ਅਨੇਕਾਂ ਕਰਾਮਾਤਾਂ ਦਿਖਾਈਆਂ ਤੇ ਸਵਾਲ ਕੀਤੇ, ਪਰ ਸਤਿਗੁਰਾਂ ਦੀ ਸ਼ਖ਼ਸੀਅਤ ਅੱਗੇ ਝੁਕ ਗਏ। ਸਤਿਗੁਰਾਂ ਨੇ ਉਹਨਾਂ ਨੂੰ ਕਰਾਮਾਤਾਂ ਦੀ ਜਿਲ੍ਹਣ ਵਿਚੋਂ ਕੱਢ ਕੇ ਸਤਿਨਾਮ ਦਾ ਉਪਦੇਸ਼ ਦਿੱਤਾ। ਉਥੋਂ ਚੱਲ ਕੇ ਆਪ ਸਿਕਮ, ਭੂਟਾਨ, ਨੇਪਾਲ ਤੇ ਚੀਨ ਦੇ ਇਲਾਕੇ ਤੱਕ ਧਰਮ ਦਾ ਪ੍ਰਚਾਰ ਕਰਦੇ ਅਤੇ ਪ੍ਰਭੂ ਨਾਮ ਜਪਾਉਂਦੇ ਹੋਏ ਵਾਪਸ ਕਰਤਾਰਪੁਰ ਆ ਗਏ।

## (ਕ) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਸਮੇਂ ਪ੍ਰਚਾਰ ਦੇ ਮੁੱਖ ਕੇਂਦਰ :

ਤੀਜੀ ਉਦਾਸੀ ਤੋਂ ਪਿੱਛੋਂ ਕੁਝ ਸਮਾਂ ਗੁਰੂ ਜੀ ਕਰਤਾਰਪੁਰ ਰਹੇ। ਇਸ ਸਮੇਂ ਦੌਰਾਨ ਆਪ ਦੇ ਮਾਤਾ ਪਿਤਾ ਜੀ ਅਕਾਲ ਚਲਾਣਾ ਕਰ ਗਏ। ਗੁਰੂ ਜੀ ਇਕ ਦਿਨ ਰਾਵੀ ਦੇ ਨੇੜੇ, ਰਮਦਾਸ ਦੇ ਨਜ਼ਦੀਕ ਵਿਚਰ ਰਹੇ ਸਨ, ਜਿਥੇ ਬਾਲਕ ਬੂੜਾ (ਬਾਬਾ ਬੁੱਢਾ ਜੀ) ਦਾ ਮਿਲਾਪ ਹੋਇਆ। ਇਹ ਸਮਾਂ 1518 ਈ. ਦਾ ਹੈ। ਇਸ ਸਮੇਂ ਹੀ ਗੁਰੂ ਜੀ ਨੇ ਪੱਛਮੀ ਦੇਸ਼ਾਂ ਵੱਲ ਜਾਣ ਦੀ ਤਿਆਰੀ ਕੀਤੀ। ਪੱਛਮ ਨੂੰ ਜਾਣ ਸਮੇਂ ਨੀਲੇ ਬਸਤਰ, ਹੱਥ ਵਿਚ ਸੋਟਾ, ਕੱਛ ਵਿਚ ਕਿਤਾਬ (ਇਕੱਤਰ ਕੀਤੀ ਬਾਣੀ) ਤੇ ਮੋਢੇ 'ਤੇ ਮੁਸੱਲਾ ਸੀ। ਗੁਰੂ ਜੀ ਕਰਤਾਰਪੁਰ ਤੋਂ ਚੱਲ ਕੇ ਤਲਵੰਡੀ, ਸ਼ਕਰਪੁਰ, ਡੇਹਰਾ ਗਾਜ਼ੀ ਖ਼ਾਂ ਹੁੰਦੇ ਹੋਏ ਸਿੰਧ ਦੇ ਰਸਤੇ ਹਿੰਦੁਸਤਾਨ ਦੇ ਹਾਜੀਆਂ ਨਾਲ ਮੱਕੇ ਪਹੁੰਚ ਗਏ। ਉਥੇ ਕਾਅਬੇ ਵੱਲ ਪੈਰ ਕਰ ਕੇ ਸੌਂ ਗਏ। ਜਦ ਹਾਜੀਆਂ ਨੇ ਕਿਹਾ ਕਿ ਅੱਲ੍ਹਾ ਦੇ ਘਰ ਵੱਲ ਪੈਰ ਕਰ ਕੇ ਕਿਉਂ ਸੁੱਤੇ ਹੋ? ਅੱਗੋਂ ਗੁਰੂ ਜੀ ਨੇ ਫ਼ੁਰਮਾਇਆ, 'ਜਿਧਰ ਅੱਲ੍ਹਾ ਦਾ ਘਰ ਨਹੀਂ ਮੇਰੇ ਪੈਰ ਉਧਰ ਕਰ ਦਿਓ।'

ਇਥੇ ਸਭਨਾਂ ਦਾ ਭਰਮ ਦੂਰ ਕੀਤਾ, ਕਿਉਂਕਿ ਰੱਬ ਤਾਂ ਹਰ ਪਾਸੇ ਕੀ ਸਗੋਂ ਹਰ ਇਨਸਾਨ ਦੇ ਹਿਰਦੇ ਵਿਚ ਵੱਸਦਾ ਹੈ। ਇਥੇ ਹੀ ਕਾਜ਼ੀਆਂ ਨੇ ਚਰਚਾ ਕਰਦਿਆਂ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਆਪਣੀ ਪੁਸਤਕ ਖੋਲ੍ਹ ਕੇ ਦੱਸੋ ਕਿ 'ਹਿੰਦੂ ਵੱਡਾ ਹੈ ਕਿ ਮੁਸਲਮਾਨ ?' ਗੁਰੂ ਜੀ ਨੇ ਫ਼ੁਰਮਾਇਆ, 'ਸੁਭ ਅਮਲਾਂ ਬਾਝਹੁ ਦੋਨੋ ਰੋਈ।' ਭਾਵ ਚੰਗਾ ਉਹ ਹੈ ਜਿਸ ਦੇ ਅਮਲ ਚੰਗੇ ਹਨ, ਕਿਉਂਕਿ ਰੱਬ ਦੀ ਦਰਗਾਹ ਵਿਚ ਸ਼ੁਭ ਅਮਲਾਂ ਦਾ ਮੁੱਲ ਹੈ। ਉਥੇ ਨਿਸ਼ਾਨੀ ਵਜੋਂ ਸਤਿਗੁਰਾਂ ਨੇ ਕਾਜ਼ੀ ਰੁਕਨਦੀਨ ਨੂੰ ਪੈਰਾਂ ਦੀਆਂ ਖੜਾਵਾਂ ਦਿੱਤੀਆਂ। ਮੱਕੇ ਤੋਂ ਉਪਦੇਸ਼ ਕਰਦੇ ਸਤਿਗੁਰੂ ਮਦੀਨਾ ਗਏ ਤੇ ਫਿਰ ਇਸਲਾਮੀ ਸਿੱਖਿਆ ਦਾ ਕੇਂਦਰ ਬਗਦਾਦ ਵਿਖੇ ਪਹੁੰਚੇ। ਇਥੇ ਅੰਮ੍ਰਿਤ ਵੇਲੇ ਸਤਿਗੁਰਾਂ ਦਾ ਕੀਰਤਨ ਸੁਣ ਕੇ ਨਮਾਜ਼ੀ ਲੋਕ ਹੈਰਾਨ ਹੋਏ। ਇਸਲਾਮ ਵਿਚ ਰਾਗ ਦੀ ਮਨਾਹੀ ਹੈ। ਇਹ ਗੱਲ ਸ਼ਰ੍ਹਾ ਦੇ ਵਿਰੁੱਧ ਹੋਣ ਕਰ ਕੇ ਜਦ ਲੋਕ ਵੱਟੇ ਮਾਰਨ ਆਏ ਤਾਂ ਸਤਿਗੁਰਾਂ ਦੇ ਦਰਸ਼ਨ ਕਰ ਕੇ ਉਹਨਾਂ ਦੇ ਮਨ ਸ਼ਾਂਤ ਹੋ ਗਏ। ਗੁਰੂ ਜੀ ਸਭਨਾਂ ਨੂੰ ਸੱਚ ਦਾ ਉਪਦੇਸ਼ ਦੇ ਕੇ ਅਰਬ ਤੋਂ ਬਾਅਦ ਮਿਸਰ ਤੇ ਅਫ਼ਰੀਕਾ ਗਏ। ਉਥੋਂ ਉਪਦੇਸ਼ ਕਰਦੇ ਹੋਏ ਤੁਰਕੀ ਆਏ। ਫਿਰ ਅਰਬ ਤੇ ਈਰਾਨ ਤੋਂ ਹੁੰਦੇ ਹੋਏ ਕੰਧਾਰ ਪਹੁੰਚੇ। ਅੱਗੇ ਅਫ਼ਗਾਨਿਸਤਾਨ ਤੋਂ ਹੁੰਦੇ ਹੋਏ ਅਟਕ ਪਾਰ ਕਰ ਕੇ ਹਸਨ ਅਬਦਾਲ ਪਹੁੰਚੇ ਜਿਥੇ ਵਲੀ ਕੰਧਾਰੀ ਦਾ ਹੰਕਾਰ ਦੂਰ ਕੀਤਾ। ਇਥੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹੈ। 1521 ਈ. ਨੂੰ ਆਪ ਚੌਥੀ ਉਦਾਸੀ ਕਰ ਕੇ ਵਾਪਸ ਪਰਤ ਰਹੇ ਸਨ ਜਦੋਂ ਬਾਬਰ ਨੇ ਹਿੰਦੁਸਤਾਨ ਉੱਪਰ ਹਮਲਾ ਕੀਤਾ। ਉਸ ਸਮੇਂ ਸਤਿਗੁਰੂ ਏਮਨਾਬਾਦ ਵਿਖੇ ਭਾਈ ਲਾਲੋ ਜੀ ਪਾਸ ਠਹਿਰੇ ਹੋਏ ਸਨ। ਇਸ ਦਾ ਵੇਰਵਾ ਸਤਿਗੁਰਾਂ ਦੀ ਬਾਣੀ ਵਿਚੋਂ ਮਿਲਦਾ ਹੈ। ਇਹ ਸਤਿਗੁਰਾਂ ਦੀਆਂ ਚਾਰ ਉਦਾਸੀਆਂ ਸਮੇਂ ਧਰਮ ਪ੍ਰਚਾਰ ਦੇ ਚੋਣਵੇਂ ਹਵਾਲਿਆਂ ਤੋਂ ਸਾਨੂੰ ਬਹੁਤ ਸਿੱਖਿਆ ਮਿਲਦੀ ਹੈ। ਗੁਰੂ ਜੀ ਸੂਰਜ ਤੇ ਚੰਦਰਮਾ ਦੀ ਤਰ੍ਹਾਂ ਸਭ ਦੇ ਸਾਂਝੇ ਸਨ।

ਉਹਨਾਂ ਦੇ ਉਪਦੇਸ਼ ਜੁਗਾਂ-ਜੁਗਾਂਤਰਾਂ ਤੱਕ ਸੰਸਾਰ ਦਾ ਰਾਹ ਰੁਸ਼ਨਾਉਂਦੇ ਰਹਿਣਗੇ।

(ਖ) ਭਾਈ ਲਹਿਣਾ ਜੀ ਦਾ ਮਿਲਾਪ, ਗੁਰਤਾ ਗੱਦੀ ਬਖ਼ਸ਼ਿਸ਼ ਤੇ ਸੱਚਖੰਡ ਪਯਾਨਾ

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪ੍ਰਚਾਰ ਦੌਰਿਆਂ ਰਾਹੀਂ ਸੰਗਤਾਂ ਨੂੰ ਤਾਰ ਕੇ ਤੇ ਸੱਚੇ ਧਰਮ ਦਾ ਉਪਦੇਸ਼ ਬਖ਼ਸ਼ਿਸ਼ ਕਰ ਕੇ 1522 ਈ. ਵਿਚ ਕਰਤਾਰਪੁਰ ਸਾਹਿਬ ਵਿਖੇ ਆ ਬਿਰਾਜਮਾਨ ਹੋਏ। ਸੰਸਾਰ ਵਿਚ ਜਿਸ ਧਰਮ ਦਾ ਪ੍ਰਚਾਰ ਕੀਤਾ ਹੁਣ ਉਸ ਦੀ ਮਰਯਾਦਾ ਤੇ ਰਹੁ ਰੀਤ ਦੇ ਨਿਯਮ ਇਥੇ ਸੰਗਤਾਂ ਨੂੰ ਦ੍ਰਿੜ੍ਹ ਕਰਵਾਏ। ਸਿੱਖ ਸੰਗਤਾਂ ਦੂਰ ਦੁਰਾਡਿਉਂ ਕਰਤਾਰਪੁਰ ਵੱਲ ਖਿੱਚੀਆਂ ਆ ਰਹੀਆਂ ਸਨ। ਇਥੇ ਹੀ ਭਾਈ ਲਹਿਣਾ ਜੀ ਦਾ ਮਿਲਾਪ ਹੋਇਆ। ਉਹ ਦੇਵੀ ਪੂਜਾ ਛੱਡ ਕੇ ਇਕ ਪਰਮਾਤਮਾ ਦੀ ਭਗਤੀ ਤੇ ਸੇਵਾ ਵਿਚ ਲੱਗ ਗਏ। ਇਥੇ ਹੀ ਭਾਈ ਮਰਦਾਨਾ ਜੀ ਦਾ ਅਕਾਲ ਚਲਾਣਾ ਹੋਇਆ।*

ਇਕ ਵਾਰੀ ਗੁਰੂ ਜੀ ਸ਼ਿਵਰਾਤਰੀ ਦਾ ਮੇਲਾ ਸੁਣ ਕੇ ਅਚਲ ਵਟਾਲੇ ਆਏ ਅਤੇ ਇਥੇ ਸਿੱਧਾਂ ਨਾਲ ਗੋਸ਼ਟੀ ਕੀਤੀ। ਹਿੰਦੁਸਤਾਨ ਵਿਚ ਇਕ ਪੁਰਾਤਨ ਖ਼ਿਆਲ ਸੀ ਕਿ ਕੋਈ ਮਨੁੱਖ ਗ੍ਰਹਿਸਤੀ ਹੋ ਕੇ ਆਤਮਿਕ ਉਪਦੇਸ਼ ਨਹੀਂ ਕਰ ਸਕਦਾ। ਜੋਗੀ ਤਾਂ ਗ੍ਰਹਿਸਤ ਨੂੰ ਚੰਗਾ ਨਹੀਂ ਸਮਝਦੇ ਸਨ। ਸਤਿਗੁਰਾਂ ਨੇ ਜੋਗੀਆਂ ਨੂੰ ਸਮਝਾਇਆ ਕਿ ਗ੍ਰਹਿਸਤ ਨੂੰ ਤੁਸੀਂ ਬੁਰਾ ਸਮਝਦੇ ਹੋ ਪਰ ਉਹਨਾਂ ਦੇ ਘਰਾਂ ਤੋਂ ਹੀ ਰੋਟੀ ਕੱਪੜਾ ਮੰਗ ਕੇ ਨਿਰਬਾਹ ਕਰਦੇ ਹੋ। ਇਥੇ ਸਤਿਗੁਰਾਂ ਨੇ ਸਿੱਧਾਂ ਦੇ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਦੇ ਕੇ ਉਹਨਾਂ ਦੇ ਭਰਮ ਦੂਰ ਕੀਤੇ। ਇਸ ਤੋਂ ਬਾਅਦ ਗੁਰੂ ਜੀ ਮੁਲਤਾਨ ਦੇ ਪੀਰਾਂ ਨੂੰ ਮਿਲਣ ਗਏ। ਇਹ ਫ਼ਕੀਰਾਂ ਦਾ ਵੱਡਾ ਕੇਂਦਰ ਸੀ। ਫ਼ਕੀਰਾਂ ਨੇ ਦੁੱਧ ਦਾ ਭਰਿਆ ਕਟੋਰਾ ਗੁਰੂ ਜੀ ਵੱਲ ਭੇਜਿਆ। ਇਸ ਦਾ ਭਾਵ ਸੀ ਕਿ ਇਥੇ ਫ਼ਕੀਰਾਂ ਦੀ ਹੋਰ ਲੋੜ ਹੀ ਨਹੀਂ ਹੈ। ਅੰਤਰਜਾਮੀ ਸਤਿਗੁਰਾਂ ਨੇ ਦੁੱਧ ਉੱਪਰ ਚੰਬੇਲੀ ਦਾ ਫੁੱਲ ਰੱਖ ਕੇ ਕਟੋਰਾ ਵਾਪਸ ਭੇਜ ਦਿੱਤਾ। ਜਿਸ ਦਾ ਭਾਵ ਸੀ ਕਿ ਅਸੀਂ ਪਿਆਰ ਤੇ ਸੁਗੰਧੀ ਵਾਂਗ ਤੁਹਾਡੇ ਵਿਚ ਲੀਨ ਹੋ ਕੇ ਸਭ ਤੋਂ ਉੱਪਰ ਰਹਿ ਸਕਦੇ ਹਾਂ। ਇਥੇ ਵਿਚਾਰ ਚਰਚਾ ਹੋਈ ਤੇ ਮੁਲਤਾਨ ਦੇ ਪੀਰ ਪ੍ਰਸੰਨ ਹੋਏ। ਮੁਲਤਾਨ ਤੋਂ ਗੁਰੂ ਜੀ ਕਰਤਾਰਪੁਰ ਆ ਗਏ।

ਇਸ ਦੁਨੀਆਂ ਵਿਚ ਬਹੁਤੇ ਮਹਾਂਪੁਰਖਾਂ ਨੂੰ ਆਪਣੇ ਤੋਂ ਬਾਅਦ ਕੋਈ ਯੋਗ ਜਾਨਸ਼ੀਨ ਨਹੀਂ ਮਿਲਿਆ ਜੋ ਅੱਗੇ ਹੋਰ ਪ੍ਰਚਾਰ ਕਰ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਭਾਈ ਲਹਿਣਾ ਜੀ ਨੂੰ ਆਤਮਿਕ ਗਿਆਨ ਬਖ਼ਸ਼ਿਸ਼ ਕੀਤਾ ਤਾਂ ਕਿ ਅੱਗੇ ਜੋਤ ਤੋਂ ਜੋਤ ਜਗਦੀ ਰਹੇ। ਭਾਈ ਲਹਿਣਾ ਜੀ ਦੀ ਬੇਅੰਤ ਵਾਰ ਪ੍ਰੀਖਿਆ ਹੋਈ ਤੇ ਉਹ ਹਰ ਪ੍ਰੀਖਿਆ ਵਿਚ ਪਾਸ ਹੋਏ। ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਗੁਰਤਾ ਗੱਦੀ ਨਹੀਂ ਬਖ਼ਸ਼ੀ ਸਗੋਂ ਭਾਈ ਲਹਿਣਾ ਜੀ ਨੂੰ ਥਾਪ ਕੇ ਸ੍ਰੀ ਗੁਰੂ ਅੰਗਦ ਦੇਵ ਬਣਾ ਦਿੱਤਾ। ਅੰਤ 22 ਸਤੰਬਰ 1539 ਈ. ਨੂੰ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਪੰਜ ਭੂਤਕ ਸਰੀਰ ਤਿਆਗ ਗਏ। ਉਸ ਸਮੇਂ ਆਪ ਜੀ ਦੀ ਉਮਰ 70 ਸਾਲ 5 ਮਹੀਨੇ 7 ਦਿਨ ਸੀ। ਸਤਿਗੁਰਾਂ ਨੇ ਅੰਤਮ ਸਮੇਂ ਬਚਨ ਕਹੇ :

---

* ਕੁਝ ਇਤਿਹਾਸਕਾਰਾਂ ਨੇ ਅਫ਼ਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਵੀ ਲਿਖਿਆ ਹੈ।

*'ਬਾਬਾ ਮੜੀ ਨ ਗੋਰ, ਗੁਰ ਅੰਗਦ ਕੇ ਹੀਏ ਮਹਿ।'*

ਭਾਵ ਗੁਰੂ ਜੋਤ ਹੁਣ ਗੁਰੂ ਅੰਗਦ ਦੇਵ ਜੀ ਵਿਚ ਪ੍ਰਵੇਸ਼ ਕਰ ਗਈ ਹੈ। ਗੁਰੂ ਨਾਨਕ ਜੀ ਨੂੰ ਹੋਰਨਾਂ ਥਾਂਵਾਂ 'ਤੇ ਨਾ ਢੂੰਡਣਾ ਸਗੋਂ ਉਹਨਾਂ ਦੇ ਦਰਸ਼ਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੂਪ ਵਿਚੋਂ ਹੀ ਹੋਣਗੇ। ਇਸੇ ਸੰਬੰਧ ਵਿਚ ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਦੇ ਬਚਨ ਹਨ :

*''ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ''*

ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਦੇਸ਼ ਦੀ ਕੀ ਹਾਲਤ ਸੀ?

ਪ੍ਰਸ਼ਨ (ਅ) : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼, ਵਿੱਦਿਆ ਤੇ ਬਾਲ ਲੀਲ੍ਹਾ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ੲ) : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ, ਸੁਲਤਾਨਪੁਰ ਮੋਦੀਖ਼ਾਨਾ ਤੇ ਵੇਈਂ ਉਪਦੇਸ਼ ਬਾਰੇ ਵਿਸਤਾਰ ਸਹਿਤ ਲਿਖੋ।

ਪ੍ਰਸ਼ਨ (ਸ) : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਤੇ ਪ੍ਰਚਾਰ ਬਾਰੇ ਚਾਨਣਾ ਪਾਉ ?

ਪ੍ਰਸ਼ਨ (ਹ) : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਜੀ ਤੇ ਤੀਜੀ ਉਦਾਸੀ ਸਮੇਂ ਧਰਮ ਪ੍ਰਚਾਰ ਦੇ ਮੁੱਖ ਸਥਾਨਾਂ ਬਾਰੇ ਚਾਨਣਾ ਪਾਓ ?

ਪ੍ਰਸ਼ਨ (ਕ) : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਸਮੇਂ ਪ੍ਰਚਾਰ ਦੇ ਮੁੱਖ ਕੇਂਦਰ ਕਿਹੜੇ ਸਨ ?

ਪ੍ਰਸ਼ਨ (ਖ) : ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਭਾਈ ਲਹਿਣਾ ਜੀ ਦਾ ਮਿਲਾਪ, ਗੁਰਤਾ ਗੱਦੀ ਬਖ਼ਸ਼ਿਸ਼ ਤੇ ਸੱਚਖੰਡ ਪਯਾਨਾ ਸੰਬੰਧੀ ਲਿਖੋ?

ਸੰਖੇਪ ਉੱਤਰ ਵਾਲੇ ਪ੍ਰਸ਼ਨ :

ਪ੍ਰਸ਼ਨ 1 : ਸਿੱਖ ਧਰਮ ਦੇ ਬਾਨੀ (ਮੋਢੀ) ਕੌਣ ਹਨ ?

ਉੱਤਰ : ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਹਨ।

ਪ੍ਰਸ਼ਨ 2 : 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ' ਦਾ ਭਾਵ ਅਰਥ ਕੀ ਹੈ ?

ਉੱਤਰ : ਇਸ ਦਾ ਭਾਵ ਅਰਥ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਪ੍ਰਗਟ ਹੋਏ ਤਾਂ ਇਸ ਧਰਤੀ ਤੋਂ ਅਗਿਆਨਤਾ ਰੂਪੀ ਧੁੰਧ ਦੂਰ ਹੋ ਗਈ ਅਤੇ ਗਿਆਨ ਰੂਪੀ ਚਾਨਣ ਹੋ ਗਿਆ। ਇਹ ਭਾਈ ਗੁਰਦਾਸ ਜੀ ਨੇ ਲਿਖਿਆ ਹੈ।

ਪ੍ਰਸ਼ਨ 3 : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕਦੋਂ ਅਤੇ ਕਿੱਥੇ ਹੋਇਆ ?

ਉੱਤਰ : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 20 ਵਿਸਾਖ ਸੰਮਤ 1526 ਅਨੁਸਾਰ 15 ਅਪ੍ਰੈਲ 1469 ਈ. ਨੂੰ ਰਾਇ ਭੋਇ ਦੀ ਤਲਵੰਡੀ (ਹੁਣ ਪਾਕਿਸਤਾਨ) ਵਿਖੇ ਹੋਇਆ। ਗੁਰੂ ਜੀ ਦਾ ਪ੍ਰਕਾਸ਼ ਸਥਾਨ ਹੋਣ ਕਰ ਕੇ ਰਾਇ ਭੋਇ ਦੀ ਤਲਵੰਡੀ ਦਾ ਨਾਮ ਹੁਣ 'ਨਨਕਾਣਾ ਸਾਹਿਬ' ਕਰ ਕੇ ਜਾਣਿਆ ਜਾਂਦਾ ਹੈ।

ਪ੍ਰਸ਼ਨ 4 : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?

ਉੱਤਰ : ਗੁਰੂ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਦਾ ਨਾਮ ਮਹਿਤਾ ਕਾਲੂ ਜੀ (ਸ੍ਰੀ ਕਲਿਆਣ ਦਾਸ ਜੀ) ਕਰ ਕੇ ਜਾਣਿਆ ਜਾਂਦਾ ਹੈ।

ਪ੍ਰਸ਼ਨ 5 : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਨਕੇ ਪਿੰਡ ਬਾਰੇ ਤੁਸੀਂ ਕੀ ਜਾਣਦੇ ਹੋ ?

ਉੱਤਰ : ਗੁਰੂ ਜੀ ਦਾ ਨਾਨਕਾ ਪਿੰਡ ਚਾਹਲ, ਤਹਿਸੀਲ ਲਾਹੌਰ ਵਿਚ ਸੀ। ਇਥੇ ਹੀ ਉਹਨਾਂ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਦਾ ਜਨਮ 1464 ਈ. ਵਿਚ ਹੋਇਆ। ਸਮੇਂ ਦੀ ਲੋਕ ਰੀਤੀ ਅਨੁਸਾਰ ਭਰਾ ਦਾ ਨਾਮ ਵੀ ਭੈਣ ਦੇ ਨਾਮ ਨਾਨਕੀ ਜੀ ਤੋਂ 'ਨਾਨਕ' ਰੱਖਿਆ ਗਿਆ।

ਪ੍ਰਸ਼ਨ 6 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੀ ਰਾਜਨੀਤਕ ਹਾਲਤ ਸੰਬੰਧੀ ਆਪਣੀ ਬਾਣੀ ਵਿਚ ਕੀ ਫ਼ੁਰਮਾਇਆ ਹੈ ?

ਉੱਤਰ : ਗੁਰੂ ਜੀ ਨੇ ਫ਼ੁਰਮਾਇਆ ਕਿ ਉਸ ਵੇਲੇ ਸਮਾਂ ਕਾਲੀ ਰਾਤ ਵਾਂਗ ਸੀ। ਹੱਥ ਵਿਚ ਛੁਰੀ ਲਈ ਰਾਜੇ ਕਸਾਈ ਬਣੇ ਹੋਏ ਸਨ ਅਤੇ ਧਰਮ ਤੇ ਫ਼ਰਜ਼ ਤਾਂ ਜਾਣੋ ਖੰਭ ਲਾ ਕੇ ਉੱਡ ਗਿਆ ਸੀ।

ਪ੍ਰਸ਼ਨ 7 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੀ ਧਾਰਮਿਕ ਹਾਲਤ ਸੰਬੰਧੀ ਕੀ ਲਿਖਿਆ ਹੈ, ਗੁਰਬਾਣੀ ਦਾ ਹਵਾਲਾ ਦਿਓ ?

ਉੱਤਰ : ਗੁਰੂ ਜੀ ਨੇ ਧਾਰਮਿਕ ਹਾਲਤ ਸੰਬੰਧੀ ਇਉਂ ਲਿਖਿਆ ਹੈ :

*ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਉਜਾੜੇ ਕਾ ਬੰਧੁ ॥*

ਪ੍ਰਸ਼ਨ 8 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਡਤ ਹਰਦਿਆਲ ਜੀ ਨੂੰ ਕਿਹੜਾ ਜੰਞੂ ਪਹਿਨਾਉਣ ਲਈ ਕਿਹਾ ?

ਉੱਤਰ : ਗੁਰੂ ਜੀ ਨੇ ਪੰਡਿਤ ਜੀ ਨੂੰ ਕਿਹਾ ਕਿ ਮੈਂ ਉਹ ਜੰਞੂ ਪਾਉਣ ਲਈ ਤਿਆਰ ਹਾਂ ਜਿਸ ਵਿਚ ਦਇਆ ਰੂਪੀ ਕਪਾਹ, ਸੰਤੋਖ ਰੂਪੀ ਸੂਤ, ਜਤ ਦੀਆਂ ਗੰਢਾਂ ਤੇ ਸਤੁ ਦਾ ਵਟ ਹੋਵੇ। ਗੁਰੂ ਜੀ ਨੇ ਸਮਾਜ ਨੂੰ ਗੁਣਾਂ ਦਾ ਜਨੇਊ ਪਾਉਣ ਦੀ ਤਾਕੀਦ ਕੀਤੀ।

ਪ੍ਰਸ਼ਨ 9 : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਕਦੋਂ ਤੇ ਕਿਥੇ ਹੋਇਆ ?

ਉੱਤਰ : ਗੁਰੂ ਜੀ ਦਾ ਵਿਆਹ 18 ਸਾਲ ਦੀ ਉਮਰ ਵਿਚ ਬਟਾਲਾ ਦੇ ਵਾਸੀ ਸ੍ਰੀ ਮੂਲ ਚੰਦ ਚੋਣਾ ਜੀ ਦੀ ਸਪੁੱਤਰੀ ਸ੍ਰੀ ਸੁਲੱਖਣੀ ਜੀ ਨਾਲ 1487 ਈ. ਨੂੰ ਹੋਇਆ।

ਪ੍ਰਸ਼ਨ 10 : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਤਾਨ ਬਾਰੇ ਦੱਸੋ ?

ਉੱਤਰ : ਗੁਰੂ ਜੀ ਦੇ ਵੱਡੇ ਸਪੁੱਤਰ ਦਾ ਨਾਮ ਬਾਬਾ ਸ੍ਰੀ ਚੰਦ ਜੀ ਅਤੇ ਛੋਟੇ ਸਪੁੱਤਰ ਦਾ ਨਾਮ ਬਾਬਾ ਲੱਖਮੀ ਦਾਸ ਸੀ।

ਪ੍ਰਸ਼ਨ 11 : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ 'ਨਾ ਕੋ ਹਿੰਦੂ ਨਾ ਮੁਸਲਮਾਨ' ਤੋਂ ਕੀ ਭਾਵ ਹੈ ?

ਉੱਤਰ : ਇਸ ਤੋਂ ਭਾਵ ਕਿ ਸਾਰੇ ਮਨੁੱਖ ਇਕ ਪਰਮਾਤਮਾ ਦੀ ਸੰਤਾਨ ਹਨ। ਪਰਮਾਤਮਾ ਇਕ ਹੈ। ਇਸ ਲਈ ਹਿੰਦੂ ਜਾਂ ਮੁਸਲਮਾਨ ਦਾ ਵਿਤਕਰਾ ਛੱਡੋ ਤੇ ਚੰਗੇ ਇਨਸਾਨ ਬਣ ਕੇ ਇਕ ਦੂਜੇ ਨੂੰ ਪਿਆਰ ਕਰੋ।

ਪ੍ਰਸ਼ਨ 12 : ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਭਾਈ ਗੁਰਦਾਸ ਜੀ ਨੇ ਕੀ ਲਿਖਿਆ ਹੈ ?

ਉੱਤਰ : 'ਉਦਾਸੀ' ਤੋਂ ਭਾਵ ਪ੍ਰਚਾਰ ਲਈ ਸੰਸਾਰ ਯਾਤਰਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ, 'ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ।' ਗੁਰੂ ਜੀ ਦੂਰ-ਦੂਰ ਤੱਕ ਧਰਮ ਪ੍ਰਚਾਰ ਲਈ ਗਏ।

ਪ੍ਰਸ਼ਨ 13 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਹੌਰ ਦੇ ਦੁਨੀ ਚੰਦ ਨੂੰ ਕੀ ਉਪਦੇਸ਼ ਦਿੱਤਾ ?

ਉੱਤਰ : ਗੁਰੂ ਜੀ ਨੇ ਦੁਨੀ ਚੰਦ ਨੂੰ ਸਮਝਾਇਆ ਕਿ ਮਰਨ ਲੱਗਾ ਮਨੁੱਖ ਤਾਂ ਆਪਣੇ ਨਾਲ ਛੋਟੀ ਜਿਹੀ ਸੂਈ ਵੀ ਨਹੀਂ ਲਿਜਾ ਸਕਦਾ। ਇਸ ਲਈ ਤੁਸੀਂ ਆਪਣੇ ਮੋਏ ਪਿਤਾ ਦਾ ਸਰਾਧ ਖਵਾ ਕੇ ਉਥੇ ਭੋਜਨ ਕਿਵੇਂ ਪੁਚਾ ਦਿਓਗੇ।

ਪ੍ਰਸ਼ਨ 14 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ ਵਿਖੇ ਮੋਏ ਪਿੱਤਰਾਂ ਨੂੰ ਪਾਣੀ ਦੇ ਰਹੇ ਲੋਕਾਂ ਨੂੰ ਕੀ ਸਮਝਾਇਆ ?

ਉੱਤਰ : ਉਥੇ ਲੋਕ ਚੜ੍ਹਦੇ ਵੱਲ ਮੂੰਹ ਕਰ ਕੇ ਮੋਏ ਪਿੱਤਰਾਂ ਨੂੰ ਪਾਣੀ ਦੇ ਰਹੇ ਸਨ। ਗੁਰੂ ਜੀ ਨੇ ਸਮਝਾਇਆ ਕਿ ਭਰਮ ਤਿਆਗੋ, ਇਹ ਪਾਣੀ ਤਾਂ ਇਥੇ ਹੀ ਡਿੱਗ ਰਿਹਾ ਹੈ, ਕਿਧਰੇ ਵੀ ਨਹੀਂ ਜਾਂਦਾ। ਤੁਸੀਂ ਜਿਊਂਦੇ ਜੀਅ ਮਾਂ ਬਾਪ ਦੀ ਸੇਵਾ ਕਰਿਆ ਕਰੋ ਤੇ ਪਰਮਾਤਮਾ ਦਾ ਨਾਮ ਜਪਿਆ ਕਰੋ।

ਪ੍ਰਸ਼ਨ 15 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਨਨਾਥ ਪੁਰੀ ਦੇ ਪੰਡਤਾਂ ਨੂੰ ਆਰਤੀ ਬਾਰੇ ਕੀ ਦੱਸਿਆ ?

ਉੱਤਰ : ਗੁਰੂ ਜੀ ਨੇ ਦੀਵਿਆਂ ਦੀ ਆਰਤੀ ਉਤਾਰਨ ਵਾਲੇ ਪੁਜਾਰੀਆਂ ਨੂੰ ਉਪਦੇਸ਼ ਦਿੱਤਾ ਕਿ ਜਗਨਨਾਥ ਭਾਵ ਜਗਤ ਦਾ ਸੁਆਮੀ ਸਰਬ ਵਿਆਪਕ ਪਰਮਾਤਮਾ

ਹੈ। ਉਸ ਕਰਤੇ ਦੀ ਆਰਤੀ ਆਪੇ ਹੀ ਹੋ ਰਹੀ ਹੈ। ਇਥੇ ਗੁਰੂ ਜੀ ਨੇ *''ਗਗਨ ਮਹਿ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ''* ਸ਼ਬਦ ਉਚਾਰਿਆ।

ਪ੍ਰਸ਼ਨ 16 : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨੂਰ ਸ਼ਾਹ ਜਾਦੂਗਰਨੀ ਉੱਪਰ ਕੀ ਪ੍ਰਭਾਵ ਪਿਆ ?

ਉੱਤਰ : ਨੂਰ ਸ਼ਾਹ ਜਾਦੂਗਰਨੀ ਪਾਖੰਡ ਕਰਮ ਕਰਕੇ, ਜੰਤਰਾਂ ਮੰਤਰਾਂ ਤੇ ਜਾਦੂ ਟੂਣਿਆਂ ਦਾ ਡਰ ਪਾ ਕੇ ਲੋਕਾਂ ਨੂੰ ਭਰਮਾ ਲੈਂਦੀ ਸੀ। ਗੁਰੂ ਜੀ ਦੇ ਮੁੱਖੋਂ ਬਾਣੀ ਸੁਣ ਕੇ, ਜਾਦੂ ਟੂਣੇ ਤਿਆਗ ਕੇ ਸੱਚੀ ਭਗਤੀ ਕਰਨ ਲੱਗ ਪਈ। ਇਸ ਤੋਂ ਸਾਨੂੰ ਇਹ ਵੀ ਸਿੱਖਿਆ ਮਿਲਦੀ ਹੈ ਕਿ ਜਾਦੂ-ਟੂਣੇ ਤੇ ਜੰਤਰ-ਮੰਤਰ ਸਭ ਪਾਖੰਡ ਹਨ।

ਪ੍ਰਸ਼ਨ 17 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕੇ ਦੇ ਹਾਜੀਆਂ ਨੂੰ ਕੀ ਉਪਦੇਸ਼ ਕੀਤਾ ?

ਉੱਤਰ : ਜਦ ਹਾਜੀਆਂ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਅੱਲ੍ਹਾ ਦੇ ਘਰ ਵੱਲ ਪੈਰ ਕਰ ਕੇ ਕਿਉਂ ਸੁੱਤੇ ਹੋ ? ਗੁਰੂ ਜੀ ਨੇ ਫ਼ੁਰਮਾਇਆ ਕਿ ਅੱਲ੍ਹਾ ਦਾ ਘਰ ਤਾਂ ਹਰ ਪਾਸੇ ਹੈ, ਜਿਧਰ ਅੱਲ੍ਹਾ ਦਾ ਘਰ ਨਹੀਂ ਮੇਰੇ ਪੈਰ ਉਧਰ ਕਰ ਦਿਉ।

ਪ੍ਰਸ਼ਨ 18 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਬਾਅਦ ਕਿਸ ਨੂੰ ਗੁਰਤਾ ਗੱਦੀ ਬਖ਼ਸ਼ੀ ?

ਉੱਤਰ : ਗੁਰੂ ਜੀ ਨੇ ਆਪਣੇ ਪਿਆਰੇ ਸਿੱਖ ਭਾਈ ਲਹਿਣਾ ਜੀ ਨੂੰ ਗੁਰਤਾ ਗੱਦੀ ਬਖ਼ਸ਼ ਕੇ ਸ੍ਰੀ ਗੁਰੂ ਅੰਗਦ ਦੇਵ ਬਣਾ ਦਿੱਤਾ।

ਪ੍ਰਸ਼ਨ 19 : ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਕਦੋਂ ਸਮਾਏ ਅਤੇ ਉਹਨਾਂ ਨੇ ਅੰਤਮ ਬਚਨ ਕੀ ਕਹੇ ਸਨ ?

ਉੱਤਰ : ਗੁਰੂ ਜੀ ਨੇ 22 ਸਤੰਬਰ 1539 ਈ. ਨੂੰ ਕਰਤਾਰਪੁਰ ਵਿਖੇ ਪੰਜ ਭੂਤਕ ਸਰੀਰ ਤਿਆਗਿਆ। ਉਸ ਸਮੇਂ ਆਪ ਜੀ ਦੀ ਉਮਰ 70 ਸਾਲ 5 ਮਹੀਨੇ 7 ਦਿਨ ਸੀ। ਗੁਰੂ ਜੀ ਦੇ ਅੰਤਮ ਬਚਨ ਸਨ, *''ਬਾਬਾ ਮੜੀ ਨ ਗੋਰ ਗੁਰ ਅੰਗਦ ਕੇ ਹੀਏ ਮਹਿ''।* ਭਾਵ ਗੁਰੂ ਜੋਤ ਹੁਣ ਗੁਰੂ ਅੰਗਦ ਦੇਵ ਜੀ ਵਿਚ ਪਰਵੇਸ਼ ਕਰ ਗਈ ਹੈ।

ਪ੍ਰਸ਼ਨ 20 : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਪਰਉਪਕਾਰ ਤਿੰਨ ਚਾਰ ਪੰਕਤੀਆਂ ਵਿਚ ਲਿਖੋ।

ਉੱਤਰ : ਗੁਰੂ ਜੀ ਨੇ ਸੰਸਾਰ ਦੇ ਭਲੇ ਲਈ ਚਾਰ ਲੰਬੀਆਂ ਯਾਤਰਾਵਾਂ (ਉਦਾਸੀਆਂ) ਕੀਤੀਆਂ। ਧਾਰਮਿਕ, ਸਮਾਜਿਕ ਤੇ ਰਾਜਨੀਤਕ ਪੱਖੋਂ ਸਮਾਜ ਨੂੰ ਜੀਵਨ ਜਾਚ ਦਾ ਸਹੀ ਰਾਹ ਦੱਸਿਆ। ਵਹਿਮਾਂ ਭਰਮਾਂ ਦੇ ਹਨੇਰੇ ਵਿਚ ਭਟਕਦੇ ਲੋਕਾਂ ਨੂੰ ਗਿਆਨ ਦੇ ਪ੍ਰਕਾਸ਼ ਰਾਹੀਂ ਜਾਗਰਤ ਕੀਤਾ। ਸਭਨਾਂ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ।

# ਦੂਜੇ ਪਾਤਸ਼ਾਹ

## ਸ੍ਰੀ ਗੁਰੂ ਅੰਗਦ ਦੇਵ ਜੀ

*ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।*
*ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।*
*ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪ ਵਟਾਇਆ।*
*ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।*
*ਕਾਇਆ ਪਲਟਿ ਸਰੂਪ ਬਣਾਇਆ–*

(ਭਾਈ ਗੁਰਦਾਸ ਜੀ)

- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਜਗਤ ਵਿਚ ਐਸੀ ਕਲਾ ਵਰਤਾਈ ਕਿ ਨਵਾਂ ਨਿਰਮਲ ਪੰਥ ਚਲਾ ਦਿੱਤਾ।
- ਗੁਰੂ ਜੀ ਨੇ ਆਪਣੇ ਜੀਉਂਦੇ ਜੀਅ ਭਾਈ ਲਹਿਣਾ ਜੀ ਨੂੰ ਗੁਰਤਾ ਗੱਦੀ ਪੁਰ ਬਿਠਾ ਕੇ ਗੁਰਿਆਈ ਦਾ ਛਤਰ ਉਹਨਾਂ ਦੇ ਸਿਰ ਪੁਰ ਫਿਰਾਇਆ।
- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਭਾਈ ਲਹਿਣਾ ਜੀ ਦੀ ਜੋਤ 'ਚ ਮਿਲਾ ਕੇ ਰੂਪ ਹੀ ਵਟਾਇਆ।
- ਇਸ ਭੇਦ ਨੂੰ ਕੋਈ ਜਾਣ ਨਹੀਂ ਸਕਿਆ, ਕਿਉਂਕਿ ਅਚਰਜ ਪਾਤਸ਼ਾਹ ਨੇ ਅਚਰਜ ਕੌਤਕ ਦਿਖਾ ਦਿੱਤਾ।
- ਅੰਤ ਵਿਚ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਰੀਰ ਪਲਟ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਰੂਪ ਆਪਣੇ ਵਰਗਾ ਬਣਾ ਦਿੱਤਾ।

## ਸੰਖੇਪ ਜੀਵਨ ਦਰਸ਼ਨ-ਸ੍ਰੀ ਗੁਰੂ ਅੰਗਦ ਦੇਵ ਜੀ

ਮਾਤਾ :- ਸ੍ਰੀ ਦਇਆ ਕੌਰ ਜੀ

ਪਿਤਾ :- ਸ੍ਰੀ ਫੇਰੂ ਮੱਲ ਜੀ

ਪ੍ਰਕਾਸ਼ (ਜਨਮ) :- 31 ਮਾਰਚ 1504 ਈ.

ਸਥਾਨ :- ਮੱਤੇ (ਨਾਂਗੇ) ਦੀ ਸਰਾਂ, ਜ਼ਿਲ੍ਹਾ ਫ਼ਿਰੋਜ਼ਪੁਰ

ਸੁਪਤਨੀ :- ਖੀਵੀ ਜੀ

ਸੰਤਾਨ :- ਸ੍ਰੀ ਦਾਸੂ ਜੀ, ਸ੍ਰੀ ਦਾਤੂ ਜੀ (ਸਪੁੱਤਰ)

ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ (ਸਪੁੱਤਰੀਆਂ)

ਗੁਰੂ ਕਾਲ :- 22 ਸਤੰਬਰ 1539 ਈ. ਤੋਂ 29 ਮਾਰਚ 1552 ਈ. ਤੱਕ

## ਮਹਾਨ ਕਾਰਜ (ਪਰਉਪਕਾਰ)

ਸ੍ਰੀ ਖਡੂਰ ਸਾਹਿਬ ਧਰਮ ਪ੍ਰਚਾਰ ਦਾ ਕੇਂਦਰ ਬਣਾਇਆ। ਇਥੇ ਗੁਰੂ ਕਾ ਲੰਗਰ ਚੱਲਦਾ ਅਤੇ ਸਰੀਰਕ ਕਸਰਤ ਲਈ ਮੱਲ ਅਖਾੜੇ ਚਲਾਏ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਭਾਲ ਕੀਤੀ ਅਤੇ ਉਹਨਾਂ ਦੇ ਜੀਵਨ ਇਤਿਹਾਸ ਤੇ ਉਪਦੇਸ਼ਾਂ ਨੂੰ ਤਰਤੀਬ ਦੇ ਕੇ ਸੰਭਾਲਿਆ। ਗੁਰਮੁਖੀ ਲਿਪੀ ਨੂੰ ਸਵਾਰ ਕੇ ਗੁਰੂ ਜੀ ਨੇ ਆਪਣੇ ਕਰ-ਕਮਲਾਂ ਨਾਲ ਬਾਲ-ਬੋਧ ਤਿਆਰ ਕੀਤੇ। ਸਿੱਖਾਂ ਵਿਚ ਨਿਤਨੇਮ ਦੀ ਮਰਯਾਦਾ ਪ੍ਰਪੱਕ ਕੀਤੀ। ਸਿੱਖੀ ਦਾ ਪ੍ਰਚਾਰ ਕਰਕੇ ਸਿੱਖ ਧਰਮ ਨੂੰ ਉਦਾਸੀ ਮੱਤ ਦੇ ਪ੍ਰਭਾਵ ਤੋਂ ਬਚਾਇਆ। ਆਪ ਜੀ ਦੀ ਬਾਣੀ ਮਹਲਾ ੨ (ਮਹਲਾ-ਦੂਜਾ) ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਕੁੱਲ 63 ਸ਼ਬਦ ਤੇ ਸਲੋਕ ਹਨ।

ਪਵਿੱਤਰ ਨਗਰ ਵਸਾਏ :- ਸ੍ਰੀ ਖਡੂਰ ਸਾਹਿਬ।

ਜੋਤੀ ਜੋਤਿ :- 29 ਮਾਰਚ 1552 ਈ. ਨੂੰ ਸ੍ਰੀ ਖਡੂਰ ਸਾਹਿਬ ਵਿਖੇ।

ਕੁਲ ਉਮਰ :- 48 ਸਾਲ।

## (ੳ) ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਰਿਵਾਰਕ ਪਿਛੋਕੜ ਤੇ ਮੁੱਢਲਾ ਜੀਵਨ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ 'ਲਹਿਣਾ' ਜੀ ਸੀ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਬਾਅਦ ਇਹਨਾਂ ਨੂੰ ਗੁਰੂ ਥਾਪਿਆ ਤਾਂ ਆਪ ਜੀ ਦਾ ਨਾਮ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਚੱਲਤ ਹੋਇਆ। ਸਿੱਖ ਧਰਮ ਵਿਚ ਇਕ ਗੰਭੀਰ ਪ੍ਰਸ਼ਨ ਹੈ ਕਿ ਜੇਕਰ ਕੋਈ ਸਵਾਲ ਕਰੇ ਕਿ ਸਿੱਖ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ? ਇਸ ਸਵਾਲ ਦਾ ਸੰਪੂਰਨ ਜਵਾਬ ਹੈ ਕਿ ਇਹ ਉੱਤਰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ ਇਤਿਹਾਸ ਪੜ੍ਹ ਕੇ ਮਿਲ ਜਾਵੇਗਾ।

ਭਾਈ ਲਹਿਣਾ ਜੀ ਦਾ ਜਨਮ 31 ਮਾਰਚ 1504 ਈ. ਨੂੰ ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਫੇਰੂ ਮੱਲ ਜੀ ਅਤੇ ਮਾਤਾ ਦਾ ਨਾਮ ਸ੍ਰੀ ਦਇਆ ਕੌਰ ਜੀ ਸੀ। ਮੱਤੇ ਦੀ ਸਰਾਂ ਜੋ ਸ੍ਰੀ ਮੁਕਤਸਰ, ਜ਼ਿਲ੍ਹਾ ਫਿਰੋਜ਼ਪੁਰ ਤੋਂ 5-6 ਕੋਹ ਉਤਰ ਪੂਰਬ ਵੱਲ ਸੀ। ਬਾਬਰ ਦੇ ਹਮਲੇ ਸਮੇਂ ਇਹ ਨਗਰ ਲੁੱਟ ਮਾਰ ਵਿਚ ਥੇਹ ਹੋ ਗਿਆ। ਇਸ ਥੇਹ ਦੇ ਲਾਗੇ ਇਕ ਨਾਂਗੇ ਸਾਧੂ ਨੇ ਇਹ ਪਿੰਡ ਦੁਬਾਰਾ ਵਸਾਇਆ ਤਾਂ ਇਸ ਦਾ ਨਾਮ ਨਾਂਗੇ ਦੀ ਸਰਾਂ ਮਸ਼ਹੂਰ ਹੋਇਆ। ਹੁਣ ਇਹ ਪਿੰਡ ਮੌਜੂਦ ਹੈ। ਇਸ ਦੇ ਪਾਸ ਮੱਤੇ ਦੀ ਸਰਾਂ ਦੇ ਥੇਹ ਉੱਪਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜਨਮ ਤੇ ਨਿਵਾਸ ਵਾਲੇ ਸਥਾਨ ਉੱਪਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਥੇ ਵੈਸਾਖੀ ਨੂੰ ਮੇਲਾ ਲੱਗਦਾ ਹੈ।

ਭਾਈ ਲਹਿਣਾ ਜੀ ਦੇ ਮਾਤਾ ਪਿਤਾ ਚੰਗੇ ਗ੍ਰਹਿਸਤੀ ਤੇ ਵੈਸ਼ਨੋ ਦੇਵੀ ਦੇ ਭਗਤ ਸਨ। ਸ੍ਰੀ ਫੇਰੂ ਮੱਲ ਜੀ ਫਿਰੋਜ਼ਪੁਰ ਦੇ ਪਠਾਣ ਹਾਕਮ ਦੇ ਖ਼ਜ਼ਾਨਚੀ ਸਨ ਤੇ ਪਿੰਡ ਵਿਚ ਦੁਕਾਨਦਾਰੀ ਦਾ ਧੰਦਾ ਵੀ ਕਰਦੇ ਸਨ। ਭਾਈ ਲਹਿਣਾ ਜੀ ਨੇ ਮੁੱਢਲੀ ਵਿੱਦਿਆ ਆਪਣੇ ਪਿਤਾ ਜੀ ਪਾਸੋਂ ਹੀ ਪ੍ਰਾਪਤ ਕੀਤੀ। ਜਦ ਪੰਜਾਬ ਵਿਚ ਬਦ-ਅਮਨੀ ਦੇ ਹਾਲਾਤ ਪੈਦਾ ਹੋਏ ਅਤੇ ਮੱਤੇ ਦੀ ਸਰਾਂ ਨੂੰ ਲੁੱਟਿਆ ਤੇ ਉਜਾੜਿਆ ਗਿਆ ਤਾਂ ਉਸ ਸਮੇਂ ਹੀ ਭਾਈ ਫੇਰੂ ਮੱਲ ਜੀ ਪਰਿਵਾਰ ਸਮੇਤ ਹਰੀ ਕੇ ਪੱਤਣ ਕੁਝ ਸਮਾਂ ਗੁਜ਼ਾਰ ਕੇ ਪਿੰਡ ਸੰਘਰ ਆ ਗਏ ਸਨ। ਬਾਬਾ ਫੇਰੂ ਮੱਲ ਜੀ ਦੀ ਭੈਣ ਮਾਤਾ ਭਰਾਈ (ਸਭਰਾਈ) ਜੀ ਇਥੇ ਹੀ ਵਿਆਹੀ ਹੋਈ ਸੀ। ਇਹ ਪਿੰਡ ਵੀ ਉਜੜ ਕੇ ਬਾਅਦ ਵਿਚ ਥੇਹ ਬਣ ਗਿਆ। ਇਥੇ ਹੀ ਭਾਈ ਲਹਿਣਾ ਜੀ ਦਾ ਵਿਆਹ 1519 ਈ. ਵਿਚ ਸ੍ਰੀ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਭਾਈ ਲਹਿਣਾ ਜੀ ਦੇ ਗ੍ਰਹਿ ਵਿਖੇ ਮਾਤਾ ਖੀਵੀ ਜੀ ਦੀ ਕੁੱਖੋਂ ਸ੍ਰੀ ਦਾਸੂ ਜੀ ਤੇ ਸ੍ਰੀ ਦਾਤੂ ਜੀ ਸਪੁੱਤਰਾਂ ਅਤੇ ਬੀਬੀ ਅਮਰੋ ਤੇ ਬੀਬੀ ਅਨੋਖੀ ਜੀ ਸਪੁੱਤਰੀਆਂ ਦਾ ਜਨਮ ਹੋਇਆ।

ਬਾਬਾ ਫੇਰੂ ਮੱਲ ਜੀ 1526 ਈ. ਵਿਚ ਅਕਾਲ ਚਲਾਣਾ ਕਰ ਗਏ। ਉਹ ਧਾਰਮਿਕ ਰੁਚੀ ਵਾਲੇ ਵੈਸ਼ਨੋ ਦੇਵੀ ਦੇ ਭਗਤ ਸਨ। ਉਹ ਹਰ ਸਾਲ ਦੇਵੀ ਭਗਤਾਂ ਦਾ ਸੰਗ ਲੈ ਕੇ ਦੇਵੀ ਦੇ ਦਰਸ਼ਨਾਂ ਲਈ ਜਵਾਲਾਮੁਖੀ ਜਾਇਆ ਕਰਦੇ ਸਨ। ਮਾਤਾ ਪਿਤਾ ਦੇ ਵਿਚਾਰਾਂ ਦਾ ਪ੍ਰਭਾਵ ਹਰੇਕ ਬੱਚੇ ਉਪਰ ਸੁਭਾਵਕ ਹੀ ਪੈਂਦਾ ਹੈ। ਇਸ ਲਈ ਭਾਈ ਲਹਿਣਾ ਜੀ ਵੀ ਬਚਪਨ ਤੋਂ ਹੀ ਭਗਤੀ ਭਾਵਨਾ ਵਾਲੇ ਤੇ ਦੇਵੀ ਭਗਤ ਸਨ। ਪਿਤਾ ਜੀ ਦੀ ਮੌਤ ਤੋਂ ਬਾਅਦ ਕਾਰ ਵਿਹਾਰ ਦਾ ਸਾਰਾ ਕੰਮ ਭਾਈ ਲਹਿਣਾ ਜੀ ਦੇ ਜ਼ਿੰਮੇ ਪੈ ਗਿਆ। ਵਪਾਰ ਕਾਰੋਬਾਰ ਵਿਚ ਆਪ ਜੀ ਨੇ ਚੰਗੀ ਸਫ਼ਲਤਾ ਪ੍ਰਾਪਤ ਕੀਤੀ। ਹੁਣ ਉਹ ਵੀ ਆਪਣੇ ਪਿਤਾ ਜੀ ਵਾਂਗ ਦੇਵੀ ਭਗਤਾਂ ਦੇ ਆਗੂ ਬਣ ਕੇ ਹਰ ਸਾਲ ਦੇਵੀ ਦੇ ਦਰਸ਼ਨਾਂ ਨੂੰ ਜਵਾਲਾਮੁਖੀ ਜਾਣ ਲੱਗ ਪਏ ਸਨ। ਉਹਨਾਂ ਦਿਨਾਂ ਵਿਚ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ ਭਾਈ ਜੋਧ ਜੀ ਰਹਿੰਦਾ ਸੀ। ਉਹ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦਾ ਤੇ ਬਾਣੀ ਦਾ ਪਾਠ ਕਰਦਾ ਸੀ। ਇਕ ਦਿਨ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਾਠ ਕਰ ਰਿਹਾ ਸੀ :

*ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥*
*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥*

(ਪੰਨਾ ੪੭੪)

ਇਹ ਬਾਣੀ ਸੁਣ ਕੇ ਭਾਈ ਲਹਿਣਾ ਜੀ ਨੂੰ ਆਤਮਿਕ ਸ਼ਾਂਤੀ ਮਿਲੀ ਤੇ ਆਪ ਨੇ ਭਾਈ ਜੋਧ ਜੀ ਨੂੰ ਪੁੱਛਿਆ ਕਿ ਇਹ ਕਿਸ ਦੀ ਬਾਣੀ ਪੜ੍ਹਦੇ ਹੋ ? ਭਾਈ ਜੋਧ ਜੀ ਨੇ ਕਿਹਾ ਕਿ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਉਸੇ ਦਿਨ ਤੋਂ ਹੀ ਭਾਈ ਲਹਿਣਾ ਜੀ ਦੇ ਮਨ ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਲਟਕ ਪੈਦਾ ਹੋ ਗਈ। ਪਰਮਾਤਮਾ ਆਪ ਖੇਡ ਵਰਤਾਉਂਦਾ ਹੈ ਕਿ ਜਦੋਂ ਸੱਚੀ ਲਗਨ ਹੋਵੇ ਤਾਂ ਉਸ ਦੀ ਪ੍ਰਾਪਤੀ ਲਈ ਸਮਾਂ ਤੇ ਸਾਧਨ ਵੀ ਬਣ ਜਾਂਦੇ ਹਨ। ਇਸੇ ਤਰ੍ਹਾਂ ਹੀ ਭਾਈ ਲਹਿਣਾ ਜੀ ਨਾਲ ਵਾਪਰਿਆ ਕਿ ਉਹਨਾਂ ਦਾ ਜੀਵਨ ਹੀ ਬਦਲ ਗਿਆ।

### (ਅ) ਭਾਈ ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ

ਇਹ ਘਟਨਾ 1532 ਈ. ਦੀ ਹੈ, ਜਦ ਭਾਈ ਲਹਿਣਾ ਜੀ ਦੇਵੀ ਭਗਤਾਂ ਦਾ ਸੰਗ ਲੈ ਕੇ ਜਵਾਲਾਮੁਖੀ ਨੂੰ ਰਵਾਨਾ ਹੋਏ। ਮਨ ਵਿਚ ਇਹ ਪੱਕਾ ਇਰਾਦਾ ਸੀ ਕਿ ਇਸ ਵਾਰੀ ਸ੍ਰੀ ਕਰਤਾਰਪੁਰ ਸਾਹਿਬ ਹੋ ਕੇ ਜਾਣਾ ਹੈ। ਖਡੂਰ ਸਾਹਿਬ ਤੋਂ ਕਰਤਾਰਪੁਰ ਦਾ ਪੈਂਡਾ ਕੋਈ ਪੰਜਾਹ ਮੀਲ ਦਾ ਹੋਵੇਗਾ। ਅੰਮ੍ਰਿਤਸਰ ਤਾਂ ਅਜੇ ਵਸਿਆ ਹੀ ਨਹੀਂ ਸੀ। ਖਡੂਰ ਸਾਹਿਬ ਤੋਂ ਕਰਤਾਰਪੁਰ ਜਾਣ ਲਈ ਪੁਰਾਣਾ ਨਗਰ ਬਟਾਲਾ ਸੀ। ਭਾਈ ਲਹਿਣਾ ਜੀ ਦੇਵੀ ਦਰਸ਼ਨਾਂ ਨੂੰ ਜੰਮੂ ਜਾਂਦੇ ਹੋਏ ਅਕਤੂਬਰ/ਨਵੰਬਰ 1532 ਈ. ਵਿਚ ਸਾਰੇ ਸੰਗੀਆਂ ਸਾਥ

ਰਸਤੇ ਵਿਚ ਸ੍ਰੀ ਕਰਤਾਰਪੁਰ ਵਿਖੇ ਠਹਿਰੇ।

ਰਾਤ ਨੂੰ ਸੰਗੀ ਸਾਥੀਆਂ ਨੇ ਮਾਤਾ ਦੀਆਂ ਭੇਟਾਂ ਗਾਈਆਂ ਤੇ ਸੌਂ ਗਏ। ਅਗਲੇ ਦਿਨ ਸੰਗੀਆਂ ਨੂੰ ਕਹਿ ਕੇ ਭਾਈ ਲਹਿਣਾ ਜੀ ਘੋੜੀ 'ਤੇ ਸਵਾਰ ਹੋ ਕੇ ਗੁਰੂ ਨਾਨਕ ਜੀ ਦੇ ਦਰਸ਼ਨਾਂ ਨੂੰ ਗਏ। ਰਸਤੇ ਵਿਚ ਇਕ ਭਲਾ ਪੁਰਸ਼ ਮਿਲਿਆ ਤਾਂ ਘੋੜੀ 'ਤੇ ਸਵਾਰ ਭਾਈ ਲਹਿਣਾ ਜੀ ਨੇ ਪੁੱਛਿਆ ਕਿ ਪੁਰਖਾ ! 'ਮੈਂ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਜਾਣਾ ਹੈ, ਕਿਰਪਾ ਕਰਕੇ ਮੈਨੂੰ ਰਾਹ ਦੱਸੋ।' ਭਲੇ ਪੁਰਸ਼ ਨੇ ਕਿਹਾ, 'ਮੇਰੇ ਪਿੱਛੇ-ਪਿੱਛੇ ਘੋੜੀ ਲਈ ਆ, ਮੈਂ ਵੀ ਉਧਰ ਹੀ ਜਾਣਾ ਹੈ।'

ਧਰਮਸ਼ਾਲਾ ਦੇ ਬੂਹੇ ਪਾਸ ਜਾ ਕੇ ਭਲੇ ਪੁਰਖ ਨੇ ਕਿਹਾ ਕਿ ਪੁਰਖਾ ! ਘੋੜੀ ਉਸ ਕਿੱਲੇ ਨਾਲ ਬੰਨ੍ਹ ਦੇ ਅਤੇ ਇਸ ਦਰਵਾਜ਼ੇ ਰਾਹੀਂ ਅੰਦਰ ਲੰਘ ਜਾ।' ਭਾਈ ਲਹਿਣਾ ਜੀ ਜਦ ਘੋੜੀ ਨੂੰ ਕਿੱਲੇ ਨਾਲ ਬੰਨ੍ਹ ਕੇ ਅੰਦਰ ਗਏ ਤੇ ਕਾਹਲੀ ਨਾਲ ਮੱਥਾ ਟੇਕਿਆ ਤਾਂ ਹੈਰਾਨ ਰਹਿ ਗਏ। ਗੱਦੀ ਉੱਪਰ ਤਾਂ ਉਹੀ ਭਲੇ ਪੁਰਖ ਗੁਰੂ ਨਾਨਕ ਦੇਵ ਜੀ ਬੈਠੇ ਸਨ।

ਭਾਈ ਲਹਿਣਾ ਜੀ ਨੇ ਅੱਖਾਂ ਵਿਚ ਅੱਥਰੂ ਭਰ ਲਏ ਤੇ ਕਹਿਣ ਲੱਗੇ, 'ਮਹਾਰਾਜ ! ਮੈਥੋਂ ਬਹੁਤ ਬੇਅਦਬੀ ਹੋ ਗਈ। ਮੈਂ ਘੋੜੀ ਉੱਪਰ ਸਵਾਰ ਹੋ ਕੇ ਆਇਆ ਤੇ ਤੁਸੀਂ ਅੱਗੇ-ਅੱਗੇ ਪੈਦਲ ਆਏ। ਕਿਰਪਾ ਕਰਕੇ ਮੈਨੂੰ ਬਖ਼ਸ਼ ਦੇਣਾ ਜੀ।' ਇਹ ਕਹਿ ਕੇ ਭਾਈ ਲਹਿਣਾ ਜੀ ਨੇ ਫੇਰ ਮੱਥਾ ਟੇਕਿਆ ਅਤੇ ਕਿੰਨਾ ਚਿਰ ਆਪਣਾ ਸਿਰ ਧਰਤੀ ਤੋਂ ਨਾ ਚੁੱਕਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰ ਉੱਪਰ ਹੱਥ ਫੇਰਿਆ ਤੇ ਦਿਲਾਸਾ ਦੇ ਕੇ ਕਿਹਾ, 'ਉੱਠ ਪੁਰਖਾ ! ਤੇਰੇ ਕੋਲੋਂ ਕੋਈ ਭੁੱਲ ਨਹੀਂ ਹੋਈ, ਤੂੰ ਸਾਡਾ ਮਹਿਮਾਨ ਹੈਂ। ਤੇਰਾ ਸਤਿਕਾਰ ਕਰਨਾ ਸਾਡਾ ਫ਼ਰਜ਼ ਸੀ। ਉੱਠ ਗੁਰੂ ਭਲੀ ਕਰੇਗਾ।'

ਜਦ ਭਾਈ ਲਹਿਣਾ ਜੀ ਸਾਵਧਾਨ ਹੋ ਕੇ ਬਹਿ ਗਏ ਤਾਂ ਗੁਰੂ ਨਾਨਕ ਦੇਵ ਜੀ ਨੇ ਪੁੱਛਿਆ, 'ਪੁਰਖਾ ! ਕਿੱਥੋਂ ਆਇਆ ਏਂ ? ਤੇ ਤੇਰਾ ਨਾਂ ਕੀ ਐ ? 'ਮਹਾਰਾਜ ! ਮੈਂ ਖਡੂਰ ਤੋਂ ਆਇਆ ਹਾਂ ਤੇ ਮੇਰਾ ਨਾਂ ਲਹਿਣਾ ਹੈ।'

ਗੁਰੂ ਜੀ ਬੋਲੇ, 'ਵਾਹ ਪੁਰਖਾ ! ਵਾਹ ! ਤੂੰ ਲਹਿਣਾ ਹੈ ਤੇ ਅਸਾਂ ਤੇਰਾ ਦੇਣਾ ਹੈ।' ਚੰਗਾ ਹੋਇਆ ਤੂੰ ਆਪ ਹੀ ਲਹਿਣਾ ਲੈਣ ਲਈ ਆ ਗਿਆ ਏਂ। ਹੁਣ ਕੋਈ ਭਰਮ ਨਹੀਂ ਕਰਨਾ, ਕਿਉਂਕਿ ਲਹਿਣੇਦਾਰ ਸਦਾ ਘੋੜੀ ਉੱਪਰ ਚੜ੍ਹ ਕੇ ਹੀ ਆਇਆ ਕਰਦੇ ਹਨ।

ਫਿਰ ਗੁਰੂ ਨਾਨਕ ਦੇਵ ਜੀ ਨੇ ਹਾਲ ਚਾਲ ਜਾਣ ਕੇ ਧਰਮ ਕਰਮ ਦੇ ਬਚਨ ਕੀਤੇ। ਭਾਈ ਲਹਿਣਾ ਜੀ ਦੇ ਹਿਰਦੇ ਨੂੰ ਸ਼ਾਂਤੀ ਆਈ ਜਿਵੇਂ ਤਪਦੇ ਮਾਰੂਥਲ ਉੱਪਰ ਬਾਰਸ਼ ਪੈ ਕੇ ਠੰਢ ਵਰਤਾਉਂਦੀ ਹੈ। ਉਹਨਾਂ ਨੂੰ ਨਿਸ਼ਚਾ ਹੋ ਗਿਆ ਕਿ ਜੋ ਮੈਨੂੰ ਲੋੜ ਸੀ, ਉਹ ਸਭ ਕੁਝ ਇਸ ਦਰ ਤੋਂ ਹੀ ਮਿਲ ਸਕਦਾ ਹੈ। ਹੁਣ ਹੋਰ ਕਿਧਰੇ ਭਟਕਣ ਦੀ ਲੋੜ ਨਹੀਂ ਹੈ।

ਜਦ ਕੁਝ ਸੰਗੀ ਸਾਥੀ ਆ ਕੇ ਕਹਿਣ ਲੱਗੇ ਕਿ ਭਗਤ ਜੀ ! ਚੱਲੋ ਹੁਣ ਸੰਗ ਉਡੀਕ ਰਿਹਾ ਹੈ ਤੇ ਆਪਾਂ ਦੇਵੀ ਦਰਸ਼ਨਾਂ ਨੂੰ ਚਾਲੇ ਪਾਈਏ ਤਾਂ ਭਾਈ ਲਹਿਣਾ ਜੀ ਨੇ ਉਹਨਾਂ ਨੂੰ ਕਿਹਾ, 'ਭਗਤੋ ! ਹੁਣ ਤੁਸੀਂ ਜਾਓ, ਮੈਂ ਹੁਣ ਇਥੋਂ ਨਹੀਂ ਜਾਵਾਂਗਾ। ਜਿਸ ਦਾਤ ਦੀ ਮੈਨੂੰ ਲੋੜ ਸੀ, ਉਹ ਮਿਲ ਗਈ ਹੈ। ਹੁਣ ਮੈਨੂੰ ਪੱਕਾ ਸਥਾਨ ਲੱਭ ਪਿਆ ਹੈ।'

ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਗੁਰੂ ਚਰਨਾਂ ਵਿਚ ਸਮਾਂ ਬਤੀਤ ਕਰਨ ਲੱਗੇ। ਗੁਰ ਉਪਦੇਸ਼ ਸੁਣਦੇ ਅਤੇ ਦਰਸ਼ਨ ਕਰ ਕੇ ਮਨ ਨੂੰ ਸ਼ਾਂਤੀ ਮਿਲਦੀ। ਇਥੇ ਹੀ ਅੱਠੇ ਪਹਿਰ ਸੇਵਾ ਕਰਦੇ ਅਤੇ ਨਾਮ ਜਪਦੇ ਸਨ।

ਇਕ ਦਿਨ ਗੁਰੂ ਨਾਨਕ ਦੇਵ ਜੀ ਨੇ ਕਿਹਾ, 'ਲਹਿਣਾ ਜੀ ! ਘਰ ਵਿਚ ਵੀ ਕਈ ਕੰਮ ਹੋਣਗੇ। ਹੁਣ ਤੁਸੀਂ ਘਰ ਪਰਿਵਾਰ ਵਿਚ ਜਾ ਆਓ, ਫੇਰ ਆ ਜਾਣਾ। ਇਹ ਹੁਕਮ ਮੰਨ ਕੇ ਭਾਈ ਲਹਿਣਾ ਜੀ ਫਿਰ ਖਡੂਰ ਆ ਗਏ। ਕਾਰ ਵਿਹਾਰ ਦੀ ਜ਼ਿੰਮੇਵਾਰੀ ਬਾਬਾ ਦਾਸੂ ਜੀ ਨੂੰ ਸੌਂਪ ਦਿੱਤੀ ਅਤੇ ਕੁਝ ਸਮਾਂ ਖਡੂਰ ਰਹਿ ਕੇ ਫਿਰ ਕਰਤਾਰਪੁਰ ਆ ਗਏ। ਸਤਿਗੁਰਾਂ ਦੀ ਸੰਗਤ ਵਿਚ ਆ ਕੇ ਭਾਈ ਲਹਿਣਾ ਜੀ ਨੂੰ ਅਨੁਭਵ ਹੋਇਆ ਕਿ ਉਹਨਾਂ ਨੂੰ ਪੂਰਨ ਪੁਰਖ ਮਿਲ ਗਏ ਹਨ ਅਤੇ ਹੁਣ ਇਹ ਸਥਾਨ ਤਿਆਗ ਕੇ ਹੋਰ ਕਿਤੇ ਰਹਿ ਸਕਣਾ ਮੁਸ਼ਕਲ ਹੈ। ਇਸ ਤਰ੍ਹਾਂ ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਗਤ ਹੋ ਕੇ ਕਰਤਾਰਪੁਰ ਟਿਕ ਗਏ।

(ੲ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਭਾਈ ਲਹਿਣਾ ਜੀ ਦੀ ਘਾਲ ਕਮਾਈ ਤੇ ਪ੍ਰੀਖਿਆਵਾਂ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਜਿਥੇ ਸਿੱਖ ਧਰਮ ਦਾ ਪ੍ਰਚਾਰ ਜਾਰੀ ਰੱਖਿਆ ਉਥੇ ਸਾਨੂੰ ਕਿਰਤ ਕਰਨ ਦੀ ਜੀਵਨ ਜਾਚ 'ਚ ਪ੍ਰਪੱਕ ਕਰਦਿਆਂ ਖੇਤੀ ਦਾ ਧੰਦਾ ਵੀ ਕੀਤਾ। ਇਥੇ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਤਿੰਨ ਸੁਨਹਿਰੀ ਅਸੂਲ ਸਤਿਗੁਰਾਂ ਨੇ ਸਿੱਖ ਸੰਗਤਾਂ ਵਿਚ ਪੱਕੇ ਕੀਤੇ।

ਇਕ ਦਿਨ ਗੁਰੂ ਜੀ ਖੇਤਾਂ ਵਿਚ ਨਦੀਨ ਤੇ ਘਾਹ ਫੂਸ ਕੱਢ ਰਹੇ ਸਨ ਤੇ ਭਾਈ ਲਹਿਣਾ ਜੀ ਵੀ ਨਾਲ ਕੰਮ ਵਿਚ ਲੱਗ ਗਏ। ਕੁਝ ਚਿਰ ਪਿੱਛੋਂ ਗੁਰੂ ਜੀ ਨੇ ਡੇਰੇ ਨੂੰ ਜਾਣ ਦੀ ਤਿਆਰੀ ਕਰ ਲਈ। ਘਾਹ ਦੀ ਪੰਡ ਭਾਈ ਲਹਿਣਾ ਜੀ ਨੇ ਆਪਣੇ ਸਿਰ ਉੱਪਰ ਚੁੱਕ ਲਈ। ਘਾਹ ਗਿੱਲਾ ਸੀ ਤੇ ਉਸ ਵਿੱਚੋਂ ਪਾਣੀ ਦੀਆਂ ਛਿੱਟਾਂ ਚੋ-ਚੋ ਕੇ ਭਾਈ ਲਹਿਣਾ ਜੀ ਦੇ ਕੱਪੜਿਆਂ ਉੱਪਰ ਪੈਂਦੀਆਂ ਗਈਆਂ। ਜਦ ਡੇਰੇ ਪਹੁੰਚ ਗਏ ਤਾਂ ਭਾਈ ਲਹਿਣਾ ਜੀ ਨੇ ਘਾਹ ਦੀ ਪੰਡ ਸਿਰੋਂ ਉਤਾਰ ਕੇ ਧਰਤੀ ਉੱਪਰ ਰੱਖੀ। ਮਾਤਾ ਸੁਲੱਖਣੀ ਜੀ ਨੇ ਸਭ ਵੇਖ ਕੇ ਗੁਰੂ ਨਾਨਕ ਜੀ ਨੂੰ ਕਿਹਾ, 'ਵੇਖੋ ਖਾਂ ! ਇਹਨਾਂ ਦੇ ਸੋਹਣੇ ਕੱਪੜੇ ਚਿੱਕੜ ਦੀਆਂ ਛਿੱਟਾਂ

ਨਾਲ ਮੈਲੇ ਹੋ ਗਏ ਹਨ।'

ਸ੍ਰੀ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, 'ਇਸ ਦੇ ਸਿਰ ਉੱਪਰ ਘਾਹ ਦੀ ਪੰਡ ਨਹੀਂ, ਇਹ ਤਾਂ ਦੀਨ ਦੁਨੀਆਂ ਦਾ ਛਤਰ ਸੀ। ਕਰਤਾਰ ਦੇ ਰੰਗ ਵੇਖਿਓ, ਭਾਈ ਲਹਿਣਾ ਜੀ ਨੇ ਤਾਂ ਹਾਲੇ ਆਪਣੇ ਸਿਰ ਉੱਪਰ ਬਹੁਤ ਭਾਰ ਉਠਾਉਣਾ ਏਂ।'

ਹੁਣ ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਹੁਕਮੀ ਸਿੱਖ ਬਣ ਕੇ ਸਤਿਗੁਰਾਂ ਦੀ ਸੇਵਾ ਵਿਚ ਜੁੱਟ ਗਏ। ਸਤਿਗੁਰਾਂ ਦੀ ਆਗਿਆ ਪਾਲਣ ਲਈ ਹਰ ਸਮੇਂ ਤਿਆਰ-ਬਰ-ਤਿਆਰ ਰਹਿੰਦੇ ਸਨ। ਗੁਰੂ ਜਸ ਸੁਣਨਾ, ਵਿਚਾਰਨਾ ਤੇ ਮੰਨਣਾ, ਉਹਨਾਂ ਨੇ ਜੀਵਨ ਦਾ ਅਸੂਲ ਬਣਾ ਲਿਆ। ਸਤਿਗੁਰੂ ਜੋ ਬਚਨ ਕਰਦੇ ਆਪ 'ਸਤਿ ਬਚਨ' ਕਹਿ ਕੇ ਪ੍ਰੇਮ ਨਾਲ ਪਾਲਣਾ ਕਰਦੇ ਸਨ। ਗੁਰੂ ਦਰ ਉਤੇ ਸੇਵਾ ਕਮਾਉਂਦਿਆਂ ਸੱਤ ਸਾਲ ਲੰਘ ਗਏ ਤੇ ਸਤਿਗੁਰੂ ਵੀ ਆਪ ਨੂੰ ਬੇਅੰਤ ਮੋਹ ਕਰਦੇ ਸਨ। ਇਥੇ ਗੁਰੂ ਨਾਨਕ ਦੇਵ ਜੀ ਸਮੇਂ-ਸਮੇਂ ਸਿੱਖਾਂ ਤੇ ਪੁੱਤਰਾਂ ਦੀ ਪ੍ਰੀਖਿਆ ਵੀ ਲੈਂਦੇ ਰਹੇ ਅਤੇ ਭਾਈ ਲਹਿਣਾ ਜੀ ਦੀਆਂ ਤਾਂ ਅਨੇਕ ਪ੍ਰੀਖਿਆਵਾਂ ਲਈਆਂ ਗਈਆਂ। ਇਹਨਾਂ ਪ੍ਰੀਖਿਆਵਾਂ ਵਿਚ ਆਪ ਪੂਰੇ ਉਤਰੇ। ਇਹ ਪ੍ਰੀਖਿਆਵਾਂ ਸਾਡੇ ਸਮੂਹ ਸਿੱਖਾਂ ਲਈ ਪ੍ਰੇਰਕ ਸ਼ਕਤੀ ਹਨ ਕਿ ਇਕ ਸਿੱਖ ਨੇ ਆਪਣੇ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਿਵੇਂ ਕਰਨੀ ਹੈ ?

ਇਕ ਦਿਨ ਗੁਰੂ ਨਾਨਕ ਦੇਵ ਜੀ ਦੇ ਹੱਥੋਂ ਇਕ ਖ਼ਾਲੀ ਕਟੋਰਾ ਡੂੰਘੇ ਟੋਏ ਵਿਚ ਡਿੱਗ ਪਿਆ ਜੋ ਗੰਦੇ ਪਾਣੀ ਨਾਲ ਭਰਿਆ ਹੋਇਆ ਸੀ। ਗੁਰੂ ਜੀ ਨੇ ਪੁੱਤਰਾਂ ਨੂੰ ਕਿਹਾ ਕਿ ਕਟੋਰਾ ਕੱਢੋ ਤਾਂ ਉਹਨਾਂ ਕਿਹਾ ਕਿ ਜ਼ਰੂਰ ਗੰਦੇ ਪਾਣੀ ਵਿਚ ਹੱਥ ਪਾਉਣੇ ਹਨ, ਕਟੋਰਾ ਹੋਰ ਆ ਜਾਊਗਾ। ਜਦ ਭਾਈ ਲਹਿਣਾ ਜੀ ਨੂੰ ਹੁਕਮ ਕੀਤਾ ਤਾਂ ਉਹ ਝੱਟ ਹੁਕਮ ਮੰਨ ਕੇ ਟੋਏ ਵਿਚੋਂ ਕਟੋਰਾ ਕੱਢ ਲਿਆਏ।

ਇਸੇ ਤਰ੍ਹਾਂ ਇਕ ਦਿਨ ਧਰਮਸ਼ਾਲਾ ਦਾ ਬੂਹਾ ਖੋਲ੍ਹਿਆ ਤਾਂ ਇਕ ਮਰੀ ਹੋਈ ਚੂਹੀ ਪਈ ਸੀ। ਹੁਣ ਗੰਦ ਜਾਂ ਮੁਰਦਾਰ ਨੂੰ ਚੁੱਕਣਾ ਉਸ ਸਮੇਂ ਸ਼ੂਦਰ ਦਾ ਕੰਮ ਸੀ। ਸਤਿਗੁਰਾਂ ਦਾ ਹੁਕਮ ਸੁਣ ਕੇ ਭਾਈ ਲਹਿਣਾ ਜੀ ਨੇ ਕੋਈ ਕਿੰਤੂ ਨਾ ਕੀਤਾ ਤੇ ਮੋਈ ਚੂਹੀ ਬਾਹਰ ਸੁੱਟ ਆਏ। ਇਕ ਵਾਰੀ ਸਿਆਲ ਦੀ ਰੁੱਤੇ ਵਰਖਾ ਹੋ ਰਹੀ ਸੀ ਤਾਂ ਧਰਮਸ਼ਾਲਾ ਦੀ ਕੰਧ ਢਹਿ ਗਈ। ਭਾਈ ਲਹਿਣਾ ਜੀ ਨੇ ਸਤਿਗੁਰਾਂ ਦਾ ਬਚਨ ਸੁਣਿਆਂ ਤਾਂ ਕੰਧ ਉਸਾਰ ਆਏ।

ਸ੍ਰੀ ਗੁਰੂ ਨਾਨਕ ਦੇਵ ਜੀ ਸਰਬ ਸਮਰੱਥ ਤੇ ਅੰਤਰਜਾਮੀ ਸਨ ਕਿ ਭਵਿੱਖ ਵਿਚ ਗੁਰਗੱਦੀ ਦੀ ਸੇਵਾ ਨਿਭਾਉਣ ਵਾਲੀ ਰੂਹ ਕੈਸੀ ਹੋਵੇ, ਇਸ ਲਈ ਭਾਈ ਲਹਿਣਾ ਜੀ ਦੀ ਪਰਖ ਕਰਦੇ ਰਹੇ। ਇਕ ਵਾਰ ਸਿਆਲ ਦੇ ਦਿਨ ਸਨ ਕਿ ਅੱਧੀ ਰਾਤ ਨੂੰ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਜਗਾਇਆ ਕਿ ਦਰਿਆ 'ਤੇ ਜਾ ਕੇ ਕੱਪੜੇ ਧੋ ਲਿਆਵੋ। ਭਾਈ

ਲਹਿਣਾ ਜੀ ਸਤਿ ਬਚਨ ਕਹਿ ਕੇ ਕੱਪੜੇ ਧੋ ਲਿਆਏ।

ਸਮਾਂ ਬੀਤਦਾ ਗਿਆ ਕਿ ਇਕ ਦਿਨ ਕਰਤਾਰਪੁਰ ਵਿਖੇ ਅੱਧੀ ਰਾਤ ਦੇ ਸਮੇਂ ਸਤਿਗੁਰਾਂ ਨੇ ਕੋਲ ਹੀ ਬਿਰਾਜਮਾਨ ਸਿੱਖਾਂ ਨੂੰ ਪੁੱਛਿਆ ਕਿ 'ਦੱਸੋ, ਰਾਤ ਕਿੰਨੀ ਗੁਜ਼ਰ ਗਈ ਹੈ ? ਕਿਸੇ ਨੇ ਕਿਹਾ ਕਿ ਅੱਧੀ ਅਤੇ ਦੂਜੇ ਨੇ ਕਿਹਾ ਕਿ ਢਾਈ ਪਹਿਰ ਗੁਜ਼ਰੀ ਹੈ।

ਜਦ ਭਾਈ ਲਹਿਣਾ ਜੀ ਨੂੰ ਪੁੱਛਿਆ ਤਾਂ ਉਹਨਾਂ ਉੱਤਰ ਦਿੱਤਾ, 'ਪਾਤਸ਼ਾਹ ਜੀਓ ! ਜਿੰਨੀ ਆਪ ਦੇ ਭਾਣੇ ਵਿਚ ਗੁਜ਼ਰ ਗਈ ਹੈ, ਓਨੀ ਗੁਜ਼ਰੀ ਹੈ ਤੇ ਜਿੰਨੀ ਆਪ ਦੀ ਰਜ਼ਾ ਵਿਚ ਬਾਕੀ ਹੈ, ਓਨੀ ਹੀ ਪਿੱਛੇ ਰਹਿੰਦੀ ਹੈ।'

ਇਕ ਦਿਨ ਕੀ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਅਜੀਬ ਜਿਹਾ ਰੂਪ ਧਾਰਨ ਕਰ ਲਿਆ। ਹੱਥ ਵਿਚ ਸੋਟਾ, ਵੱਖਰੇ ਜਿਹੇ ਕੱਪੜੇ। ਕੁਝ ਸਿੱਖ ਇਹ ਵੇਖ ਕੇ ਡਰ ਗਏ, ਕੁਝ ਖਰਵੇ ਬਚਨ ਸੁਣ ਕੇ ਪਿੱਛੇ ਮੁੜ ਗਏ। ਸਤਿਗੁਰੂ ਜੰਗਲ ਬੀਆਬਾਨ ਵੱਲ ਜਾ ਰਹੇ ਸਨ। ਅੰਤ ਨੂੰ ਪਿੱਛੇ-ਪਿੱਛੇ ਕੇਵਲ ਭਾਈ ਲਹਿਣਾ ਜੀ ਹੀ ਰਹਿ ਗਏ।

ਸਤਿਗੁਰੂ ਕੜਕ ਕੇ ਬੋਲੇ, ਜਦ ਸਾਰੇ ਲੋਕ ਪਿੱਛੇ ਮੁੜ ਗਏ ਹਨ ਤਾਂ ਤੂੰ ਕਿਉਂ ਮੇਰੇ ਪਿੱਛੇ-ਪਿੱਛੇ ਤੁਰਿਆ ਆਉਂਦਾ ਏਂ, ਜਾਹ ਤੂੰ ਵੀ ਚਲਾ ਜਾਹ.....।

ਭਾਈ ਲਹਿਣਾ ਜੀ ਹੱਥ ਜੋੜ ਕੇ ਕਹਿਣ ਲੱਗੇ, 'ਸੱਚੇ ਪਾਤਸ਼ਾਹ ! ਜੋ ਪਿਛਾਂਹ ਮੁੜ ਗਏ ਉਹਨਾਂ ਦਾ ਪਿੱਛੇ ਕੋਈ ਨਾ ਕੋਈ ਹੈ। ਪਰ ਮੇਰਾ ਤਾਂ ਤੁਹਾਡੇ ਤੋਂ ਬਗੈਰ ਕੋਈ ਹੈ ਈ ਨਹੀਂ। ਤੁਸੀਂ ਦੱਸੋ ਮੈਂ ਕਿੱਥੇ ਜਾਵਾਂ ?

ਪਰਖੇ ਹੋਏ ਨੂੰ ਹੋਰ ਕਿੰਨੀ ਵਾਰ ਪਰਖਣਾ ਸੀ ? ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਘੁੱਟ ਕੇ ਕਲਾਵੇ ਵਿਚ ਲੈ ਲਿਆ। ਭਾਈ ਲਹਿਣਾ ! ਤੇਰੇ 'ਤੇ ਮੇਰੇ 'ਚ ਕੋਈ ਅੰਤਰ ਨਹੀਂ ਰਹਿ ਗਿਆ। ਮੇਰਾ ਨਿੱਜ, ਮੇਰੀ ਜੀਵਨ ਜਾਚ, ਮੇਰੀਆਂ ਆਸਾਂ, ਰੀਝਾਂ ਤੇ ਮੇਰੀ ਸੋਚ ਦਾ ਵਾਰਸ ਤੇ ਢਾਰਸ ਤੂੰ ਈ ਐਂ। ਮੇਰੀਆਂ ਸਮਝਾਂ, ਮੇਰੀਆਂ ਰਮਜ਼ਾਂ ਤੇ ਮੇਰੀਆਂ ਘਾਲਣਾਂ ਸਫਲ ਹੋਈਆਂ ਨੇ। ਜੋ ਮੈਂ ਚਿਤਵਿਆ, ਉਹ ਸਿੱਖ ਅੱਜ ਪ੍ਰਤੱਖ ਪ੍ਰਗਟ ਹੋਇਆ ਐ। ਮੈਂ ਉਸ ਕਰਤਾਰ ਦਾ ਸ਼ੁਕਰ ਗੁਜ਼ਾਰ ਹਾਂ। ਹੁਣ ਤੇਰਾ ਜੀਵਨ ਬਦਲ ਗਿਆ ਏ ਤੇ ਮੈਂ ਤੇਰਾ ਨਾਉਂ ਵੀ ਬਦਲ ਰਿਹਾ ਹਾਂ। ਤੂੰ ਮੇਰੀ ਜੋਤ ਏਂ, ਪਰ ਤੂੰ ਹੁਣ ਭਾਈ ਲਹਿਣਾ ਨਹੀਂ ਰਿਹਾ, ਸਗੋਂ ਮੇਰਾ ਅੰਗ ਹੋ ਗਿਆ ਹੈਂ, ਭਾਵ ਨਾਨਕ ਜੋਤ ਦੇ ਦੂਜੇ ਵਾਰਸ ਸ੍ਰੀ ਗੁਰੂ ਅੰਗਦ ਦੇਵ ਜੀ।

(ਸ) <u>ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰਤਾ ਗੱਦੀ ਤੇ ਸਿੱਖ ਧਰਮ ਦੀ ਉਸਾਰੀ ਲਈ ਯੋਗਦਾਨ</u>

*ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ ॥*

ਸ੍ਰੀ ਗੁਰੂ ਨਾਨਕ ਦੇਵ ਜੀ ਨੇ 15 ਜੂਨ 1539 ਈ. ਨੂੰ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਗੁਰਿਆਈ ਬਖ਼ਸ਼ ਦਿੱਤੀ। ਗੁਰਤਾ ਗੱਦੀ ਉੱਪਰ ਸੁਭਾਇਮਾਨ ਹੋਣ

ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਆਪ ਸ੍ਰੀ ਖਡੂਰ ਸਾਹਿਬ ਆ ਗਏ। ਭਾਈ ਗੁਰਦਾਸ ਜੀ ਦਾ ਕਥਨ ਹੈ :

*ਦਿਤਾ ਛਡਿ ਕਰਤਾਰਪੁਰ ਬੈਠ ਖਡੂਰੇ ਜੋਤਿ ਜਗਾਈ।*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਵਿਚਾਰਾਂ ਨੂੰ ਵੱਧ ਤੋਂ ਵੱਧ ਸੰਗਤਾਂ ਤੱਕ ਪਹੁੰਚਾਉਣ ਲਈ ਗੁਰਬਾਣੀ ਦਾ ਪ੍ਰਚਾਰ ਜ਼ਰੂਰੀ ਸੀ। ਖਡੂਰ ਸਾਹਿਬ ਵਿਖੇ ਕੀਰਤਨ ਤੇ ਲੰਗਰ ਦਾ ਪ੍ਰਵਾਹ ਚੱਲਣ ਲੱਗਾ। ਗੁਰੂ ਜੀ ਨੇ ਪੰਜਾਬ ਦੇ ਸਾਧਾਰਨ ਲੋਕਾਂ ਵਿਚ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਵਰਤੀ ਜਾਂਦੀ ਲਿੱਪੀ ਵਿਚ ਗੁਰਬਾਣੀ ਲਿਖਾਉਣੀ ਆਰੰਭ ਕੀਤੀ। ਇਸ ਲਿਪੀ ਨੂੰ ਅਸੀਂ ਗੁਰਮੁਖੀ ਲਿੱਪੀ ਵਜੋਂ ਜਾਣਦੇ ਹਾਂ। ਇਥੇ ਗੁਰੂ ਜੀ ਨੇ ਆਪਣੇ ਹੱਥੀਂ ਬਾਲ ਬੋਧ ਤਿਆਰ ਕਰਵਾਏ ਤੇ ਗੁਰਮੁਖੀ ਲਿੱਪੀ ਨੂੰ ਆਮ ਜਨਤਾ ਵਿਚ ਪ੍ਰਚਾਰਨ ਲਈ ਬਾਲ ਵਿਦਿਆਲਾ ਵੀ ਚਲਾਇਆ। ਉਸ ਸਮੇਂ ਹਿੰਦੂ ਸਮਾਜ ਦੀ ਪ੍ਰਵਾਨਤ ਧਾਰਮਿਕ ਭਾਸ਼ਾ ਸੰਸਕ੍ਰਿਤ ਤੇ ਲਿਖਣ ਲਈ ਲਿੱਪੀ ਦੇਵ ਨਾਗਰੀ ਸੀ। ਦੂਜੀ ਹਾਕਮ ਧਿਰ ਮੁਸਲਮਾਨ ਸਮਾਜ ਦੀ ਰਾਜ ਭਾਸ਼ਾ ਫ਼ਾਰਸੀ ਸੀ। ਐਸੇ ਸਮੇਂ 'ਚ ਸਾਧਾਰਨ ਜਨਤਾ ਵਿਚ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਰਾਹੀਂ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਨਾ ਵੱਡਾ ਮਹਾਨ ਕਾਰਜ ਸੀ। ਇਸ ਨਾਲ ਜਿੱਥੇ ਸਦੀਆਂ ਤੋਂ ਭਾਸ਼ਾ ਉੱਪਰ ਕਾਬਜ਼ ਧਾਰਮਿਕ ਲੋਕਾਂ ਦੀ ਕੱਟੜ ਬਿਰਤੀ ਨੂੰ ਧੱਕਾ ਲੱਗਾ ਉਥੇ ਆਮ ਲੋਕਾਂ ਦੇ ਧਾਰਮਿਕ ਗਿਆਨ ਵਿਚ ਬਹੁਤ ਵਾਧਾ ਹੋਇਆ। ਪਹਿਲਾਂ ਧਰਮ ਗ੍ਰੰਥਾਂ ਦਾ ਗਿਆਨ ਸੰਸਕ੍ਰਿਤ ਭਾਸ਼ਾ ਜਾਣਨ ਵਾਲੇ ਲੋਕਾਂ ਤੱਕ ਹੀ ਸੀਮਤ ਸੀ। ਹੁਣ ਐਸੀ ਗੁਰੂ ਦੀ ਕਿਰਪਾ ਹੋਈ ਕਿ ਸਭਨਾਂ ਨੂੰ ਗਿਆਨ ਆਪਣੀ ਲੋਕ ਬੋਲੀ ਤੇ ਆਪਣੀ ਲਿੱਪੀ ਵਿਚ ਪ੍ਰਾਪਤ ਹੋਣ ਲੱਗਾ।

ਸਤਿਗੁਰੂ ਜਾਣੀ ਜਾਣ ਸਨ ਕਿ ਵੱਡੇ ਪੁਰਖਾਂ ਦੀਆਂ ਜੀਵਨ ਕਹਾਣੀਆਂ ਕਿਸੇ ਸਮਾਜ ਨੂੰ ਬਦਲਣ ਦੇ ਸਮਰੱਥ ਹੁੰਦੀਆਂ ਹਨ। ਇਸ ਲਈ ਗੁਰੂ ਜੀ ਨੇ ਭਾਈ ਪੈੜੇ ਤੇ ਮੋਖੇ ਤੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰ ਇਕ ਲੜੀ ਵਿਚ ਪਰੋ ਕੇ ਸਾਖੀ ਸ੍ਰੀ ਬਾਬੇ ਨਾਨਕ ਜੀ ਕੀ ਲਿਖਵਾਈ। ਇਹ ਰਚਨਾ ਸਿੱਖ ਕੌਮ ਦਾ ਪਹਿਲਾ ਇਤਿਹਾਸਕ ਸਰੋਤ ਹੈ। ਇਹ ਸਾਖੀਆਂ ਸਿੱਖਾਂ ਨੂੰ ਜੀਵਨ ਜਾਚ ਦਾ ਸਬਕ ਸਿਖਾਉਂਦੀਆਂ ਹਨ। ਮਾਨਸਿਕ ਤੇ ਬੌਧਿਕ ਵਿਕਾਸ ਦੇ ਨਾਲ-ਨਾਲ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਇਕ 'ਮੱਲ ਅਖਾੜਾ' ਵੀ ਤਿਆਰ ਕਰਵਾਇਆ। ਇਥੇ ਸਰੀਰਕ ਸ਼ਕਤੀ ਲਈ ਘੋਲ ਕਰਾਏ ਜਾਂਦੇ ਸਨ। ਸਿਆਣਿਆਂ ਦਾ ਕਥਨ ਹੈ ਕਿ 'ਤੰਦਰੁਸਤ ਸਰੀਰ' 'ਚ ਤਕੜਾ ਮਨ ਹੁੰਦਾ ਹੈ। ਦੂਜੇ ਪਾਸੇ ਉਸ ਸਮੇਂ ਕਈ ਮੱਤਾਂ ਵਾਲੇ ਸਰੀਰ ਨੂੰ ਸੁਆਹ ਮਲ ਕੇ ਦੇਹ ਨੂੰ ਖ਼ਰਾਬ ਕਰਨ ਵਾਲੇ ਵੀ ਇਸ ਧਰਤੀ 'ਤੇ ਮੌਜੂਦ ਸਨ। ਪਰ ਨਾਨਕ ਨਿਰਮਲ ਪੰਥ ਦੇ ਵਾਰਸ ਸਤਿਗੁਰੂ ਅੰਗਦ ਦੇਵ ਜੀ ਘਿਉ ਵਾਲੀ ਖੀਰ ਦਾ ਲੰਗਰ ਲਾ ਕੇ, ਮੱਲ ਅਖਾੜੇ ਰਚ ਕੇ,

ਕੌਮ ਨੂੰ ਨਵੀਂ ਨੁਹਾਰ ਬਖ਼ਸ਼ ਰਹੇ ਸਨ।

ਇਸ ਤਰ੍ਹਾਂ ਸਿੱਖ ਕੌਮ, ਧਰਮ-ਕਰਮ ਦੇ ਪੱਖੋਂ ਨਰੋਈ ਤੇ ਬਲਵਾਨ ਬਣ ਰਹੀ ਸੀ। ਉਸ ਸਮੇਂ ਵੀ ਸਿੱਖੀ ਦੇ ਮਹਾਨ ਸਿਧਾਂਤ ਪਾਖੰਡੀ ਲੋਕਾਂ ਨੂੰ ਚੰਗੇ ਨਹੀਂ ਲੱਗਦੇ ਸਨ। ਇਕ ਵਾਰ ਜਦ ਬਾਰਸ਼ ਨਹੀਂ ਹੋਈ ਸੀ ਤਾਂ ਸ਼ਿਵ ਨਾਥ ਤਪੇ ਨੇ ਪਿੰਡ ਦੇ ਲੋਕਾਂ ਨੂੰ ਭਰਮਾਉਣਾ ਚਾਹਿਆ ਕਿ ਤੁਹਾਡਾ ਗੁਰੂ ਤਾਂ ਪੁਰਾਤਨ ਧਰਮਾਂ ਦੇ ਨਿਯਮ ਤੋੜ ਕੇ ਸਾਰਿਆਂ ਨੂੰ ਇਕੱਠੇ ਲੰਗਰ ਛਕਾਉਂਦਾ ਹੈ, ਇਕੱਠੇ ਪੜ੍ਹਾਉਂਦਾ ਹੈ ਤੇ ਇਕੱਠਿਆਂ ਨੂੰ ਭਗਤੀ ਕਰਨ ਬਿਠਾ ਦਿੰਦਾ ਹੈ। ਜਦੋਂ ਧਰਤੀ ਉੱਪਰ ਅਜਿਹੇ ਪਾਪ ਹੋਣ ਤਾਂ ਫਿਰ ਮੀਂਹ ਕਿਵੇਂ ਪੈ ਸਕਦਾ ਹੈ ? ਅੰਤਰਜਾਮੀ ਸਤਿਗੁਰੂ ਖਡੂਰ ਸਾਹਿਬ ਤੋਂ ਬਾਹਰ ਚਲੇ ਗਏ, ਪਰ ਬਾਰਸ਼ ਫਿਰ ਵੀ ਨਾ ਹੋਈ। ਗ਼ੁੱਸੇ ਵਿਚ ਨਗਰ ਵਾਲਿਆਂ ਨੇ ਤਪੇ ਨੂੰ ਧੂਹ-ਧੂਹ ਕੇ ਮਾਰ ਦਿੱਤਾ।

ਖਡੂਰ ਸਾਹਿਬ ਵਿਖੇ ਹੀ ਸੰਨ 1540 ਵਿਚ ਹਮਾਯੂੰ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਪਾਸੋਂ ਹਾਰ ਖਾ ਕੇ ਪੰਜਾਬ ਵੱਲ ਆਇਆ। ਉਹ ਪੀਰਾਂ ਫ਼ਕੀਰਾਂ ਦੀ ਦੁਆ ਪ੍ਰਾਪਤ ਕਰਨ ਲਈ ਖਡੂਰ ਸਾਹਿਬ ਆਇਆ ਸੀ। ਗੁਰੂ ਜੀ ਬੰਦਗੀ ਵਿਚ ਮਗਨ ਸਨ ਤੇ ਉਹਨਾਂ ਨੇ ਬਾਦਸ਼ਾਹ ਵੱਲ ਖ਼ਾਸ ਧਿਆਨ ਨਾ ਕੀਤਾ। ਹਮਾਯੂੰ ਆਪਣੀ ਨਿਰਾਦਰੀ ਸਮਝ ਕੇ ਤਲਵਾਰ ਨਾਲ ਗੁਰੂ ਜੀ ਉੱਪਰ ਵਾਰ ਕਰਨ ਲੱਗਿਆ ਤਾਂ ਗੁਰੂ ਜੀ ਨੇ ਮੁਸਕਰਾ ਕੇ ਕਿਹਾ, 'ਤੇਰੀ ਤਲਵਾਰ ਫ਼ਕੀਰਾਂ ਉੱਪਰ ਤਾਂ ਚੱਲਦੀ ਹੈ, ਪਰ ਜਦ ਸ਼ੇਰ ਸ਼ਾਹ ਨਾਲ ਮੁਕਾਬਲਾ ਹੋਇਆ ਤਾਂ ਇਹ ਕਿਉਂ ਨਾ ਚੱਲੀ ? ਇਹ ਬਚਨ ਸੁਣ ਕੇ ਹਮਾਯੂੰ ਸਤਿਗੁਰਾਂ ਦੇ ਚਰਨਾਂ ਉੱਪਰ ਢਹਿ ਪਿਆ।

ਗੁਰੂ ਜੀ ਨੇ ਇਥੋਂ ਦੂਰ-ਦੂਰ ਤੱਕ ਸਿੱਖੀ ਦਾ ਪ੍ਰਚਾਰ ਕੀਤਾ। ਦੂਰੋਂ-ਦੂਰੋਂ ਸੰਗਤਾਂ ਆਉਂਦੀਆਂ ਤੇ ਸੇਵਾ ਸਿਮਰਨ ਕਰਦੀਆਂ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਕਰਤਾਰਪੁਰ ਵਿਖੇ ਰੋਜ਼ਾਨਾ ਦਾ ਨਿਤਨੇਮ ਚੱਲਦਾ ਸੀ, ਉਵੇਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਉਹੀ ਮਰਯਾਦਾ ਕਾਇਮ ਕੀਤੀ। ਅੱਜ ਵੀ ਖਡੂਰ ਸਾਹਿਬ ਵਿਖੇ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਬਹੁਤ ਸਾਰੇ ਕਾਰਜ ਕੀਤੇ ਜਾ ਰਹੇ ਹਨ।

(ਹ) ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਸ੍ਰੀ ਅਮਰਦਾਸ ਜੀ ਦਾ ਮਿਲਾਪ ਤੇ ਗੁਰਤਾ ਗੱਦੀ

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ, ਸ੍ਰੀ ਅਮਰਦਾਸ ਜੀ ਦੇ ਭਤੀਜੇ ਭਾਈ ਜੱਸੂ ਜੀ ਨਾਲ ਪਿੰਡ ਬਾਸਰਕੇ ਵਿਆਹੀ ਹੋਈ ਸੀ। ਇਕ ਦਿਨ ਅੰਮ੍ਰਿਤ ਵੇਲੇ ਬੀਬੀ ਅਮਰੋ ਦੇ ਮੁੱਖ ਤੋਂ ਗੁਰਬਾਣੀ ਦਾ ਪਾਠ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਪੁੱਛਿਆ, 'ਪੁੱਤਰੀ ! ਇਹ ਕਿਸ ਦੀ ਬਾਣੀ ਹੈ ?

ਬੀਬੀ ਅਮਰੋ ਨੇ ਉੱਤਰ ਦਿੱਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਉਹਨਾਂ ਦੀ ਗੱਦੀ 'ਤੇ ਮੇਰੇ ਪਿਤਾ ਜੀ ਬਿਰਾਜਮਾਨ ਹਨ।

ਭਾਵੇਂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਜਾਣਦੇ ਹੀ ਸਨ, ਪਰ ਕਈ ਵਾਰ ਸਤਿਗੁਰੂ ਐਸੀ ਕਲਾ ਵਰਤਾਉਂਦੇ ਹਨ ਕਿ ਕਿਸੇ ਦੇ ਰਾਹੀਂ ਸ਼ਬਦ ਦੀ ਚੋਟ ਮਨੁੱਖੀ ਮਨ ਨੂੰ ਬਦਲ ਦਿੰਦੀ ਹੈ। ਸ੍ਰੀ ਅਮਰਦਾਸ ਜੀ ਗੁਰਬਾਣੀ ਸੁਣ ਕੇ ਗੁਰੂ ਦਰਸ਼ਨਾਂ ਲਈ ਉਤਾਵਲੇ ਹੋ ਉਠੇ।

ਬੀਬੀ ਅਮਰੋ ਜੀ ਨਾਲ ਆਪ ਖਡੂਰ ਸਾਹਿਬ ਗਏ। ਪਹਿਲੀ ਵਾਰ ਸੰਨ 1541 ਵਿਚ ਆਪ ਦੀ ਮੁਲਾਕਾਤ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਹੋਈ। ਉਸ ਸਮੇਂ ਸ੍ਰੀ ਅਮਰਦਾਸ ਜੀ ਦੀ ਉਮਰ 61 ਸਾਲ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਮਰ 37 ਸਾਲ ਦੇ ਕਰੀਬ ਸੀ। ਗੁਰੂ ਦਰਸ਼ਨ ਤੇ ਸੰਗਤ ਕਰਕੇ ਸ੍ਰੀ ਅਮਰਦਾਸ ਜੀ ਨੂੰ ਮਹਿਸੂਸ ਹੋਇਆ ਕਿ ਜੋ ਕੁਝ ਕਠਨ ਸਾਧਨਾ ਤੇ ਤੀਰਥ ਯਾਤਰਾ ਕਰਕੇ ਨਹੀਂ ਪ੍ਰਾਪਤ ਹੋਇਆ, ਉਹ ਸਤਿਗੁਰੂ ਪਾਸੋਂ ਮਿਲ ਗਿਆ ਹੈ। ਉਸ ਦਿਨ ਤੋਂ ਆਪ ਸ੍ਰੀ ਖਡੂਰ ਸਾਹਿਬ ਹੀ ਟਿਕ ਗਏ ਤੇ ਸਤਿਗੁਰਾਂ ਦੀ ਸੰਗਤ ਕਰਨ ਲੱਗ ਪਏ।

ਸਿੱਖ ਧਰਮ ਵਿਚ ਸਤਿਗੁਰੂ ਤੇ ਪ੍ਰਭੂ ਦੀ ਪ੍ਰਾਪਤੀ ਲਈ ਸੇਵਾ ਪਹਿਲੀ ਪੌੜੀ ਹੈ। ਸੇਵਾ ਨਾਲ ਮਨੁੱਖ ਵਿਚ ਨਿਮਰਤਾ ਆਉਂਦੀ ਹੈ ਤੇ ਉਹ ਚੰਗੇ ਗੁਣਾਂ ਦਾ ਧਾਰਨੀ ਹੁੰਦਾ ਹੈ। ਖਡੂਰ ਸਾਹਿਬ ਵਿਖੇ ਸ੍ਰੀ ਅਮਰਦਾਸ ਜੀ ਨੇ ਗੁਰੂ ਦਰਬਾਰ ਵਿਚ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਦਿਨ ਰਾਤ ਲੰਗਰ ਵਿਚ ਭਾਂਡੇ ਮਾਂਜਣ, ਝਾੜੂ ਫੇਰਨ ਤੇ ਪ੍ਰਸ਼ਾਦ ਤਿਆਰ ਕਰਕੇ ਸੰਗਤਾਂ ਨੂੰ ਛਕਾਉਣ ਦੀ ਸੇਵਾ ਕਰਦੇ ਰਹੇ।

ਸ੍ਰੀ ਅਮਰਦਾਸ ਜੀ ਅੰਮ੍ਰਿਤ ਵੇਲੇ ਬਿਆਸ ਦਰਿਆ ਤੋਂ ਜਲ ਲਿਆ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਰੋਜ਼ਾਨਾ ਇਸ਼ਨਾਨ ਕਰਾਉਂਦੇ ਸਨ। ਇਹ ਸੇਵਾ ਆਪ ਨੇ ਬਾਰ੍ਹਾਂ ਸਾਲ ਤੱਕ ਨਿਭਾਈ। ਇਕ ਦਿਨ ਹਨੇਰੀ ਰਾਤ ਤੇ ਸਰਦੀ ਦੀ ਰੁੱਤੇ ਜਲ ਦੀ ਗਾਗਰ ਭਰ ਕੇ ਵਾਪਸ ਆ ਰਹੇ ਸਨ ਕਿ ਹਨੇਰੇ ਵਿਚ ਇਕ ਕੱਪੜਾ ਬੁਣਨ ਵਾਲੇ ਦੀ ਖੱਡੀ ਦੇ ਕਿੱਲੇ ਵਿਚ ਠੋਕਰ ਖਾ ਕੇ ਡਿੱਗ ਪਏ। ਆਪ ਨੇ ਜਲ ਦੀ ਗਾਗਰ ਨਾ ਡਿੱਗਣ ਦਿੱਤੀ। ਭਾਵੇਂ ਉਸ ਪਤੀ-ਪਤਨੀ ਨੇ ਅਗਿਆਨਤਾ ਵਿਚ ਆਪ ਨੂੰ ਅਮਰੂ ਨਿਥਾਵਾਂ ਕਿਹਾ, ਪਰ ਜਦ ਗੁਰੂ ਅੰਗਦ ਦੇਵ ਜੀ ਨੇ ਇਸ਼ਨਾਨ ਕੀਤਾ ਤੇ ਸਾਰੀ ਕਹਾਣੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਮਿਹਰਾਂ ਦੇ ਘਰ ਵਿਚ ਆ ਕੇ ਕਿਹਾ, 'ਅਮਰਦਾਸ ਜੀ ਤਾਂ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਤੇ ਨਿਥਾਵਿਆਂ ਦੇ ਥਾਂ ਹਨ।'

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰਦਾਸ ਜੀ ਦੀ ਸੇਵਾ ਭਾਵਨਾ, ਨਿਮਰਤਾ, ਗੁਰਬਾਣੀ ਪ੍ਰੇਮ, ਸਿਮਰਨ, ਬੰਦਗੀ ਆਦਿ ਗੁਣਾਂ ਨੂੰ ਪਹਿਚਾਣ ਲਿਆ ਸੀ। ਉਹਨਾਂ ਜਾਣ ਲਿਆ ਕਿ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਯੋਗ ਹਨ। ਗੁਰੂ ਦਰਬਾਰ ਵਿਚ ਹੋਰ ਸਿੱਖ ਸੇਵਕ ਵੀ ਸ੍ਰੀ ਅਮਰਦਾਸ ਜੀ ਨੂੰ ਸਤਿਕਾਰ

ਤੇ ਮਾਣ ਦਿੰਦੇ ਸਨ। ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਦਾਸੂ ਜੀ ਤੇ ਦਾਤੂ ਜੀ ਆਪਣੇ ਆਪ ਨੂੰ ਗੁਰਤਾ ਗੱਦੀ ਦੇ ਹੱਕਦਾਰ ਸਮਝਦੇ ਸਨ। ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਸਮਝਾਇਆ ਕਿ ਗੁਰਗੱਦੀ ਕੋਈ ਵਿਰਾਸਤੀ ਹੱਕ ਨਹੀਂ, ਸਗੋਂ ਕਰਤਾਰ ਦੀ ਬਖ਼ਸ਼ਿਸ਼ ਹੈ।'

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ 29 ਮਾਰਚ 1552 ਈ. ਨੂੰ ਬਾਬਾ ਬੁੱਢਾ ਜੀ ਦੇ ਹੱਥੋਂ ਸ੍ਰੀ ਅਮਰਦਾਸ ਜੀ ਨੂੰ ਗੁਰਿਆਈ ਦਾ ਤਿਲਕ ਦਿਵਾਇਆ। ਗੁਰੂ ਅੰਗਦ ਦੇਵ ਜੀ ਦਾ ਹੁਕਮ ਮੰਨ ਕੇ ਸਾਰੀ ਸੰਗਤ ਨੇ ਗੁਰੂ ਨਾਨਕ ਜੋਤ ਦੇ ਤੀਜੇ ਵਾਰਸ ਦੇ ਚਰਨਾਂ ਉੱਪਰ ਨਮਸਕਾਰ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਦੇ ਕੇ ਸ੍ਰੀ ਗੁਰੂ ਅੰਗਦ ਦੇਵ ਜੀ 29 ਮਾਰਚ 1552 ਈ. ਨੂੰ ਜੋਤੀ ਜੋਤ ਸਮਾ ਗਏ। ਇਸ ਸਮੇਂ ਦੂਜੇ ਪਾਤਸ਼ਾਹ ਜੀ ਦੀ ਉਮਰ 48 ਸਾਲ ਸੀ। ਇਸ ਸੰਬੰਧ ਵਿਚ ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

*ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।*

ਭਾਵ ਭਾਈ ਲਹਿਣਾ ਜੀ ਨੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰਿਆਈ ਪ੍ਰਾਪਤ ਕੀਤੀ ਸੀ ਅਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਹੋ ਗੁਰਿਆਈ ਸ੍ਰੀ ਅਮਰਦਾਸ ਜੀ ਨੂੰ ਬਖ਼ਸ਼ ਦਿੱਤੀ।

ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ : (ੳ) ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ ਜੀ) ਦਾ ਪਰਿਵਾਰਕ ਪਿਛੋਕੜ ਤੇ ਮੁੱਢਲੇ ਜੀਵਨ ਸੰਬੰਧੀ ਜਾਣਕਾਰੀ ਦਿਉ।

ਪ੍ਰਸ਼ਨ : (ਅ) ਭਾਈ ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਦਾ ਇਤਿਹਾਸ ਵਰਣਨ ਕਰੋ।

ਪ੍ਰਸ਼ਨ (ੲ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਭਾਈ ਲਹਿਣਾ ਜੀ ਦੀ ਘਾਲ ਕਮਾਈ ਤੇ ਪ੍ਰੀਖਿਆਵਾਂ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਸ) ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰਤਾ ਗੱਦੀ ਤੇ ਸਿੱਖ ਧਰਮ ਦੀ ਉਸਾਰੀ ਲਈ ਕੀਤੇ ਕਾਰਜਾਂ ਬਾਰੇ ਦੱਸੋ।

ਪ੍ਰਸ਼ਨ (ਹ) ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਸ੍ਰੀ ਅਮਰਦਾਸ ਜੀ ਦਾ ਮਿਲਪ ਕਿਵੇਂ ਹੋਇਆ ਅਤੇ ਅੱਗੇ ਗੁਰਤਾ ਗੱਦੀ ਦਾ ਇਤਿਹਾਸ ਲਿਖੋ।

ਸੰਖੇਪ ਉੱਤਰ ਵਾਲੇ ਪ੍ਰਸ਼ਨ :

ਪ੍ਰਸ਼ਨ 1 : 'ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ' ਦਾ ਭਾਵ ਅਰਥ ਕੀ ਹੈ ?

ਉੱਤਰ : ਇਸ ਦਾ ਭਾਵ ਅਰਥ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਉਂਦੇ ਜੀਅ ਭਾਈ ਲਹਿਣਾ ਜੀ ਨੂੰ ਗੁਰਤਾ ਗੱਦੀ ਪੁਰ ਬਿਠਾ ਕੇ ਗੁਰਿਆਈ ਦਾ ਛਤਰ ਉਹਨਾਂ ਦੇ ਸਿਰ ਪੁਰ ਫਿਰਾਇਆ।

ਪ੍ਰਸ਼ਨ 2 : ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ 31 ਮਾਰਚ 1504 ਈ. ਨੂੰ ਮੱਤੇ ਦੀ ਸਰਾਂ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ।

ਪ੍ਰਸ਼ਨ 3 : ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਕੀ ਸੀ ?

ਉੱਤਰ : ਆਪ ਜੀ ਦਾ ਪਹਿਲਾ ਨਾਮ 'ਲਹਿਣਾ' ਜੀ ਸੀ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਬਾਅਦ ਗੁਰਤਾ ਗੱਦੀ ਆਪ ਜੀ ਨੂੰ ਬਖ਼ਸ਼ੀ ਤਾਂ ਭਾਈ ਲਹਿਣਾ ਜੀ ਦਾ ਨਾਮ ਸ੍ਰੀ ਗੁਰੂ ਅੰਗਦ ਦੇਵ ਜੀ ਹੋਇਆ।

ਪ੍ਰਸ਼ਨ 4 : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?

ਉੱਤਰ : ਆਪ ਦੇ ਮਾਤਾ ਜੀ ਦਾ ਨਾਮ ਸ੍ਰੀ ਦਇਆ ਕੌਰ ਜੀ ਅਤੇ ਪਿਤਾ ਜੀ ਦਾ ਨਾਮ ਸ੍ਰੀ ਫੇਰੂ ਮੱਲ ਜੀ ਸੀ।

ਪ੍ਰਸ਼ਨ 5 : ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵਿਆਹ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਆਪ ਜੀ ਦਾ ਵਿਆਹ 1519 ਈ. ਨੂੰ ਸ੍ਰੀ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ।

ਪ੍ਰਸ਼ਨ 6 : ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਤਾਨ ਸੰਬੰਧੀ ਤੁਸੀਂ ਕੀ ਜਾਣਦੇ ਹੋ ?

ਉੱਤਰ : ਗੁਰੂ ਜੀ ਦੇ ਦੋ ਸਪੁੱਤਰ-ਸ੍ਰੀ ਦਾਸੂ ਜੀ ਤੇ ਦਾਤੂ ਜੀ ਅਤੇ ਦੋ ਸਪੁੱਤਰੀਆਂ-ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਸਨ।

ਪ੍ਰਸ਼ਨ 7 : ਭਾਈ ਲਹਿਣਾ ਜੀ ਕਿਸ ਦੇ ਮੁੱਖ ਤੋਂ ਬਾਣੀ ਸੁਣ ਕੇ ਪ੍ਰਭਾਵਤ ਹੋਏ ਸਨ ?

ਉੱਤਰ : ਭਾਈ ਲਹਿਣਾ ਜੀ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਕ ਸਿੱਖ ਭਾਈ ਜੋਧ ਜੀ ਦੇ ਮੁਖੋਂ ਗੁਰਬਾਣੀ ਸੁਣ ਕੇ ਪ੍ਰਭਾਵਤ ਹੋਏ ਸਨ। ਗੁਰਬਾਣੀ ਸੁਣ ਕੇ ਭਾਈ ਲਹਿਣਾ ਜੀ ਨੂੰ ਆਤਮਿਕ ਸ਼ਾਂਤੀ ਮਿਲੀ।

ਪ੍ਰਸ਼ਨ 8 : ਭਾਈ ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕਦੋਂ ਤੇ ਕਿਥੇ ਹੋਇਆ ?

ਉੱਤਰ : ਆਪ ਜੀ ਦਾ ਮਿਲਾਪ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ 1532 ਈ. ਵਿਚ ਕਰਤਾਰਪੁਰ ਵਿਖੇ ਹੋਇਆ।

ਪ੍ਰਸ਼ਨ 9 : ਜਦ ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਨਾਮ ਦੱਸਿਆ ਤਾਂ ਉਹਨਾਂ ਨੇ ਕੀ ਫ਼ੁਰਮਾਇਆ ?

ਉੱਤਰ : ਭਾਈ ਲਹਿਣਾ ਜੀ ਦਾ ਨਾਂ ਸੁਣ ਕੇ ਗੁਰੂ ਜੀ ਬੋਲੇ, ਵਾਹ ਪੁਰਖਾ ! ਤੂੰ ਲਹਿਣਾ ਹੈ ਤੇ ਅਸਾਂ ਤੇਰਾ ਦੇਣਾ ਹੈ। ਚੰਗਾ ਹੋਇਆ ਤੂੰ ਆਪ ਹੀ ਲਹਿਣਾ ਲੈਣ ਲਈ ਆ ਗਿਆ ਏਂ।

ਪ੍ਰਸ਼ਨ 10 : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਭਾਈ ਲਹਿਣਾ ਜੀ ਨੇ ਕਿੰਨੇ ਸਾਲ ਸੇਵਾ ਕੀਤੀ ?

ਉੱਤਰ : ਭਾਈ ਲਹਿਣਾ ਜੀ ਨੇ 7 ਸਾਲ ਗੁਰੂ ਜੀ ਦੀ ਸੰਗਤ ਕਰਕੇ ਸੇਵਾ ਕੀਤੀ ਅਤੇ ਹਰ ਹੁਕਮ ਨੂੰ ਖਿੜੇ ਮੱਥੇ ਮੰਨ ਕੇ ਸਵੀਕਾਰ ਕੀਤਾ।

ਪ੍ਰਸ਼ਨ 11 : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀਆਂ ਪ੍ਰੀਖਿਆਵਾਂ ਕਿਵੇਂ ਲਈਆਂ ?

ਉੱਤਰ : ਇਕ ਦਿਨ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਗੰਦੇ ਪਾਣੀ ਦੇ ਡੂੰਘੇ ਟੋਏ ਵਿਚੋਂ ਕਟੋਰਾ ਕੱਢਣ ਲਈ ਕਿਹਾ। ਫਿਰ ਧਰਮਸ਼ਾਲਾ ਵਿੱਚੋਂ ਮੋਈ ਚੂਹੀ ਬਾਹਰ ਕੱਢਣ ਲਈ ਹੁਕਮ ਕੀਤਾ। ਇਕ ਵਾਰੀ ਸਿਆਲ ਦੀ ਰੁੱਤੇ ਅੱਧੀ ਰਾਤ ਨੂੰ ਦਰਿਆ ਤੋਂ ਕੱਪੜੇ ਧੋ ਕੇ ਲਿਆਉਣ ਵਾਸਤੇ ਕਿਹਾ। ਹੋ ਰਹੀ ਵਰਖਾ ਵਿਚ ਧਰਮਸ਼ਾਲਾ ਦੀ ਢੱਠੀ ਹੋਈ ਕੰਧ ਬਣਵਾਈ ਗਈ। ਹੋਰ ਵੀ ਅਨੇਕਾਂ ਪ੍ਰੀਖਿਆਵਾਂ ਹੋਈਆਂ, ਪਰ ਭਾਈ ਲਹਿਣਾ ਜੀ ਹਰ ਪ੍ਰੀਖਿਆ 'ਚੋਂ ਪਾਸ ਹੋਏ।

ਪ੍ਰਸ਼ਨ 12 : ਭਾਈ ਲਹਿਣਾ ਜੀ ਨੂੰ ਗੁਰਤਾ ਗੱਦੀ ਕਦੋਂ ਪ੍ਰਾਪਤ ਹੋਈ ?

ਉੱਤਰ : ਸ੍ਰੀ ਗੁਰੂ ਨਾਨਕ ਦੇਵ ਜੀ ਨੇ 15 ਜੂਨ 1539 ਈ. ਨੂੰ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਗੁਰਿਆਈ ਬਖ਼ਸ਼ ਦਿੱਤੀ।

ਪ੍ਰਸ਼ਨ 13 : ਭਾਈ ਲਹਿਣਾ ਜੀ ਦੇ ਜੀਵਨ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ਉੱਤਰ : ਇਸ ਸਵਾਲ ਦਾ ਜਵਾਬ ਹੈ ਕਿ ਭਾਈ ਲਹਿਣਾ ਜੀ ਵਾਂਗ ਸਤਿਗੁਰਾਂ ਦੇ ਹੁਕਮ ਨੂੰ ਸਤਿ ਕਰਕੇ ਮੰਨਣਾ ਤੇ ਕਮਾਉਣਾ ਮਹਾਨ ਸਿੱਖਿਆ ਹੈ।

ਪ੍ਰਸ਼ਨ 14 : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਸ ਸਥਾਨ ਨੂੰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਬਣਾਇਆ ?

ਉੱਤਰ : ਗੁਰੂ ਜੀ ਨੇ ਸ੍ਰੀ ਖਡੂਰ ਸਾਹਿਬ ਨੂੰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਬਣਾਇਆ।

ਪ੍ਰਸ਼ਨ 15 : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਲਈ ਕੀ ਕਾਰਜ ਕੀਤਾ ?

ਉੱਤਰ : ਗੁਰੂ ਜੀ ਨੇ ਪੰਜਾਬ ਦੇ ਸਧਾਰਨ ਲੋਕਾਂ ਵਿਚ ਪੰਜਾਬੀ ਲਿਖਣ ਲਈ ਗੁਰਮੁਖੀ ਲਿੱਪੀ ਦਾ ਪ੍ਰਚਾਰ ਕੀਤਾ। ਗੁਰੂ ਜੀ ਨੇ ਆਪਣੇ ਹੱਥੀਂ ਬਾਲ-ਬੋਧ ਤਿਆਰ ਕਰਵਾਏ ਅਤੇ ਬਾਲ ਵਿਦਿਆਲਾ ਵੀ ਚਲਾਇਆ।

ਪ੍ਰਸ਼ਨ 16 : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਦੀ ਸਰੀਰਕ ਤੰਦਰੁਸਤੀ ਲਈ ਕਿਹੜਾ ਕਾਰਜ ਆਰੰਭ ਕੀਤਾ ?

ਉੱਤਰ : ਗੁਰੂ ਜੀ ਨੇ ਖਡੂਰ ਸਾਹਿਬ ਵਿਖੇ ਇਕ ਮੱਲ ਅਖਾੜਾ ਤਿਆਰ ਕਰਵਾਇਆ। ਇਥੇ ਸਰੀਰਕ ਸ਼ਕਤੀ ਤੇ ਤੰਦਰੁਸਤੀ ਲਈ ਘੋਲ ਕਰਵਾਏ ਜਾਂਦੇ ਸਨ।

ਪ੍ਰਸ਼ਨ 17 : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹਮਾਯੂੰ ਬਾਦਸ਼ਾਹ ਦਾ ਹੰਕਾਰ ਕਿਵੇਂ ਦੂਰ ਕੀਤਾ ?

ਉੱਤਰ : ਸੰਨ 1540 ਵਿਚ ਹਮਾਯੂੰ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਪਾਸੋਂ ਹਾਰ ਖਾ ਕੇ ਪੰਜਾਬ ਵੱਲ ਮੁੜਦਾ ਹੋਇਆ ਖਡੂਰ ਸਾਹਿਬ ਵਿਖੇ ਅਸੀਸ ਲੈਣ ਲਈ ਆਇਆ। ਗੁਰੂ ਜੀ ਬੰਦਗੀ ਵਿਚ ਮਗਨ ਸਨ। ਜਦ ਹੰਕਾਰ ਵਿਚ ਹਮਾਯੂੰ ਨੇ ਸਤਿਗੁਰਾਂ ਉੱਪਰ ਤਲਵਾਰ ਉਠਾਈ ਤਾਂ ਉਹਨਾਂ ਕਿਹਾ ਕਿ 'ਤੇਰੀ ਤਲਵਾਰ ਫ਼ਕੀਰਾਂ ਉੱਪਰ ਤਾਂ ਚੱਲਦੀ ਹੈ, ਪਰ ਸ਼ੇਰ ਸ਼ਾਹ ਸੂਰੀ ਉੱਪਰ ਕਿਉਂ ਨਾ ਚੱਲੀ।' ਹਮਾਯੂੰ ਸੱਚ ਸੁਣ ਕੇ ਗੁਰੂ ਜੀ ਦੇ ਚਰਨਾਂ ਉੱਪਰ ਢਹਿ ਪਿਆ।

ਪ੍ਰਸ਼ਨ 18 : ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਕਿਥੇ ਵਿਆਹੀ ਸੀ ?

ਉੱਤਰ : ਗੁਰੂ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਸ੍ਰੀ (ਗੁਰੂ) ਅਮਰਦਾਸ ਜੀ ਦੇ ਭਤੀਜੇ ਭਾਈ ਜੱਸੂ ਜੀ ਨਾਲ ਪਿੰਡ ਬਾਸਰਕੇ ਵਿਆਹੀ ਹੋਈ ਸੀ।

ਪ੍ਰਸ਼ਨ 19 : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅੱਗੋਂ ਗੁਰਤਾ ਗੱਦੀ ਕਿੰਨ੍ਹਾਂ ਨੂੰ ਬਖ਼ਸ਼ਿਸ਼ ਕੀਤੀ ?

ਉੱਤਰ : ਗੁਰੂ ਜੀ ਨੇ ਆਪਣੀ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ 29 ਮਾਰਚ 1552 ਈ. ਨੂੰ ਬਾਬਾ ਬੁੱਢਾ ਜੀ ਦੇ ਹੱਥੋਂ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਗੁਰਿਆਈ ਦਾ ਤਿਲਕ ਦਿਵਾਇਆ।

ਪ੍ਰਸ਼ਨ 20 : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਹਾਨ ਪਰਉਪਕਾਰ ਤਿੰਨ ਚਾਰ ਪੰਕਤੀਆਂ ਵਿਚ ਲਿਖੋ।

ਉੱਤਰ : ਗੁਰੂ ਜੀ ਨੇ ਖਡੂਰ ਸਾਹਿਬ ਨੂੰ ਧਰਮ ਪ੍ਰਚਾਰ ਦਾ ਕੇਂਦਰ ਬਣਾਇਆ। ਇਥੇ ਗੁਰੂ ਕਾ ਲੰਗਰ ਚੱਲਦਾ ਤੇ ਸਰੀਰਕ ਕਸਰਤ ਲਈ ਮੱਲ ਅਖਾੜੇ ਚਲਾਏ। ਪਹਿਲੇ ਪਾਤਸ਼ਾਹ ਜੀ ਦੀ ਬਾਣੀ ਦੀ ਸੰਭਾਲ ਕੀਤੀ ਤੇ ਉਹਨਾਂ ਦੇ ਜੀਵਨ ਇਤਿਹਾਸ ਨੂੰ ਸੰਭਾਲਿਆ। ਗੁਰਮੁਖੀ ਲਿੱਪੀ ਨੂੰ ਸਵਾਰ ਕੇ ਬਾਲ-ਬੋਧ ਤਿਆਰ ਕਰਵਾਏ। ਸਿੱਖਾਂ ਵਿਚ ਨਿਤਨੇਮ ਦੀ ਮਰਯਾਦਾ ਪੱਕੀ ਕੀਤੀ ਅਤੇ ਸਿੱਖੀ ਦਾ ਪ੍ਰਚਾਰ ਕਰਕੇ ਸਿੱਖ ਧਰਮ ਨੂੰ ਉਦਾਸੀ ਮੱਤ ਦੇ ਪ੍ਰਭਾਵ ਤੋਂ ਬਚਾਇਆ।

☆☆☆

# ਤੀਜੇ ਪਾਤਸ਼ਾਹ
# ਸ੍ਰੀ ਗੁਰੂ ਅਮਰਦਾਸ ਜੀ

*ਜੰਮੇ ਪੂਰਬ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।*
*ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।*
*ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।*
*ਫੇਰ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।*
*ਦਾਤਿ ਜੋਤਿ ਖਸਮੈ ਵਡਿਆਈ॥*

(ਭਾਈ ਗੁਰਦਾਸ ਜੀ)

- ਪਿਛੋਕੜ ਵਿਚ ਜੋ ਕਿਸੇ ਨੇ ਬੀਜ ਬੀਜਿਆ ਹੋਵੇ ਉਹੋ ਹੀ ਫਲਦਾ ਹੈ, ਹੋਰ ਚਤੁਰਾਈਆਂ ਝੂਠੀਆਂ ਹਨ।
- ਭਾਈ ਲਹਿਣਾ ਜੀ ਨੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰ ਗੱਦੀ ਪ੍ਰਾਪਤ ਕੀਤੀ ਅਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਹੋ ਗੱਦੀ ਸ੍ਰੀ ਅਮਰਦਾਸ ਜੀ ਨੂੰ ਬਖ਼ਸ਼ ਦਿੱਤੀ।
- ਹੁਣ ਅਮਰ ਸਰੂਪ ਹੋ ਕੇ ਗੁਰੂ ਅਮਰਦਾਸ ਜੀ ਗੱਦੀ ਪਰ ਬੈਠੇ, ਉਹਨਾਂ ਨੂੰ ਇਹ ਇਲਾਹੀ ਦਾਤ ਗੁਰੂ ਅੰਗਦ ਦੇਵ ਜੀ ਦੁਆਰਾ ਪ੍ਰਾਪਤ ਹੋਈ।
- ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਸਾਇਆ, ਇਹ ਅਚਰਜ ਖੇਲ ਬਿਆਨ ਕਰਨ ਤੋਂ ਬਾਹਰਾ ਹੈ।
- ਅੰਤ ਵਿਚ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ ਦਾਤ ਤੇ ਜੋਤ ਸਭ ਵਾਹਿਗੁਰੂ ਦੀ ਵਡਿਆਈ ਹੈ, ਜਿਸ ਉਪਰ ਰਹਿਮਤ ਕਰੇ ਉਸ ਨੂੰ ਪ੍ਰਾਪਤ ਹੁੰਦੀ ਹੈ।

## ਸੰਖੇਪ ਜੀਵਨ ਦਰਸ਼ਨ : ਸ੍ਰੀ ਗੁਰੂ ਅਮਰਦਾਸ ਜੀ

ਮਾਤਾ :- ਮਾਤਾ ਲਖਮੀ ਜੀ

ਪਿਤਾ :- ਸ੍ਰੀ ਤੇਜ ਭਾਨ ਜੀ

ਪ੍ਰਕਾਸ਼ :- 5 ਮਈ 1479 ਈ.

ਸਥਾਨ :- ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ

ਸੁਪਤਨੀ :- ਰਾਮ ਕੌਰ ਜੀ

ਸੰਤਾਨ :- ਸ੍ਰੀ ਮੋਹਨ ਜੀ, ਸ੍ਰੀ ਮੋਹਰੀ ਜੀ (ਸਪੁੱਤਰ),
ਬੀਬੀ ਦਾਨੀ ਜੀ, ਬੀਬੀ ਭਾਨੀ ਜੀ (ਸਪੁੱਤਰੀਆਂ)

ਗੁਰੂ ਕਾਲ :- 29 ਮਾਰਚ 1552 ਈ. ਤੋਂ 1 ਸਤੰਬਰ 1574 ਈ. ਤੱਕ

## ਮਹਾਨ ਕਾਰਜ (ਪਰਉਪਕਾਰ)

ਸਿੱਖ ਧਰਮ ਦੇ ਪ੍ਰਚਾਰ ਲਈ ਦੇਸ਼ ਭਰ ਵਿਚ 22 ਮੰਜੀਆਂ (ਪ੍ਰਚਾਰ ਕੇਂਦਰ) ਸਥਾਪਤ ਕੀਤੀਆਂ। ਗੋਇੰਦਵਾਲ ਸਾਹਿਬ ਸਿੱਖੀ ਦਾ ਪ੍ਰਚਾਰ ਕੇਂਦਰ ਬਣਾਇਆ। ਇਥੇ ਲੰਗਰ ਦੀ ਮਰਯਾਦਾ 'ਪਹਿਲਾਂ ਪੰਗਤ ਪਾਛੈ ਸੰਗਤ' ਪ੍ਰਪੱਕ ਹੋਈ। ਗੋਇੰਦਵਾਲ ਵਿਖੇ ਸਿੱਖਾਂ ਦਾ ਪਹਿਲਾ ਤੀਰਥ ਸਥਾਨ ਬਉਲੀ ਸਾਹਿਬ ਬਣਿਆਂ ਅਤੇ ਵਿਸਾਖੀ ਦਾ ਜੋੜ ਮੇਲਾ ਇਥੋਂ ਸ਼ੁਰੂ ਹੋਇਆ। ਗੁਰੂ ਜੀ ਨੇ ਸਤੀ ਤੇ ਪਰਦੇ ਦੀਆਂ ਬੁਰੀਆਂ ਰਸਮਾਂ ਪ੍ਰਤੀ ਸਮਾਜ ਨੂੰ ਜਾਗਰਤ ਕੀਤਾ। ਆਪ ਨੇ ਅਮਲੀ ਜੀਵਨ ਵਿਚ ਸੇਵਾ ਦੀ ਮਿਸਾਲ ਕਾਇਮ ਕੀਤੀ। ਆਪ ਜੀ ਦੀ ਬਾਣੀ ਮਹਲਾ ੩ (ਮਹਲਾ ਤੀਜਾ) ਸਿਰਲੇਖ ਹੇਠ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਵਿਚ ਦਰਜ ਹੈ। ਕੁਲ 907 ਸ਼ਬਦ 17 ਰਾਗਾਂ ਵਿਚ ਹਨ।

ਪਵਿੱਤਰ ਨਗਰ ਵਸਾਏ :- ਸ੍ਰੀ ਗੋਇੰਦਵਾਲ ਸਾਹਿਬ।

ਜੋਤੀ ਜੋਤਿ :- 1 ਸਤੰਬਰ 1574 ਈ. ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ।

ਕੁੱਲ ਉਮਰ :- 95 ਸਾਲ, 3 ਮਹੀਨੇ 27 ਦਿਨ

(ੳ) ਸ੍ਰੀ ਗੁਰੂ ਅਮਰਦਾਸ ਜੀ ਦਾ ਆਰੰਭਿਕ ਜੀਵਨ ਤੇ ਪਰਿਵਾਰ—

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ 5 ਮਈ 1479 ਈ. ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ, ਪਿਤਾ ਸ੍ਰੀ ਤੇਜ ਭਾਨ ਜੀ ਦੇ ਗ੍ਰਹਿ ਵਿਖੇ, ਮਾਤਾ ਲਖਮੀ ਜੀ ਦੀ ਕੁੱਖੋਂ ਹੋਇਆ। ਆਪ ਦੇ ਮਾਤਾ ਪਿਤਾ ਬਹੁਤ ਧਾਰਮਿਕ ਅਤੇ ਚੰਗੇ ਜੀਵਨ ਵਾਲੇ ਸਨ। ਇਹਨਾਂ ਦੇ ਘਰ ਚਾਰ ਸਪੁੱਤਰ ਹੋਏ। ਸਭ ਤੋਂ ਵੱਡੇ ਦਾ ਨਾਮ 'ਅਮਰਦਾਸ' ਦੂਜੇ ਦਾ ਨਾਂ ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ ਜੀ), ਤੀਜੇ ਦਾ ਨਾਂ ਸ੍ਰੀ ਖੇਮ ਰਾਇ ਅਤੇ ਚੌਥੇ ਦਾ ਨਾਂ ਸ੍ਰੀ ਮਾਨਕ ਚੰਦ ਸੀ।

ਇਤਿਹਾਸ ਦੇ ਨਜ਼ਰੀਏ ਤੋਂ ਵੇਖੀਏ ਤਾਂ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕੇਵਲ ਦਸ ਕੁ ਸਾਲ ਛੋਟੇ ਸਨ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ 25 ਕੁ ਸਾਲ ਵੱਡੇ ਸਨ। ਆਪ ਭੱਲਾ ਖੱਤਰੀ ਬਰਾਦਰੀ ਨਾਲ ਸੰਬੰਧ ਰੱਖਦੇ ਸਨ। ਆਪ ਦੇ ਮਾਤਾ ਪਿਤਾ ਵੈਸ਼ਨੋਂ ਧਰਮ ਨੂੰ ਮੰਨਦੇ ਸਨ। ਉਹਨਾਂ ਦੇ ਪ੍ਰਭਾਵ ਸਦਕਾ ਹੀ ਆਪ ਦੇ ਹਿਰਦੇ ਵਿਚ ਧਾਰਮਿਕ ਵੀਚਾਰ ਕੁੱਟ-ਕੁੱਟ ਕੇ ਭਰੇ ਹੋਏ ਸਨ। ਆਪ ਦੇ ਪਿਤਾ ਜੀ ਖੇਤੀ ਤੇ ਦੁਕਾਨਦਾਰੀ ਦਾ ਧੰਦਾ ਕਰਦੇ ਸਨ। ਅਮਰਦਾਸ ਜੀ ਜਦ ਜਵਾਨ ਹੋਏ ਤਾਂ ਆਪ ਨੇ ਪਿਤਾ ਦਾ ਕੰਮ ਸੰਭਾਲ ਲਿਆ। ਆਪ ਘੋੜੀ ਉੱਪਰ ਸੌਦਾ ਲੱਦ ਕੇ ਪਿੰਡਾਂ ਵਿਚ ਫੇਰੀ ਦਾ ਕੰਮ ਕਰਦੇ ਸਨ।

ਗੁਰੂ ਅਮਰਦਾਸ ਜੀ ਦਾ ਵਿਆਹ 11 ਮਾਘ ਸੰਮਤ 1559 ਅਨੁਸਾਰ 1502 ਈ. ਨੂੰ ਸ੍ਰੀ ਦੇਵੀ ਚੰਦ ਖੱਤਰੀ ਦੀ ਬੇਟੀ ਰਾਮ ਕੌਰ ਜੀ ਨਾਲ ਹੋਇਆ। ਇਹ ਪਰਿਵਾਰ ਪਿੰਡ ਸਨਖੱਤਰੀ ਜ਼ਿਲ੍ਹਾ ਸਿਆਲਕੋਟ ਦਾ ਰਹਿਣ ਵਾਲਾ ਸੀ। ਗੁਰੂ ਅਮਰਦਾਸ ਜੀ ਦੇ ਗ੍ਰਹਿ ਵਿਖੇ ਦੋ ਸਪੁੱਤਰ ਭਾਈ ਮੋਹਨ ਜੀ ਤੇ ਭਾਈ ਮੋਹਰੀ ਜੀ ਪੈਦਾ ਹੋਏ ਅਤੇ ਦੋ ਸਪੁੱਤਰੀਆਂ ਬੀਬੀ ਭਾਨੀ ਜੀ ਤੇ ਬੀਬੀ ਦਾਨੀ ਜੀ ਨੇ ਜਨਮ ਲਿਆ।

ਸ੍ਰੀ ਅਮਰਦਾਸ ਜੀ ਆਪਣੇ ਪਿਤਾ ਵਾਂਗ ਵੈਸ਼ਨੋ ਮੱਤ ਦੇ ਭਗਤ ਸਨ ਤੇ ਇਕਾਦਸ਼ੀ ਆਦਿ ਦਾ ਵਰਤ ਵੀ ਰੱਖਿਆ ਕਰਦੇ ਸਨ। ਪਿੰਡ ਵਿਚ ਆਉਂਦੇ ਜਾਂਦੇ ਸਾਧੂ ਸੰਤਾਂ ਦੀ ਸੇਵਾ ਕਰਨੀ ਤੇ ਉਹਨਾਂ ਦੀ ਸੰਗਤ ਕਰਕੇ ਲਾਭ ਉਠਾਉਣਾ ਆਪ ਦੀ ਭਾਵਨਾ ਹੁੰਦੀ ਸੀ। ਆਤਮਿਕ ਸ਼ਾਂਤੀ ਪ੍ਰਾਪਤ ਕਰਨ ਦੀ ਭਾਵਨਾ ਕਰ ਕੇ ਹੀ ਆਪ ਹਰ ਸਾਲ ਗੰਗਾ ਇਸ਼ਨਾਨ ਲਈ ਜਾਇਆ ਕਰਦੇ ਸਨ। ਇਹ ਯਾਤਰਾ ਆਪ ਨੇ ਤਕਰੀਬਨ ਚਾਲੀ ਸਾਲ ਦੀ ਉਮਰ ਵਿਚ ਆਰੰਭ ਕੀਤੀ। ਜਦੋਂ ਆਪ ਵੀਹਵੀਂ ਯਾਤਰਾ ਕਰ ਕੇ ਹਰਿਦੁਆਰ ਤੋਂ ਵਾਪਸ ਆ ਰਹੇ ਸਨ ਤਾਂ ਉਹਨਾਂ ਦੇ ਨਾਲ ਹੋਰ ਤੀਰਥ ਯਾਤਰੀ ਵੀ ਸਨ। ਇਹ ਸੰਗ (ਇਕੱਠ) ਪਿੰਡ ਸਿਹਰਾ (ਜ਼ਿਲ੍ਹਾ ਅੰਬਾਲਾ) ਦੇ ਬਾਹਰ ਇਕ ਬਾਗ ਵਿਚ ਠਹਿਰਿਆ। ਉਥੇ ਇਕ ਪੰਡਿਤ ਜੀ ਅਮਰਦਾਸ ਜੀ ਦੇ ਨੂਰਾਨੀ ਚਿਹਰੇ ਤੋਂ ਬਹੁਤ ਪ੍ਰਭਾਵਤ ਹੋਏ। ਉਸ ਨੇ ਆਪ ਨੂੰ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ ? ਅੱਗੋਂ ਆਪ ਨੇ ਉੱਤਰ ਦਿੱਤਾ ਕਿ 'ਅਜੇ ਤੀਕ ਅਸੀਂ ਤਾਂ ਕੋਈ ਗੁਰੂ ਧਾਰਨ ਹੀ ਨਹੀਂ ਕੀਤਾ।'

ਇਹ ਸੁਣ ਕੇ ਉਹ ਪੰਡਤ ਜੀ ਕਹਿਣ ਲੱਗੇ, ਭਾਈ ! 'ਨਿਗੁਰੇ' ਦਾ ਤਾਂ ਦਰਸ਼ਨ ਹੀ ਚੰਗਾ ਨਹੀਂ ਹੁੰਦਾ।'

ਇਹ ਪੰਡਤ ਸ੍ਰੀ ਅਮਰਦਾਸ ਜੀ ਲਈ ਇਕ ਸਵਾਲ ਪੈਦਾ ਕਰ ਗਿਆ। ਆਪ ਦੇ ਮਨ ਵਿਚ ਗੁਰੂ ਧਾਰਨ ਕਰਨ ਦੀ ਲਾਲਸਾ ਠਾਠਾਂ ਮਾਰ ਉਠੀ। ਆਪ ਨੇ ਤੀਰਥ ਯਾਤਰਾਵਾਂ ਵੀ ਬਹੁਤ ਕੀਤੀਆਂ ਤੇ ਕਈ ਸਾਧੂ ਸੰਤਾਂ ਨੂੰ ਮਿਲੇ, ਪਰ ਕਿਸੇ ਪਾਸੋਂ ਵੀ ਆਤਮਿਕ ਸ਼ਾਂਤੀ ਨਸੀਬ ਨਾ ਹੋਈ। ਇਹ ਗੱਲ ਵੀ ਆਪ ਨੂੰ ਬੇਚੈਨ ਕਰ ਰਹੀ ਸੀ ਕਿ ਮੇਰਾ ਗੁਰੂ ਕੋਈ ਨਹੀਂ ਹੈ।

ਕੁਝ ਸਮਾਂ ਬੀਤ ਗਿਆ ਜਿਵੇਂ ਸਤਿਗੁਰੂ ਆਪ ਹੀ ਕਲਾ ਵਰਤਾਉਂਦੇ ਹਨ। ਇਕ ਦਿਨ ਅੰਮ੍ਰਿਤ ਵੇਲੇ ਨਾਲ ਦੇ ਘਰੋਂ ਸ੍ਰੀ ਅਮਰਦਾਸ ਜੀ ਨੇ ਬੀਬੀ ਅਮਰੋ ਦੇ ਮੁਖੋਂ ਬਾਣੀ ਸੁਣੀ। ਬੀਬੀ ਅਮਰੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸ੍ਰੀ ਅਮਰਦਾਸ ਜੀ ਦੇ ਛੋਟੇ ਭਰਾ ਦੀ ਨੂੰਹ ਸੀ। ਇਸ ਬੱਚੀ ਨੂੰ ਗੁਰਬਾਣੀ ਕੰਠ (ਜ਼ੁਬਾਨੀ ਯਾਦ) ਸੀ ਜੋ ਮਨ ਚਿੱਤ ਲਾ ਕੇ ਪੜ੍ਹਦੀ ਸੀ।

ਗੁਰਬਾਣੀ ਸੁਣ ਕੇ ਸ੍ਰੀ ਅਮਰਦਾਸ ਜੀ ਦੇ ਮਨ ਉਪਰ ਡੂੰਘਾ ਅਸਰ ਪਿਆ। ਬੀਬੀ ਅਮਰੋ ਨੂੰ ਆਪ ਜੀ ਨੇ ਪੁੱਛਿਆ, 'ਸਪੁੱਤਰੀ ! ਤੁਸੀਂ ਜਿਸ ਬਾਣੀ ਦਾ ਪਾਠ ਕਰ ਰਹੇ ਸੀ, ਉਹ ਕਿਸ ਦੀ ਬਾਣੀ ਹੈ ?'

ਬੀਬੀ ਅਮਰੋ ਨੇ ਉੱਤਰ ਦਿੱਤਾ, 'ਪਿਤਾ ਜੀ ! ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਉਸ ਗੱਦੀ 'ਤੇ ਮੇਰੇ ਪਿਤਾ ਜੀ ਬਿਰਾਜਮਾਨ ਹਨ।'

ਇਹ ਬਚਨ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਅਤੇ ਉਹਨਾਂ ਨੂੰ ਗੁਰੂ ਧਾਰਨ ਦਾ ਫ਼ੈਸਲਾ ਕਰ ਲਿਆ। ਆਪ ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਸ੍ਰੀ ਖਡੂਰ ਸਾਹਿਬ ਗੁਰੂ ਦਰਬਾਰ ਵਿਚ ਪਹੁੰਚ ਗਏ ਜਿੱਥੇ ਆਪ ਜੀ ਦਾ ਜੀਵਨ ਹੀ ਬਦਲ ਗਿਆ।

### (ਅ) ਸ੍ਰੀ ਅਮਰਦਾਸ ਜੀ ਦਾ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਤੇ ਗੁਰਤਾ ਗੱਦੀ—

ਇਹ ਗੱਲ 1540 ਈ. ਦੀ ਹੈ ਜਦ ਸ੍ਰੀ ਅਮਰਦਾਸ ਜੀ ਬੀਬੀ ਅਮਰੋ ਦੇ ਸਾਥ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਸ੍ਰੀ ਖਡੂਰ ਸਾਹਿਬ ਪੁੱਜੇ। ਗੁਰੂ ਅੰਗਦ ਦੇਵ ਜੀ ਨੇ ਕੁੜਮਾਂ ਵਾਲਾ ਸਤਿਕਾਰ ਦਿੱਤਾ, ਪਰ ਆਪ ਨੇ ਆਪਣਾ ਸੀਸ ਗੁਰੂ ਜੀ ਦੇ ਚਰਨਾਂ ਉਪਰ ਰੱਖ ਦਿੱਤਾ। ਆਪ ਨੂੰ ਬਹੁਤ ਆਤਮਿਕ ਸ਼ਾਂਤੀ ਪ੍ਰਾਪਤ ਹੋਈ। ਫਿਰ ਆਪ ਕਹਿਣ ਲੱਗੇ, 'ਜੀ ਮੈਂ ਕੁੜਮ ਬਣ ਕੇ ਨਹੀਂ ਆਇਆ, ਮੈਂ ਤਾਂ ਇਕ ਸ਼ਰਧਾਲੂ ਬਣ ਕੇ ਆਇਆ ਹਾਂ ਤੇ ਹੁਣ ਮੈਨੂੰ ਤੁਸੀਂ ਆਪਣੇ ਚਰਨਾਂ ਦੀ ਓਟ ਬਖ਼ਸ਼ੋ।'

ਸ੍ਰੀ ਅਮਰਦਾਸ ਜੀ ਪਹਿਲੀ ਮਿਲਣੀ ਤੋਂ ਬਾਅਦ ਹੀ ਸ੍ਰੀ ਖਡੂਰ ਸਾਹਿਬ ਟਿਕ ਗਏ ਤੇ ਗੁਰੂ ਜੀ ਦੀ ਸੰਗਤ ਕਰਨ ਲੱਗ ਪਏ। ਜਿਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਮੰਨਣ ਦਾ ਵੱਡਾ ਨੇਮ ਪਾਲਿਆ ਸੀ, ਉਸੇ ਤਰ੍ਹਾ ਸ੍ਰੀ ਅਮਰਦਾਸ ਜੀ ਨੇ ਗੁਰੂ ਘਰ ਵਿਚ ਸੇਵਾ ਕਰਨ ਦਾ ਵੱਡਾ ਨੇਮ ਕਮਾਇਆ। ਗੁਰਮਤਿ ਵਿਚ ਗੁਰੂ ਤੇ ਵਾਹਿਗੁਰੂ ਦੀ ਪ੍ਰਾਪਤੀ ਲਈ ਸੇਵਾ ਤੇ ਸਿਮਰਨ ਦਾ ਉਚ ਸਥਾਨ ਹੈ। ਇਸ ਤਰ੍ਹਾਂ ਮਨ ਨਿਮਰਲ ਹੁੰਦਾ ਹੈ ਅਤੇ ਸੇਵਕ ਸ਼ੁੱਭ ਗੁਣਾਂ ਦਾ ਧਾਰਨੀ ਬਣਦਾ ਹੈ। ਸ੍ਰੀ ਅਮਰਦਾਸ ਜੀ ਨੇ ਖਡੂਰ ਸਾਹਿਬ ਰਹਿ ਕੇ ਬਾਰ੍ਹਾਂ ਸਾਲ ਤੱਕ ਗੁਰੂ ਘਰ ਨਿਸ਼ਕਾਮ ਸੇਵਾ ਕੀਤੀ। ਆਪ ਅੰਮ੍ਰਿਤ ਵੇਲੇ ਉਠ ਕੇ ਹਰ ਰੋਜ਼ ਢਾਈ ਤਿੰਨ ਕੋਹ ਦੂਰ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ ਸਨ। ਫਿਰ ਲੰਗਰ ਵਿਚ ਸਾਰਾ ਦਿਨ ਸੇਵਾ ਕਰਦੇ, ਸੰਗਤਾਂ ਦੇ ਪੀਣ ਲਈ ਜਲ ਭਰਦੇ ਤੇ ਛਕਾਉਂਦੇ, ਮੂੰਹ ਤੋਂ ਬਾਣੀ ਦਾ ਪਾਠ ਜਾਂ ਸਤਿਨਾਮ ਦਾ ਜਾਪ ਕਰਦੇ ਰਹਿੰਦੇ ਸਨ।

ਪ੍ਰੇਮ ਦੀ ਮੰਜ਼ਲ ਅਨੰਦਮਈ ਵੀ ਹੈ ਤੇ ਕਠਿਨ ਵੀ ਹੁੰਦੀ ਹੈ। ਲੋਕ ਵਿਸ਼ਵਾਸ ਵੀ ਸੱਚਾ ਹੈ ਕਿ ਕੁਠਾਲੀ ਵਿਚ ਪੈ ਕੇ ਸੋਨਾ ਲਿਸ਼ਕ ਪੈਂਦਾ ਹੈ। ਇਸੇ ਤਰ੍ਹਾਂ ਸਹਿਜ, ਸਿਮਰਨ, ਸੇਵਾ, ਸੰਗਤ ਤੇ ਸਤਿਗੁਰੂ ਜੀਵਨ ਬਦਲ ਦਿੰਦੇ ਹਨ। ਇਸੇ ਤਰ੍ਹਾਂ ਹੀ ਹੋਇਆ ਕਿ ਇਕ ਦਿਨ ਮੀਂਹ ਵਰ੍ਹਦਾ ਤੇ ਸਰਦ ਹਨੇਰੀ ਠੰਡੀ ਰਾਤ ਸੀ। ਸ੍ਰੀ ਅਮਰਦਾਸ ਜੀ ਆਪਣੇ ਨਿਤਨੇਮ ਅਨੁਸਾਰ ਬਿਆਸ ਤੋਂ ਜਲ ਦੀ ਗਾਗਰ ਲਿਆ ਰਹੇ ਸਨ। ਰਸਤੇ ਵਿਚ ਚਿੱਕੜ ਤੇ ਤਿਲਕਣ ਸੀ। ਆਪ ਕਰਤਾਰ ਦਾ ਨਾਮ ਜਪਦੇ-ਜਪਦੇ ਪੰਧ ਨਿਬੇੜ ਰਹੇ ਸਨ। ਬਾਰਸ਼ ਤੇ ਹਨੇਰਾ ਹੋਣ ਕਰ ਕੇ ਰਾਹ ਦਾ ਪਤਾ ਨਾ ਲੱਗਿਆ। ਰਾਹ ਦੇ ਲਾਗੇ ਇਕ ਕੱਪੜਾ ਬੁਣਨ ਵਾਲੇ ਦੇ ਗੱਡੇ ਹੋਏ ਕਿੱਲੇ 'ਚ ਠੇਡਾ ਖਾ ਕੇ ਆਪ ਖੱਡੀ ਦੇ ਟੋਏ ਵਿਚ ਡਿੱਗ ਪਏ। ਆਪ ਨੇ ਡਿੱਗ ਕੇ ਵੀ ਪਾਣੀ ਵਾਲੀ ਗਾਗਰ ਨਾ ਡੁੱਲ੍ਹਣ ਦਿੱਤੀ। ਕੱਪੜਾ ਬੁਣਨ ਵਾਲੇ ਨੇ ਸਹਿਜ ਸੁਭਾ ਆਪਣੀ ਪਤਨੀ ਨੂੰ ਕਿਹਾ ਕਿ ਕੋਈ ਖੱਡੀ ਵਿਚ ਡਿੱਗ ਪਿਆ ਲੱਗਦਾ ਹੈ।

ਪਤਨੀ ਕਹਿੰਦੀ, ਡਿੱਗਾ ਹੋਣਾ ਅਮਰੂ ਨਿਥਾਵਾਂ, ਇਸ ਨੂੰ ਰਾਤ ਦਿਨ ਚੈਨ ਹੀ ਨਹੀਂ ਐਂ, ਪੇਟ ਦੀ ਖਾਤਰ ਗੁਰੂ ਦਾ ਪਾਣੀ ਭਰਦਾ ਹੈ।'

ਸ੍ਰੀ ਅਮਰਦਾਸ ਜੀ ਉਠ ਕੇ ਕਹਿੰਦੇ, ਕਮਲੀਏ ! ਮੈਨੂੰ ਤਾਂ ਦੀਨ ਦੁਨੀ ਦੇ ਸਤਿਗੁਰਾਂ ਦੇ ਚਰਨਾਂ 'ਚ ਥਾਂ ਮਿਲਿਆ ਹੈ, ਮੈਂ ਨਿਥਾਵਾਂ ਨਹੀਂ ਹਾਂ। ਦੁਨੀਆਂ 'ਤੇ ਨਿਥਾਵੇਂ ਤਾਂ ਉਹ ਹਨ, ਜੋ ਸੱਚੇ ਗੁਰੂ ਤੋਂ ਵਾਂਝੇ ਹਨ।' ਇਹ ਕਹਿ ਕੇ ਆਪ ਜਲ ਦੀ ਗਾਗਰ ਲੈ ਕੇ ਸਤਿਗੁਰਾਂ ਦੇ ਨਿਵਾਸ ਅਸਥਾਨ 'ਤੇ ਪੁੱਜੇ ਅਤੇ ਪ੍ਰੇਮ ਨਾਲ ਸਤਿਗੁਰਾਂ ਨੂੰ ਇਸ਼ਨਾਨ ਕਰਵਾਇਆ। ਅੰਮ੍ਰਿਤ ਵੇਲੇ ਦੀ ਘਟਨਾ ਬਾਰੇ ਜਦ ਸਤਿਗੁਰਾਂ ਨੇ ਸ੍ਰੀ ਅਮਰਦਾਸ ਜੀ ਨੂੰ ਪੁੱਛਿਆ ਤਾਂ ਆਪ ਨੇ ਕਿਹਾ, 'ਸਤਿਗੁਰੂ ! ਆਪ ਜੀ ਸਭ ਕੁਝ ਜਾਣਦੇ ਹੀ ਹੋ।' ਫੇਰ ਸਤਿਗੁਰਾਂ ਨੇ ਸ੍ਰੀ ਅਮਰਦਾਸ ਜੀ ਵੱਲ ਤੱਕਿਆ ਤੇ ਮਿਹਰਾਂ ਦਾ ਮੀਂਹ ਵਰਸਾਉਂਦਿਆਂ

ਫ਼ੁਰਮਾਇਆ, 'ਪੁਰਖਾ! ਤੁਸੀਂ ਨਿਮਾਣਿਆਂ ਦੇ ਮਾਣ, ਨਿਓਟਿਆਂ ਦੀ ਓਟ ਤੇ ਨਿਥਾਵਿਆਂ ਦੇ ਥਾਂ ਹੋ।'

ਗੁਰੂ ਦਰਬਾਰ ਵਿਚ ਸੇਵਾ ਕਰਦਿਆਂ ਸਮਾਂ ਬੀਤਦਾ ਗਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਤੋਂ ਹੀ ਜਾਣ ਲਿਆ ਸੀ ਕਿ ਸਾਡੇ ਤੋਂ ਬਾਅਦ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸ੍ਰੀ ਅਮਰਦਾਸ ਜੀ ਹੀ ਨਿਭਾ ਸਕਦੇ ਹਨ। ਸਾਰੇ ਸਿੱਖ ਉਹਨਾਂ ਦਾ ਸਤਿਕਾਰ ਕਰਦੇ ਸਨ ਤੇ ਉਹਨਾਂ ਨੂੰ ਸਰਵੋਤਮ ਸਮਝਦੇ ਸਨ।

ਆਪਣੀ ਸੱਚਖੰਡ ਵਾਪਸੀ ਦਾ ਸਮਾਂ ਆ ਪੁੱਜਾ ਜਾਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ 29 ਮਾਰਚ 1552 ਈ. ਨੂੰ ਭਰੀ ਸੰਗਤ ਵਿਚ ਚੱਲਦੀ ਆ ਰਹੀ ਰੀਤੀ ਮੁਤਾਬਕ ਸ੍ਰੀ ਅਮਰਦਾਸ ਜੀ ਨੂੰ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਤਾ ਗੱਦੀ ਲਈ ਤਿਲਕ ਲਵਾਇਆ। ਦੂਜੇ ਪਾਤਸ਼ਾਹ ਜੀ ਦਾ ਹੁਕਮ ਮੰਨ ਕੇ ਸਾਰੀ ਸੰਗਤ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਮੱਥਾ ਟੇਕਿਆ। ਦੂਜੇ ਪਾਤਸ਼ਾਹ ਜੀ ਨੇ ਫ਼ੁਰਮਾਇਆ ਕਿ ਗੁਰੂ ਅਮਰਦਾਸ ਜੀ ! ਤੁਸੀਂ ਧੰਨ ਹੋ, ਆਪ ਦੀ ਸੇਵਾ ਪ੍ਰਭੂ ਦੀ ਦਰਗਾਹ ਵਿਚ ਪ੍ਰਵਾਨ ਹੋਈ ਹੈ। ਨਾਲ ਹੀ ਸੰਗਤਾਂ ਨੂੰ ਫ਼ੁਰਮਾਨ ਕੀਤਾ ਕਿ ਜੋ ਵੀ ਮਨੁੱਖ ਮਨ ਦੀ ਸ਼ਾਂਤੀ ਤੇ ਮੁਕਤੀ ਪ੍ਰਾਪਤ ਕਰਨੀ ਚਾਹੁੰਦਾ ਹੈ ਉਹ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ਆਵੇ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਗੁਰਤਾ ਗੱਦੀ ਉੱਪਰ ਸੁਭਾਇਮਾਨ ਹੋਏ ਤੇ ਧਰਮ ਦਾ ਕਾਰਜ ਅਰੰਭ ਕੀਤਾ।

(ੲ) ਸ੍ਰੀ ਗੁਰੂ ਅਮਰਦਾਸ ਜੀ ਦੇ ਸਿੱਖੀ ਦੇ ਪ੍ਰਚਾਰ ਲਈ ਕੀਤੇ ਮਹਾਨ ਕਾਰਜ—

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਬਹੁਤ ਮਹਾਨ ਕਾਰਜ ਕੀਤੇ। ਸ੍ਰੀ ਗੋਇੰਦਵਾਲ ਸਾਹਿਬ ਨੂੰ ਪ੍ਰਚਾਰ ਲਈ ਕੇਂਦਰ ਬਣਾਇਆ। ਬਾਉਲੀ ਦੀ ਰਚਨਾ ਕੀਤੀ ਤੇ ਵਿਸਾਖੀ ਦਾ ਮੇਲਾ ਆਰੰਭ ਕੀਤਾ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਬਾਈ ਮੰਜੀਆਂ ਸਥਾਪਤ ਕੀਤੀਆਂ। ਜਾਤ ਪਾਤ ਤੇ ਛੂਤ ਛਾਤ ਦੇ ਵਿਤਕਰੇ ਕਰਨ ਤੋਂ ਸਮਾਜ ਨੂੰ ਵਰਜਿਆ। ਸਤੀ ਦੀ ਰਸਮ ਵਰਗੀਆਂ ਅਨੇਕਾਂ ਸਮਾਜਿਕ ਬੁਰਾਈਆਂ ਦੂਰ ਕਰਨ ਦੇ ਉਪਰਾਲੇ ਕੀਤੇ ਤੇ ਗੁਰੂ ਕੇ ਲੰਗਰ ਸੰਬੰਧੀ ਵਿਸ਼ੇਸ਼ ਹੁਕਮ ਜਾਰੀ ਕੀਤੇ। ਸੰਖੇਪ ਵਿਚ ਅਸੀਂ ਇਉਂ ਵਿਚਾਰ ਕਰਦੇ ਹਾਂ :

ਗੋਇੰਦਵਾਲ ਵਸਾਉਣਾ :-

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਤਾ ਗੱਦੀ ਪਰ ਬਿਰਾਜਮਾਨ ਹੋਣ ਤੋਂ ਪਹਿਲਾਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਗੋਇੰਦੇ ਖੱਤਰੀ ਦੀ ਬੇਨਤੀ ਮੰਨ ਕੇ 1546 ਈ. ਵਿਚ ਗੋਇੰਦਵਾਲ ਵਸਾਇਆ ਸੀ। ਗੋਇੰਦੇ ਨੂੰ ਭਰਮ ਸੀ ਕਿ ਇਸ ਧਰਤੀ 'ਤੇ ਪਰੇਤ ਵਸਦੇ ਹਨ ਜੋ ਪਿੰਡ ਬੱਝਣ ਨਹੀਂ ਦਿੰਦੇ। ਇਸ ਨਾਲ ਸਮਾਜ ਨੂੰ ਮਾਨਸਿਕ ਸ਼ਕਤੀ ਵੀ ਮਿਲੀ ਕਿ ਜਿੱਥੇ ਗੁਰੂ ਤੇ ਗੁਰਬਾਣੀ ਦਾ ਸਿਮਰਨ ਹੋਵੇ ਉਥੇ ਕੋਈ ਬੁਰੀ ਰੂਹ ਨਹੀਂ ਰਹਿ ਸਕਦੀ। ਗੁਰਿਆਈ ਮਿਲਣ ਉਪਰੰਤ ਤੀਜੇ ਪਾਤਸ਼ਾਹ ਜੀ ਨੇ ਪੱਕੇ ਰੂਪ ਵਿਚ ਇਥੇ ਆ ਟਿਕਾਣਾ

ਕੀਤਾ। ਇਸੇ ਲਈ ਗੋਇੰਦਵਾਲ ਸਾਹਿਬ ਨੂੰ ਅੱਜ ਵੀ ਸਿੱਖੀ ਦਾ ਧੁਰਾ ਕਿਹਾ ਜਾਂਦਾ ਹੈ, ਕਿਉਂਕਿ ਇਥੇ ਸਿੱਖੀ ਦੀ ਮਰਯਾਦਾ ਪ੍ਰਪੱਕ ਹੋਈ। ਇੱਥੇ ਹੀ ਤੀਜੇ ਤੇ ਚੌਥੇ ਪਾਤਸ਼ਾਹ ਜੋਤੀ ਜੋਤ ਸਮਾਏ ਅਤੇ ਪੰਜਵੇਂ ਸਤਿਗੁਰਾਂ ਦਾ ਇੱਥੇ ਪ੍ਰਕਾਸ਼ ਹੋਇਆ।

ਬਾਉਲੀ ਸਾਹਿਬ ਦੀ ਰਚਨਾ

ਸ੍ਰੀ ਗੁਰੂ ਅਮਰਦਾਸ ਜੀ ਨੇ ਸੰਨ 1559 ਵਿਚ ਗੋਇੰਦਵਾਲ ਵਿਖੇ ਬਉਲੀ ਦੀ ਖ਼ੁਦਾਈ ਆਰੰਭ ਕਰਵਾਈ ਜੋ 1564 ਈ. ਵਿਚ ਸੰਪੂਰਨ ਹੋਈ। ਇਸ ਬਉਲੀ ਦੀਆਂ 84 ਪਉੜੀਆਂ ਬਣਾਈਆਂ ਅਤੇ ਇਹ ਸਿੱਖ ਤੀਰਥਾਂ ਵਿੱਚੋਂ ਪਹਿਲਾ ਤੀਰਥ ਹੈ। ਇਸ ਦੇ ਬਣਨ ਨਾਲ ਸਿੱਖ ਸਮਾਜ ਅਨੇਕ ਤੀਰਥਾਂ ਦੀ ਭਟਕਣਾ ਤੋਂ ਹਟ ਕੇ ਗੁਰੂ ਘਰ ਵੱਲ ਕੇਂਦਰਤ ਹੋਇਆ।

ਵਿਸਾਖੀ ਦਾ ਮੇਲਾ :-

ਇਤਿਹਾਸ ਵਿਚ ਆਉਂਦਾ ਹੈ ਕਿ ਇਕ ਦਿਨ ਭਾਈ ਪਾਰੋ ਜੀ ਨੇ ਤੀਸਰੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ! ਵੱਖ-ਵੱਖ ਥਾਵਾਂ ਤੋਂ ਬੇਅੰਤ ਸੰਗਤਾਂ ਆਪ ਜੀ ਦੇ ਦਰਸ਼ਨਾਂ ਲਈ ਆਉਂਦੀਆਂ ਹਨ। ਸਾਨੂੰ ਕੋਈ ਸਾਂਝੇ ਜੋੜ ਮੇਲੇ ਦਾ ਦਿਨ ਪੱਕਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਸਾਰੀਆਂ ਸਿੱਖ ਸੰਗਤਾਂ ਇਕੱਠੀਆਂ ਹੋ ਜਾਇਆ ਕਰਨਗੀਆਂ। ਗੁਰੂ ਜੀ ਨੇ ਗੋਇੰਦਵਾਲ ਵਿਖੇ ਸਭ ਤੋਂ ਪਹਿਲਾਂ 1567 ਈ. ਵਿਚ ਵਿਸਾਖੀ ਦਾ ਮੇਲਾ ਸ਼ੁਰੂ ਕੀਤਾ। ਇਥੇ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਹੌਲੀ-ਹੌਲੀ ਵਿਸਾਖੀ ਸਿੱਖ ਪੰਥ ਦਾ ਕੌਮੀ ਤਿਉਹਾਰ ਬਣ ਗਿਆ।

ਬਾਈ ਮੰਜੀਆਂ ਦੀ ਸਥਾਪਨਾ

ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਜਥੇਬੰਦਕ ਰੂਪ ਕਾਇਮ ਕੀਤਾ। ਧਰਮ ਪ੍ਰਚਾਰ ਲਈ ਹਿੰਦੁਸਤਾਨ ਵਿਚ ਦੂਰ-ਦੂਰ ਤੱਕ ਬਾਈ ਕੇਂਦਰ ਸਥਾਪਤ ਕੀਤੇ। ਖਾਸ-ਖਾਸ ਸ਼ਰਧਾਲੂ ਸਿੱਖਾਂ ਨੂੰ ਧਰਮ ਪ੍ਰਚਾਰਕ ਨੀਯਤ ਕੀਤਾ। ਇਹ ਪ੍ਰਚਾਰਕ ਜਿਥੇ ਵੀ ਜਾਂਦੇ ਲੋਕ ਮੰਜੀ ਉੱਪਰ ਬਿਠਾ ਕੇ ਸਤਿਕਾਰ ਕਰਦੇ ਤੇ ਇਹਨਾਂ ਦੇ ਉਪਦੇਸ਼ ਸੁਣਦੇ ਸਨ। ਇਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਕਈ ਵਿਦਵਾਨਾਂ ਦਾ ਮੱਤ ਹੈ ਕਿ ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਇਸਤਰੀਆਂ ਨੂੰ ਬਵੰਜਾ ਪੀਹੜੇ ਵੀ ਬਖ਼ਸ਼ੇ।

ਪੰਗਤ ਦੀ ਮਰਯਾਦਾ

ਗੁਰੂ ਜੀ ਨੇ ਜ਼ਾਤ ਪਾਤ ਤੇ ਊਚ ਨੀਚ ਦੇ ਭਰਮ ਨੂੰ ਸਮਾਜ ਵਿਚੋਂ ਦੂਰ ਕਰਨ ਲਈ ਗੁਰੂ ਕੇ ਲੰਗਰ ਸੰਬੰਧੀ ਵਿਸ਼ੇਸ਼ ਹੁਕਮ ਜਾਰੀ ਕੀਤਾ। ਇਹ ਹੁਕਮ ਸੀ, 'ਪਹਿਲੇ ਪੰਗਤ ਪਾਛੈ ਸੰਗਤ' ਭਾਵ ਜੋ ਸੰਗਤ ਕਰਨ ਆਵੇ ਉਹ ਪਹਿਲਾਂ ਲੰਗਰ ਵਿੱਚੋਂ ਪ੍ਰਸ਼ਾਦਾ ਛਕੇ। ਇਸ ਮਰਯਾਦਾ ਨੂੰ ਵੇਖ ਕੇ ਕਈ ਜਾਤ ਅਭਿਮਾਨੀ ਪ੍ਰੇਸ਼ਾਨ ਵੀ ਹੋਏ। ਸਿੱਖ ਧਰਮ ਦਾ ਇਹੋ ਹੀ ਤਾਂ ਨਿਆਰਾਪਣ ਹੈ ਕਿ ਇਥੇ ਆ ਕੇ ਮਨੁੱਖ ਦਾ ਆਪਸੀ ਭੇਦ ਭਾਵ ਖ਼ਤਮ ਹੋ ਜਾਵੇ। ਇਸੇ ਲਈ ਅਕਬਰ ਬਾਦਸ਼ਾਹ ਨੇ ਵੀ ਗੋਇੰਦਵਾਲ ਆ ਕੇ ਸੰਗਤਾਂ ਵਿਚ ਬੈਠ ਕੇ ਲੰਗਰ ਛਕਿਆ।

### ਸਤੀ ਦੀ ਰਸਮ ਦਾ ਵਿਰੋਧ

ਪੁਰਾਣੇ ਸਮਿਆਂ ਤੋਂ ਸਾਡੇ ਸਮਾਜ ਵਿਚ ਇਹ ਭੈੜੀ ਰਸਮ ਪ੍ਰਚੱਲਤ ਸੀ ਕਿ ਜਦ ਕਿਸੇ ਇਸਤਰੀ ਦਾ ਪਤੀ ਮਰ ਜਾਂਦਾ ਸੀ ਤਾਂ ਉਸ ਨੂੰ ਵੀ ਨਾਲ ਹੀ ਚਿਖਾ ਵਿਚ ਸੜਨਾ ਪੈਂਦਾ ਸੀ ਜਾਂ ਸਾੜ ਦਿੱਤਾ ਜਾਂਦਾ ਸੀ। ਗੁਰੂ ਜੀ ਨੇ ਇਸ ਭੈੜੀ ਰਸਮ ਦੇ ਖਿਲਾਫ਼ ਜ਼ੋਰਦਾਰ ਆਵਾਜ਼ ਉਠਾਈ ਅਤੇ ਆਪ ਨੇ ਅਨੇਕ ਥਾਵਾਂ 'ਤੇ ਜਾ ਕੇ ਸਮਾਜ ਨੂੰ ਸਮਝਾਇਆ। ਆਪ ਨੇ ਫ਼ੁਰਮਾਇਆ ਕਿ ਸਤੀਆਂ ਉਹ ਨਹੀਂ ਜੋ ਚਿਖਾ ਵਿਚ ਜਲ ਮਰਦੀਆਂ ਹਨ ਸਗੋਂ ਸਤੀਆਂ ਉਹ ਹਨ ਜੋ ਪਤੀ ਦੀ ਯਾਦ ਨੂੰ ਸਦਾ ਲਈ ਮਨ ਵਿਚ ਵਸਾ ਲੈਂਦੀਆਂ ਹਨ। ਗੁਰੂ ਜੀ ਨੇ ਪੁਨਰ ਵਿਆਹ ਲਈ ਵੀ ਸਮਾਜ ਨੂੰ ਪ੍ਰੇਰਤ ਕੀਤਾ।

### ਰਸਮਾਂ ਦਾ ਸੁਧਾਰ

ਗੁਰੂ ਜੀ ਵੱਡੇ ਸਮਾਜ ਸੁਧਾਰਕ ਸਨ। ਆਪ ਜੀ ਨੇ ਬੀਬੀ ਦਾਨੀ ਜੀ ਦਾ ਰਿਸ਼ਤਾ ਰਾਮੇ ਨਾਮੀ ਸਧਾਰਨ ਸਿੱਖ ਨਾਲ ਕੀਤਾ ਅਤੇ ਬੀਬੀ ਭਾਨੀ ਜੀ ਦਾ ਰਿਸ਼ਤਾ ਸ੍ਰੀ ਜੇਠਾ ਜੀ ਨਾਲ ਜੋ ਘੁੰਡਣੀਆਂ ਵੇਚ ਕੇ ਗੁਜ਼ਾਰਾ ਕਰਦੇ ਸਨ। ਇਹ ਧਰਮ ਦੀ ਕਿਰਤ ਕਰਨ ਵਾਲੇ ਤੇ ਧਰਮ ਦੀ ਪਾਲਣਾ ਕਰਨ ਵਾਲੇ ਮਨੁੱਖ ਦਾ ਸਤਿਕਾਰ ਸੀ। ਇਸੇ ਤਰ੍ਹਾਂ ਰਾਜਾ ਹਰੀਪੁਰ ਦੀ ਰਾਣੀ ਨੂੰ ਉਪਦੇਸ਼ ਕੀਤਾ ਕਿ ਸੰਗਤ ਵਿਚ ਘੁੰਡ ਕੱਢ ਕੇ ਪਰਦਾ ਕਰਨ ਦੀ ਲੋੜ ਨਹੀਂ। ਪਰਦੇ ਦੀ ਰਸਮ ਨੂੰ ਆਪ ਨੇ ਗ਼ੁਲਾਮੀ ਦੱਸਿਆ। ਇਸੇ ਤਰ੍ਹਾਂ ਰਾਮਕਲੀ ਸਦੁ ਵਿਚ ਮਿਰਤਕ ਸਮੇਂ ਦੀ ਰਸਮ ਦਾ ਸੁਧਾਰ ਹੈ ਕਿ ਮਰੇ ਹੋਏ ਪ੍ਰਾਣੀ ਲਈ ਰੋਣਾ ਜਾਂ ਪਿੱਟਣਾ ਨਹੀਂ ਸਗੋਂ ਪ੍ਰਭੂ ਦੇ ਭਾਣੇ ਵਿਚ ਰਹਿ ਕੇ ਉਸ ਦੀ ਸਿਫਤ ਸਲਾਹ ਕਰਨੀ ਹੈ। ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਮਹਾਨ ਕਾਰਜ ਕੀਤੇ।

### (ਸ) ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਗੁਰਤਾ ਗੱਦੀ ਦਾ ਵਾਰਸ ਚੁਣਨਾ ਤੇ ਜੋਤੀ ਜੋਤ—

ਸ੍ਰੀ ਗੁਰੂ ਅਮਰਦਾਸ ਜੀ ਦੇ ਦੋ ਸਪੁੱਤਰ ਭਾਈ ਮੋਹਨ ਜੀ ਤੇ ਭਾਈ ਮੋਹਰੀ ਜੀ ਸਨ। ਬੀਬੀ ਭਾਨੀ ਜੀ ਤੇ ਬੀਬੀ ਦਾਨੀ ਜੀ ਦੋ ਸਪੁੱਤਰੀਆਂ ਸਨ। ਬੀਬੀ ਭਾਨੀ ਜੀ ਦੀ ਸ਼ਾਦੀ ਭਾਈ ਜੇਠਾ ਜੀ ਨਾਲ ਅਤੇ ਬੀਬੀ ਦਾਨੀ ਜੀ ਦੀ ਸ਼ਾਦੀ ਭਾਈ ਰਾਮਾ ਜੀ ਨਾਲ ਹੋਈ। ਭਾਈ ਜੇਠਾ ਜੀ ਭਾਵੇਂ ਸੰਸਾਰੀ ਰਿਸ਼ਤੇ ਵਿਚ ਗੁਰੂ ਜੀ ਦੇ ਜਵਾਈ ਲੱਗਦੇ ਸਨ, ਪਰ ਉਹ ਸਦਾ ਸੱਚਾ ਸੇਵਕ ਬਣਨ ਦਾ ਹੀ ਖ਼ਿਆਲ ਰੱਖਦੇ ਸਨ। ਦੂਜੇ ਪਾਸੇ ਗੁਰੂ ਜੀ ਦੇ ਸਪੁੱਤਰਾਂ ਦੀ ਰੁਚੀ ਗੁਰੂ ਘਰ ਦੇ ਕੰਮਾਂ ਜਾਂ ਸੇਵਾ ਵਿਚ ਨਾ ਮਾਤਰ ਸੀ। ਇਸੇ ਪ੍ਰਕਾਰ ਦਾ ਵਤੀਰਾ ਗੁਰੂ ਜੀ ਦੇ ਦੂਜੇ ਜਵਾਈ ਭਾਈ ਰਾਮਾ ਜੀ ਦਾ ਸੀ।

ਗੁਰੂ ਜੀ ਆਪਣੀ ਬਿਰਧ ਉਮਰ ਦਾ ਖ਼ਿਆਲ ਕਰ ਕੇ ਅੱਗੋਂ ਗੁਰਤਾ ਗੱਦੀ ਯੋਗ ਤੇ ਸੇਵਾ ਸਿਮਰਨ ਵਾਲੀ ਰੂਹ ਨੂੰ ਬਖ਼ਸ਼ਣਾ ਚਾਹੁੰਦੇ ਸਨ। ਜਿਸ ਤਰ੍ਹਾਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਅਨੇਕਾਂ ਪ੍ਰੀਖਿਆਵਾਂ ਲੈ ਕੇ ਪਰਖਿਆ ਸੀ ਅਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰਦਾਸ ਜੀ ਦੇ ਸਿਦਕ, ਸੇਵਾ ਤੇ

ਸਿਮਰਨ ਤੋਂ ਤਰੁਠ ਕੇ ਗੁਰਗੱਦੀ ਦੀ ਸੇਵਾ ਸੌਂਪੀ ਸੀ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਯੋਗ ਵਾਰਸ ਦੀ ਭਾਲ ਵਿਚ ਸਨ। ਭਾਵੇਂ ਉਹਨਾਂ ਨੂੰ ਭਾਈ ਜੇਠਾ ਜੀ ਅਤਿ ਪਿਆਰੇ ਲੱਗਦੇ ਸਨ, ਪਰ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਮਹਾਨ ਕਾਰਜ ਸੀ।

ਇਕ ਦਿਨ ਪ੍ਰੀਖਿਆ ਦੀ ਘੜੀ ਆ ਗਈ। ਸ੍ਰੀ ਗੁਰੂ ਅਮਰਦਾਸ ਜੀ ਨੇ ਸਹਿਜ ਰੂਪ ਵਿਚ ਭਾਈ ਜੇਠਾ ਜੀ ਤੇ ਭਾਈ ਰਾਮਾ ਜੀ ਨੂੰ ਵੱਖ-ਵੱਖ ਥੜ੍ਹੇ ਬਨਾਉਣ ਲਈ ਕਿਹਾ। ਦੋਨਾਂ ਨੇ ਪੂਰੀ ਰੀਝ ਨਾਲ ਥੜ੍ਹੇ ਬਣਾਏ, ਪਰ ਗੁਰੂ ਜੀ ਨੇ ਜਦ ਸ਼ਾਮ ਨੂੰ ਆ ਕੇ ਦੇਖੇ ਤਾਂ ਕਹਿਣ ਲੱਗੇ ਕਿ ਚੰਗੇ ਨਹੀਂ ਬਣੇ, ਇਹ ਦੁਬਾਰਾ ਬਣਾਓ।

ਜਦੋਂ ਇਹ ਖੇਡ ਇਸੇ ਤਰ੍ਹਾਂ ਪੰਜ ਛੇ ਵਾਰ ਵਾਪਰੀ ਤਾਂ ਭਾਈ ਰਾਮਾ ਜੀ ਅੱਕ ਕੇ ਕਹਿਣ ਲੱਗੇ, 'ਸਤਿਗੁਰੂ ! ਮੈਂ ਤਾਂ ਇਸ ਤੋਂ ਵਧੀਆ ਹੋਰ ਨਹੀਂ ਬਣਾ ਸਕਦਾ। ਜਿਵੇਂ ਤੁਸੀਂ ਕਿਹਾ ਮੈਂ ਉਵੇਂ ਹੀ ਬਣਾ ਦਿੱਤਾ ਹੈ। ਪਰ ਤੁਸੀਂ ਫਿਰ ਵੀ ਕੋਈ ਨਾ ਕੋਈ ਨੁਕਸ ਕੱਢ ਦਿੰਦੇ ਹੋ।' ਇਹ ਕਹਿ ਕੇ ਭਾਈ ਰਾਮਾ ਜੀ ਚਲੇ ਗਏ।

ਜਦ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਥੜ੍ਹਾ ਢਾਹ ਕੇ ਫਿਰ ਨਵਾਂ ਬਨਾਉਣ ਲਈ ਕਿਹਾ ਤਾਂ ਭਾਈ ਜੇਠਾ ਜੀ ਬੋਲੇ, 'ਸਤਿਗੁਰੂ ਜੀਉ ! ਮੈਂ ਗਲਤੀਆਂ ਨਾਲ ਭਰਿਆ ਅਨਜਾਣ ਸੇਵਕ ਹਾਂ। ਮੈਂ ਆਪ ਜੀ ਦੇ ਹੁਕਮ ਦੀ ਪਾਲਣਾ ਕਰਨ ਲਈ ਸਦਾ ਤਿਆਰ ਹਾਂ। ਤੁਸੀਂ ਕਿਰਪਾ ਕਰਕੇ ਮੈਨੂੰ ਸ਼ਕਤੀ ਬਖ਼ਸ਼ੋ ਕਿ ਮੈਂ ਤੁਹਾਡੀ ਪਸੰਦ ਦਾ ਥੜ੍ਹਾ ਬਣਾ ਸਕਾਂ। ਇਹ ਕਹਿ ਕੇ ਭਾਈ ਜੇਠਾ ਜੀ ਨੇ ਫਿਰ ਥੜ੍ਹਾ ਬਨਾਉਣਾ ਸ਼ੁਰੂ ਕਰ ਦਿੱਤਾ। ਜਦੋਂ ਥੜ੍ਹਾ ਬਣ ਗਿਆ ਤਾਂ ਸਤਿਗੁਰੂ ਭਾਈ ਜੇਠਾ ਜੀ ਨੂੰ ਛਾਤੀ ਨਾਲ ਲਾ ਕੇ ਕਹਿਣ ਲੱਗੇ ਕਿ ਥੜ੍ਹੇ ਦੀ ਬਨਾਵਟ ਏਨੀ ਜ਼ਰੂਰੀ ਨਹੀਂ, ਜਿੰਨੀ ਸਹਿਣਸ਼ੀਲਤਾ ਦੀ ਹੈ।

ਫਿਰ ਸਤਿਗੁਰਾਂ ਨੇ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ ਕਿ ਭਾਈ ਜੇਠਾ ਜੀ ਵਿਚ ਉਹ ਸਾਰੇ ਗੁਣ ਹਨ ਜੋ ਇਕ ਜ਼ਿੰਮੇਵਾਰ ਮੁਖੀ ਵਿਚ ਹੋਣੇ ਚਾਹੀਦੇ ਹਨ। ਮੇਰੀ ਥਾਂ ਭਾਈ ਜੇਠਾ ਜੀ ਹੀ ਲੈ ਸਕਦੇ ਹਨ। ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਸਭ ਤੋਂ ਵਧੇਰੇ ਯੋਗ ਸਮਝ ਕੇ ਮਿਤੀ 1 ਸਤੰਬਰ 1574 ਈ. ਨੂੰ ਉਹਨਾਂ ਅੱਗੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਤੋਂ ਤਿਲਕ ਲਗਾ ਕੇ ਗੁਰ ਗੱਦੀ ਬਖ਼ਸ਼ੀ। ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ ਕਰਕੇ ਜਾਣੇ ਜਾਣ ਲੱਗੇ। ਸ੍ਰੀ ਗੁਰੂ ਅਮਰਦਾਸ ਜੀ 22 ਸਾਲ ਗੁਰ ਗੱਦੀ ਪਰ ਬਿਰਾਜ ਕੇ ਅੰਤ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਤਾ ਗੱਦੀ ਬਖ਼ਸ਼ ਕੇ 1 ਸਤੰਬਰ 1574 ਈ. ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਗੁਰੂ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਸਿੱਖਾਂ ਨੂੰ ਇਹ ਪੱਕੀ ਤਾਕੀਦ ਕੀਤੀ ਕਿ ਸਾਡੇ ਦੇਹਾਂਤ ਤੋਂ ਬਾਅਦ ਰੋਣਾ ਨਹੀਂ ਸਗੋਂ ਕੀਰਤਨ ਕਰਨਾ ਹੈ। ਆਪ ਜੀ ਦੇ ਬਚਨਾਂ ਨੂੰ ਬਾਬਾ ਸੁੰਦਰ ਜੀ ਨੇ 'ਸਦੁ ਬਾਣੀ' ਵਿਚ ਦਰਜ ਕੀਤਾ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਆਪਣੇ ਥਾਉਂ ਸਥਾਪਨ ਕੀਤਾ। ਇਸੇ ਇਤਿਹਾਸ ਨੂੰ ਭਾਈ ਗੁਰਦਾਸ ਜੀ ਨੇ ਪੇਸ਼ ਕੀਤਾ ਹੈ, 'ਰਾਮਦਾਸ ਗੁਰ ਅਮਰ ਸਮੋਗੀ।' ਭਾਵ ਸ੍ਰੀ ਗੁਰੂ ਰਾਮਦਾਸ ਜੀ ਵਿਚ ਗੁਰੂ ਅਮਰਦਾਸ ਜੀ ਸਮਾ ਗਏ।

ਅਭਿਆਸ ਲਈ ਵੱਡੇ ਪ੍ਰਸ਼ਨ—

ਪ੍ਰਸ਼ਨ : (ੳ) ਸ੍ਰੀ ਗੁਰੂ ਅਮਰਦਾਸ ਜੀ ਦਾ ਆਰੰਭਿਕ ਜੀਵਨ ਤੇ ਪਰਿਵਾਰ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ : (ਅ) ਸ੍ਰੀ ਗੁਰੂ ਅਮਰਦਾਸ ਜੀ ਦਾ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਤੇ ਗੁਰਗੱਦੀ ਦਾ ਇਤਿਹਾਸ ਵਰਣਨ ਕਰੋ।

ਪ੍ਰਸ਼ਨ : (ੲ) ਸ੍ਰੀ ਗੁਰੂ ਅਮਰਦਾਸ ਜੀ ਦੇ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਕਾਰਜਾਂ ਸੰਬੰਧੀ ਚਾਨਣਾ ਪਾਓ।

ਪ੍ਰਸ਼ਨ : (ਸ) ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਗੁਰਗੱਦੀ ਦਾ ਵਾਰਸ ਚੁਣਨਾ ਅਤੇ ਜੋਤੀ ਜੋਤ ਸਮਾਉਣ ਦਾ ਇਤਿਹਾਸ ਵਰਣਨ ਕਰੋ।

ਸੰਖੇਪ ਉੱਤਰ ਵਾਲੇ ਪ੍ਰਸ਼ਨ :

ਪ੍ਰਸ਼ਨ 1 : 'ਲਹਿਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ' ਦਾ ਭਾਵ ਅਰਥ ਕੀ ਹੈ ?

ਉੱਤਰ : ਇਸ ਪੰਕਤੀ ਵਿਚ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ) ਨੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰਗੱਦੀ ਪ੍ਰਾਪਤ ਕੀਤੀ ਸੀ ਅਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਹੋ ਗੱਦੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਬਖ਼ਸ਼ਿਸ਼ ਕੀਤੀ।

ਪ੍ਰਸ਼ਨ 2 : ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਆਪ ਜੀ ਦਾ ਪ੍ਰਕਾਸ਼ ਮਿਤੀ 5 ਮਈ 1479 ਈ. ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।

ਪ੍ਰਸ਼ਨ 3 : ਸ੍ਰੀ ਗੁਰੂ ਅਮਰਦਾਸ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?

ਉੱਤਰ : ਗੁਰੂ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਲੱਖਮੀ ਜੀ ਅਤੇ ਪਿਤਾ ਦਾ ਨਾਮ ਸ੍ਰੀ ਤੇਜ ਭਾਨ ਜੀ ਸੀ।

ਪ੍ਰਸ਼ਨ 4 : ਸ੍ਰੀ ਅਮਰਦਾਸ ਜੀ ਦੇ ਪਿਤਾ ਜੀ ਕਿਹੜਾ ਕਿੱਤਾ ਕਰਦੇ ਸਨ ?

ਉੱਤਰ : ਆਪ ਦੇ ਪਿਤਾ ਜੀ ਖੇਤੀ ਤੇ ਦੁਕਾਨਦਾਰੀ ਦਾ ਧੰਦਾ ਕਰਦੇ ਸਨ।

ਪ੍ਰਸ਼ਨ 5 : ਜਦ ਸ੍ਰੀ ਅਮਰਦਾਸ ਜੀ ਜਵਾਨ ਹੋਏ ਤਾਂ ਉਹਨਾਂ ਨੇ ਕਿਹੜਾ ਕੰਮ ਸ਼ੁਰੂ ਕੀਤਾ ?

ਉੱਤਰ : ਜਦ ਆਪ ਜਵਾਨ ਹੋਏ ਤਾਂ ਆਪ ਨੇ ਪਿਤਾ ਦਾ ਕੰਮ ਸੰਭਾਲ ਲਿਆ। ਆਪ ਘੋੜੀ ਉੱਪਰ ਸੌਦਾ ਲੱਦ ਕੇ ਪਿੰਡ ਵਿਚ ਫੇਰੀ ਦਾ ਕੰਮ ਕਰਦੇ ਸਨ।

ਪ੍ਰਸ਼ਨ 6 : ਸ੍ਰੀ ਅਮਰਦਾਸ ਜੀ ਦਾ ਵਿਆਹ ਕਦੋਂ ਹੋਇਆ ?

ਉੱਤਰ : ਆਪ ਜੀ ਦਾ ਵਿਆਹ 1502 ਈ. ਨੂੰ ਸ੍ਰੀ ਦੇਵੀ ਚੰਦ ਖੱਤਰੀ ਦੀ ਬੇਟੀ ਰਾਮ ਕੌਰ ਜੀ ਨਾਲ ਹੋਇਆ।

ਪ੍ਰਸ਼ਨ 7 : ਸ੍ਰੀ ਗੁਰੂ ਅਮਰਦਾਸ ਜੀ ਦੀ ਸੰਤਾਨ ਸੰਬੰਧੀ ਦੱਸੋ।

ਉੱਤਰ : ਆਪ ਜੀ ਦੇ ਗ੍ਰਹਿ ਵਿਖੇ ਦੋ ਸਪੁੱਤਰ ਭਾਈ ਮੋਹਨ ਜੀ ਤੇ ਭਾਈ ਮੋਹਰੀ ਜੀ ਪੈਦਾ ਹੋਏ ਅਤੇ ਬੀਬੀ ਭਾਨੀ ਜੀ ਤੇ ਬੀਬੀ ਦਾਨੀ ਜੀ ਦੋ ਸਪੁੱਤਰੀਆਂ ਨੇ ਜਨਮ ਲਿਆ।

ਪ੍ਰਸ਼ਨ 8 : ਸ੍ਰੀ ਗੁਰੂ ਅਮਰਦਾਸ ਜੀ ਨੇ ਕਿਸ ਦੇ ਮੁੱਖ ਤੋਂ ਪਹਿਲੀ ਵਾਰ ਗੁਰਬਾਣੀ ਸੁਣੀ ?

ਉੱਤਰ : ਆਪ ਜੀ ਨੇ ਅੰਮ੍ਰਿਤ ਵੇਲੇ ਬੀਬੀ ਅਮਰੋ ਦੇ ਮੁੱਖੋਂ ਗੁਰਬਾਣੀ ਸੁਣੀ। ਬੀਬੀ ਅਮਰੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸ੍ਰੀ ਅਮਰਦਾਸ ਜੀ ਦੇ ਛੋਟੇ ਭਰਾ ਦੀ ਨੂੰਹ ਸੀ।

ਪ੍ਰਸ਼ਨ 9 : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰ ਕੇ ਸ੍ਰੀ ਅਮਰਦਾਸ ਜੀ ਨੂੰ ਕੀ ਮਹਿਸੂਸ ਹੋਇਆ ?

ਉੱਤਰ : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰ ਕੇ ਸ੍ਰੀ ਅਮਰਦਾਸ ਜੀ ਨੂੰ ਆਤਮਿਕ ਸ਼ਾਂਤੀ ਪ੍ਰਾਪਤ ਹੋਈ।

ਪ੍ਰਸ਼ਨ 10 : ਸ੍ਰੀ ਅਮਰਦਾਸ ਜੀ ਨੇ ਖਡੂਰ ਸਾਹਿਬ ਵਿਖੇ ਕਿਹੜੀ ਮਹਾਨ ਸੇਵਾ ਕੀਤੀ ?

ਉੱਤਰ : ਆਪ ਜੀ ਨੇ 12 ਸਾਲ ਗੁਰੂ ਘਰ ਨਿਸ਼ਕਾਮ ਸੇਵਾ ਕੀਤੀ। ਆਪ ਅੰਮ੍ਰਿਤ ਵੇਲੇ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਂਦੇ ਸਨ। ਫਿਰ ਲੰਗਰ ਵਿਚ ਸਾਰਾ ਦਿਨ ਸੇਵਾ ਕਰਦੇ ਸਨ।

ਪ੍ਰਸ਼ਨ 11 : ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਕਦੋਂ ਬਖ਼ਸ਼ਿਸ਼ ਹੋਈ ?

ਉੱਤਰ : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੱਚਖੰਡ ਵਾਪਸੀ ਦਾ ਸਮਾਂ ਆ ਪੁੱਜਾ ਜਾਣ ਕੇ 29 ਮਾਰਚ 1552 ਈ. ਨੂੰ ਆਪ ਜੀ ਨੂੰ ਗੁਰਗੱਦੀ ਬਖ਼ਸ਼ਿਸ਼ ਕੀਤੀ।

ਪ੍ਰਸ਼ਨ 12 : ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਕਦੋਂ ਵਸਾਇਆ ਸੀ ?

ਉੱਤਰ : ਆਪ ਜੀ ਨੇ ਗੁਰਤਾ ਗੱਦੀ ਪਰ ਬਿਰਾਜਮਾਨ ਹੋਣ ਤੋਂ ਪਹਿਲਾਂ ਹੀ ਦੂਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਗੋਇੰਦੇ ਖੱਤਰੀ ਦੀ ਬੇਨਤੀ ਮੰਨ ਕੇ 1546 ਈ. ਵਿਚ ਗੋਇੰਦਵਾਲ ਵਸਾਇਆ ਸੀ।

ਪ੍ਰਸ਼ਨ 13 : ਸ੍ਰੀ ਗੁਰੂ ਅਮਰਦਾਸ ਜੀ ਨੇ ਬਉਲੀ ਕਦੋਂ ਤਿਆਰ ਕਰਵਾਈ ?

ਉੱਤਰ : ਆਪ ਜੀ ਨੇ 1559 ਈ. ਨੂੰ ਗੋਇੰਦਵਾਲ ਵਿਖੇ ਬਾਉਲੀ ਦੀ ਖੁਦਾਈ ਆਰੰਭ ਕਰਵਾਈ ਜੋ 1564 ਈ. ਵਿਚ ਸੰਪੂਰਨ ਹੋਈ।

ਪ੍ਰਸ਼ਨ 14 : ਸਭ ਤੋਂ ਪਹਿਲਾਂ ਵਿਸਾਖੀ ਦਾ ਜੋੜ ਮੇਲਾ ਕਦੋਂ ਤੇ ਕਿੱਥੇ ਸ਼ੁਰੂ ਹੋਇਆ ?

ਉੱਤਰ : ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਸਭ ਤੋਂ ਪਹਿਲਾਂ 1567 ਈ. ਵਿਚ ਵਿਸਾਖੀ ਦਾ ਜੋੜ ਮੇਲਾ ਸ਼ੁਰੂ ਕੀਤਾ ਜੋ ਹੌਲੀ-ਹੌਲੀ ਸਿੱਖ ਪੰਥ ਦਾ ਕੌਮੀ ਤਿਉਹਾਰ ਬਣ ਗਿਆ।

ਪ੍ਰਸ਼ਨ 15 : ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਮਰਯਾਦਾ ਸੰਬੰਧੀ ਕੀ ਹੁਕਮ ਜਾਰੀ ਕੀਤਾ ?

ਉੱਤਰ : ਗੁਰੂ ਜੀ ਦਾ ਹੁਕਮ ਸੀ, 'ਪਹਿਲੇ ਪੰਗਤ ਪਾਛੈ ਸੰਗਤ' ਭਾਵ ਜੋ ਸੰਗਤ ਕਰਨ ਲਈ ਆਵੇ ਉਹ ਪਹਿਲਾਂ ਲੰਗਰ ਵਿਚੋਂ ਪ੍ਰਸ਼ਾਦਾ ਛਕ ਕੇ ਆਵੇਗਾ।

ਪ੍ਰਸ਼ਨ 16 : ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਦੀ ਰਸਮ ਸੰਬੰਧੀ ਸਮਾਜ ਨੂੰ ਕਿਵੇਂ ਸਮਝਾਇਆ ?

ਉੱਤਰ : ਗੁਰੂ ਜੀ ਨੇ ਸਮਾਜ ਨੂੰ ਸਮਝਾਇਆ ਕਿ ਸਤੀਆਂ ਉਹ ਨਹੀਂ ਜੋ ਚਿਖਾ ਵਿਚ ਸੜ ਮਰਦੀਆਂ ਹਨ ਸਗੋਂ ਸਤੀਆਂ ਉਹ ਹਨ ਜੋ ਪਤੀ ਦੀ ਯਾਦ ਨੂੰ ਸਦਾ ਲਈ ਮਨ ਵਿਚ ਵਸਾ ਲੈਂਦੀਆਂ ਹਨ।

ਪ੍ਰਸ਼ਨ 17 : ਸ੍ਰੀ ਗੁਰੂ ਅਮਰਦਾਸ ਜੀ ਨੇ ਰਾਜਾ ਹਰੀਪੁਰ ਦੀ ਰਾਣੀ ਨੂੰ ਕੀ ਉਪਦੇਸ਼ ਦਿੱਤਾ ?

ਉੱਤਰ : ਗੁਰੂ ਜੀ ਨੇ ਰਾਣੀ ਨੂੰ ਉਪਦੇਸ਼ ਦਿੱਤਾ ਕਿ ਪਰਦਾ ਗ਼ੁਲਾਮੀ ਦੀ ਨਿਸ਼ਾਨੀ ਹੈ ਅਤੇ ਸੰਗਤ ਵਿਚ ਘੁੰਡ ਕੱਢ ਕੇ ਪਰਦਾ ਕਰਨ ਦੀ ਲੋੜ ਨਹੀਂ ਹੈ।

ਪ੍ਰਸ਼ਨ 18 : ਸ੍ਰੀ ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਤੇ ਬੀਬੀ ਦਾਨੀ ਦੀ ਸ਼ਾਦੀ ਲਈ ਕਿਸ ਤਰ੍ਹਾਂ ਦੇ ਵਰ ਚੁਣੇ ?

ਉੱਤਰ : ਗੁਰੂ ਜੀ ਨੇ ਆਪਣੀਆਂ ਸਪੁੱਤਰੀਆਂ ਲਈ ਧਰਮ ਦੀ ਕਿਰਤ ਕਰਨ ਵਾਲੇ ਵਰ ਚੁਣੇ। ਬੀਬੀ ਭਾਨੀ ਦਾ ਰਿਸ਼ਤਾ ਭਾਈ ਜੇਠਾ ਜੀ ਨਾਲ ਅਤੇ ਬੀਬੀ ਦਾਨੀ ਦਾ ਰਿਸ਼ਤਾ ਭਾਈ ਰਾਮੇ ਨਾਮੀ ਸਾਧਾਰਨ ਕਿਰਤੀ ਸਿੱਖ ਨਾਲ ਕੀਤਾ।

ਪ੍ਰਸ਼ਨ 19 : ਸ੍ਰੀ ਗੁਰੂ ਅਮਰਦਾਸ ਜੀ ਨੇ ਅੱਗੇ ਗੁਰਗੱਦੀ ਕਿਸ ਨੂੰ ਬਖ਼ਸ਼ਿਸ਼ ਕੀਤੀ ?

ਉੱਤਰ : ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਸਭ ਤੋਂ ਵਧੇਰੇ ਯੋਗ ਸਮਝ ਕੇ ਮਿਤੀ 1 ਸਤੰਬਰ 1574 ਈ. ਨੂੰ ਗੁਰਗੱਦੀ ਬਖ਼ਸ਼ਿਸ਼ ਕੀਤੀ। ਭਾਈ ਜੇਠਾ ਜੀ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਕਰਕੇ ਜਾਣੇ ਜਾਣ ਲੱਗੇ।

ਪ੍ਰਸ਼ਨ 20 : ਸ੍ਰੀ ਗੁਰੂ ਅਮਰਦਾਸ ਜੀ ਦੇ ਮਹਾਨ ਪਰਉਪਕਾਰ ਤਿੰਨ ਚਾਰ ਪੰਕਤੀਆਂ ਵਿਚ ਲਿਖੋ।

ਉੱਤਰ : ਆਪ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਦੇਸ਼ ਭਰ ਵਿਚ 22 ਮੰਜੀਆਂ ਭਾਵ ਪ੍ਰਚਾਰ ਕੇਂਦਰ ਸਥਾਪਤ ਕੀਤੇ। ਗੋਇੰਦਵਾਲ ਸਾਹਿਬ ਸਿੱਖੀ ਦਾ ਪ੍ਰਚਾਰ ਕੇਂਦਰ ਬਣਾਇਆ। ਇਥੇ ਸਿੱਖਾਂ ਦਾ ਪਹਿਲਾ ਤੀਰਥ ਸਥਾਨ ਬਉਲੀ ਬਣਿਆਂ। ਵਿਸਾਖੀ ਦਾ ਜੋੜ ਮੇਲਾ ਸ਼ੁਰੂ ਹੋਇਆ ਅਤੇ ਲੰਗਰ ਦੀ ਮਰਯਾਦਾ ਪ੍ਰਪੱਕ ਹੋਈ। ਆਪ ਨੇ ਸਤੀ ਤੇ ਪਰਦੇ ਦੀਆਂ ਬੁਰੀਆਂ ਰਸਮਾਂ ਪ੍ਰਤੀ ਸਮਾਜ ਨੂੰ ਸਮਝਾਇਆ ਅਤੇ ਸੇਵਾ ਦੀ ਮਿਸਾਲ ਕਾਇਮ ਕੀਤੀ।

☆☆☆

# ਚੌਥੇ ਪਾਤਸ਼ਾਹ
# ਸ੍ਰੀ ਗੁਰੂ ਰਾਮਦਾਸ ਜੀ

*ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ।*
*ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।*
*ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।*
*ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।*
*ਦਿਤਾ ਲਈਐ ਆਪਣਾ ਅਣਦਿਤਾ ਕੁਛ ਹਥਿ ਨ ਆਵੈ।*
*ਫਿਰਿ ਆਈ ਘਰਿ ਅਰਜਣੈ ਪੁਤ ਸੰਸਾਰੀ ਗੁਰੂ ਕਹਾਵੈ।*
*ਜਾਣਿ ਨ ਦੇਸਾਂ ਸੋਢੀਓ ਹੋਰਸਿ ਅਜਰੁ ਨ ਜਰਿਆ ਜਾਵੈ।*
*ਘਰ ਹੀ ਕੀ ਵਥੁ ਘਰੇ ਰਹਾਵੈ ॥* (ਭਾਈ ਗੁਰਦਾਸ ਜੀ)

- ਜਿਸ ਦਾ ਦੇਣਾ ਪਹਿਲਾਂ ਦਾ ਹੀ ਹੋਵੇ ਤੇ ਜਿਸ ਦੇ ਘਰ ਦੀ ਚੀਜ਼ ਹੋਵੇ, ਉਸ ਦੇ ਘਰ ਹੀ ਆਉਂਦੀ ਹੈ।
- ਹੁਣ ਸੋਢੀ ਪਾਤਸ਼ਾਹ ਗੱਦੀ ਪਰ ਬੈਠੇ ਤੇ ਰਾਮਦਾਸ ਸਤਿਗੁਰੂ ਕਹਾਏ।
- ਸਤਿਗੁਰਾਂ ਨੇ ਅੰਮ੍ਰਿਤ ਸਰੋਵਰ ਦੀ ਖੁਦਾਈ ਕਰਾ ਕੇ ਸੰਪੂਰਨ ਕੀਤਾ ਤੇ ਜੋਤ ਦਾ ਪ੍ਰਕਾਸ਼ ਹੋਇਆ।
- ਮਾਲਕ ਦਾ ਖੇਲ ਨਿਰਾਲਾ ਹੈ ਜਿਵੇਂ ਹੋਰ ਨਦੀਆਂ ਪੱਛਮ ਨੂੰ ਜਾ ਕੇ ਸਾਗਰ ਵਿਚ ਸਮਾਉਂਦੀਆਂ ਹਨ, ਪਰ ਗੰਗਾ ਉਤਰ ਤੋਂ ਪੂਰਬ ਵੱਲ ਜਾ ਕੇ ਸਾਗਰ ਵਿਚ ਮਿਲਦੀ ਹੈ।
- ਭਾਈ ਸਾਹਿਬ ਇਥੇ ਕਹਿੰਦੇ ਹਨ ਕਿ ਆਪਣਾ ਦਿੱਤਾ ਹੀ ਲਈਦਾ ਹੈ, ਬਿਨਾਂ ਦਿੱਤੇ ਕੁਛ ਵੀ ਹੱਥ ਨਹੀਂ ਆਉਂਦਾ।
- ਫੇਰ ਗੁਰਿਆਈ ਗੁਰੂ ਅਰਜਨ ਦੇਵ ਜੀ ਦੇ ਘਰ ਆਈ ਤੇ ਸੰਸਾਰੀ ਪੁੱਤਰ ਗੁਰੂ ਕਹਾਇਆ।
- ਫਿਰ ਗੱਦੀ ਸੋਢੀ ਖ਼ਾਨਦਾਨ ਵਿਚ ਰਹੀ, ਇਹ ਜਰਨ ਤੋਂ ਬਾਹਰੀ ਹੋਰ ਦੇ ਨਹੀਂ ਹੋਵੇਗੀ।
- ਅੰਤਲੀ ਪੰਕਤੀ ਵਿਚ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਗੁਰਤਾ ਗੱਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ ਅਤੇ ਇਸ ਦੀ ਜ਼ਿੰਮੇਵਾਰੀ ਸਤਿਗੁਰਾਂ ਦਾ ਖ਼ਾਨਦਾਨ ਹੀ ਨਿਭਾਵੇਗਾ। ਇਸ ਤਰ੍ਹਾਂ ਇਹ ਗੱਦੀ ਘਰ ਵਿਚ ਹੀ ਰਹੇਗੀ।

~~~~~~~~~~~~~~~~~~~~
~~~~~~~~~~~~~~~~~~~~

## ਸੰਖੇਪ ਜੀਵਨ ਦਰਸ਼ਨ : ਸ੍ਰੀ ਗੁਰੂ ਰਾਮਦਾਸ ਜੀ

ਮਾਤਾ : ਦਇਆ ਕੌਰ ਜੀ

ਪਿਤਾ : ਸ੍ਰੀ ਹਰਿਦਾਸ ਜੀ

ਪ੍ਰਕਾਸ਼ : 25 ਸਤੰਬਰ 1534 ਈ.

ਸਥਾਨ : ਚੂਨਾ ਮੰਡੀ, ਲਾਹੌਰ (ਪਾਕਿਸਤਾਨ)

ਸੁਪਤਨੀ :ਬੀਬੀ ਭਾਨੀ ਜੀ

ਸੰਤਾਨ : ਪ੍ਰਿਥੀ ਚੰਦ ਜੀ, ਮਹਾਂਦੇਵ ਅਤੇ (ਸ੍ਰੀ ਗੁਰੂ) ਅਰਜਨ ਦੇਵ ਜੀ

ਗੁਰੂ ਕਾਲ :- 1 ਸਤੰਬਰ 1574 ਈ. ਤੋਂ 2 ਸਤੰਬਰ 1581 ਤੱਕ

## ਮਹਾਨ ਕਾਰਜ (ਪਰਉਪਕਾਰ)

ਪਵਿੱਤਰ ਸਰੋਵਰ ਸੰਤੋਖਸਰ ਤੇ ਅੰਮ੍ਰਿਤਸਰ ਬਣਵਾਏ। ਮਹਾਨ ਨਗਰ ਸ੍ਰੀ ਅੰਮ੍ਰਿਤਸਰ ਵਸਾਇਆ ਅਤੇ ਵੱਖ-ਵੱਖ 52 ਕਿੱਤਿਆਂ ਦੇ ਲੋਕ ਇਥੇ ਲਿਆ ਕੇ ਵਸਾਏ। ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਮਸੰਦਾਂ ਦੀ ਸਥਾਪਨਾ ਕੀਤੀ। ਗੁਰਮਤਿ ਅਨੁਸਾਰ ਰੀਤਾਂ-ਰਸਮਾਂ ਪੱਕੀਆਂ ਕੀਤੀਆਂ। ਕੌਮ ਨੂੰ ਗੁਰੂ ਘਰ ਦੇ ਵਿਰੋਧੀਆਂ ਪ੍ਰਤੀ ਜਾਗਰਤ ਕੀਤਾ। ਆਪ ਦੀ ਬਾਣੀ ਮਹਲਾ ੪ (ਮਹਲਾ ਚੌਥਾ) ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਕੁੱਲ 679 ਸ਼ਬਦ, ਸਲੋਕ ਤੇ ਛੰਤ 30 ਰਾਗਾਂ ਵਿਚ ਹਨ।

ਜੋਤੀ ਜੋਤਿ :- 2 ਸਤੰਬਰ 1581 ਈ. ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ।

ਕੁੱਲ ਉਮਰ :- 47 ਸਾਲ

## (ੳ) ਸ੍ਰੀ ਗੁਰੂ ਰਾਮਦਾਸ ਜੀ ਦਾ ਆਰੰਭਿਕ ਜੀਵਨ ਤੇ ਪਰਿਵਾਰ :

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ* ਲਾਹੌਰ ਦੇ ਵਾਸੀ ਸ੍ਰੀ ਹਰਿਦਾਸ ਜੀ ਸੋਢੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ 25 ਸਤੰਬਰ 1534 ਈ. ਨੂੰ ਹੋਇਆ। ਪੰਜਾਬੀ ਸਭਿਆਚਾਰ ਵਿਚ ਪਲੇਠੇ ਭਾਵ ਪਹਿਲੇ ਪੁੱਤਰ ਨੂੰ ਜੇਠਾ ਪੁੱਤਰ ਵੀ ਆਖਿਆ ਜਾਂਦਾ ਹੈ। ਮਾਪਿਆਂ ਨੇ ਪੁੱਤਰ ਦਾ ਨਾਂ ਭਾਵੇਂ ਰਾਮਦਾਸ ਰੱਖਿਆ, ਪਰ ਆਪ ਦਾ ਨਾਮ ਜੇਠਾ ਜੀ ਕਰ ਕੇ ਪੁਕਾਰਿਆ ਜਾਣ ਲੱਗਾ। ਆਪ ਦੇ ਪਿਤਾ ਹਰਿਦਾਸ ਜੀ ਲਾਹੌਰ ਚੂਨਾ ਮੰਡੀ ਵਿਖੇ ਹੱਟੀ ਦਾ ਸਧਾਰਨ ਧੰਦਾ ਕਰਿਆ ਕਰਦੇ ਸਨ। ਇਤਿਹਾਸ ਦੇ ਪੱਖੋਂ ਵਿਸ਼ੇਸ਼ ਗੱਲ ਇਹ ਹੈ ਕਿ ਰਾਮਦਾਸ ਜੀ ਦੇ ਜਨਮ ਸਮੇਂ ਪਹਿਲੇ ਤਿੰਨ ਗੁਰੂ ਸਾਹਿਬਾਨ ਸੰਸਾਰ ਵਿਚ ਸਰੀਰਕ ਤੌਰ 'ਤੇ ਮੌਜੂਦ ਸਨ। ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਰ 65 ਸਾਲ ਦੀ ਸੀ। ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ) ਦੀ 30 ਸਾਲ ਅਤੇ ਸ੍ਰੀ ਅਮਰਦਾਸ ਜੀ ਉਸ ਵੇਲੇ 55 ਸਾਲ ਦੇ ਸਨ।

ਭਾਈ ਜੇਠਾ ਜੀ ਦੀ ਉਮਰ ਅਜੇ ਬਹੁਤ ਛੋਟੀ ਸੀ ਕਿ ਉਹਨਾਂ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਅਜੇ ਉਹ ਸੱਤ ਸਾਲਾਂ ਦੇ ਹੋਏ ਸਨ ਜਦ ਆਪ ਦੇ ਪਿਤਾ ਜੀ ਵੀ ਸੁਰਗਵਾਸ ਹੋ ਗਏ। ਘਰ ਵਿਚ ਹੋਰ ਕੋਈ ਵੱਡਾ ਨਹੀਂ ਸੀ। ਆਪ ਦਾ ਨਾਨਕਾ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਸੀ। ਸੱਤ ਸਾਲ ਦੀ ਉਮਰੇ ਆਪ ਨੂੰ ਬਚਪਨ ਦੀਆਂ ਗਲੀਆਂ ਛੱਡਣੀਆਂ ਪਈਆਂ ਅਤੇ ਭਾਈ ਜੇਠਾ ਜੀ ਨੂੰ ਉਹਨਾਂ ਦੀ ਨਾਨੀ ਬਾਸਰਕੇ ਲੈ ਆਈ। ਇਸ ਪਿੰਡ ਦੀ ਸ਼ਰੀਕਾ ਬਰਾਦਰੀ ਦੇ ਲੋਕ ਇਕੱਠੇ ਹੋ ਕੇ ਦੋਹਤਰੇ ਨੂੰ ਦੇਖਣ ਤੇ ਹੌਸਲਾ ਦੇਣ ਵਾਸਤੇ ਆਏ। ਕਿਸੇ ਬੱਚੇ ਦਾ ਬਚਪਨ ਦੀ ਉਮਰੇ ਮਾਤਾ-ਪਿਤਾ ਦੇ ਪਿਆਰ ਤੋਂ ਵਾਂਝੇ ਹੋ ਜਾਣਾ ਕੋਈ ਛੋਟੀ ਜਿਹੀ ਘਟਨਾ ਨਹੀਂ ਹੁੰਦੀ। ਇਹ ਤਾਂ ਉਹ ਬਾਲ ਹੀ ਜਾਣ ਸਕਦਾ ਹੈ, ਜਿਸ ਉੱਪਰ ਬੀਤ ਗਈ ਹੋਵੇ।

ਭਾਈ ਜੇਠਾ ਜੀ ਦੇ ਨਾਨਕੇ ਘਰ ਵਿਚ ਵੀ ਗ਼ਰੀਬੀ ਸੀ। ਇਸ ਲਈ ਆਪ ਨੂੰ ਛੋਟੀ ਉਮਰ ਵਿਚ ਹੀ ਛੋਲਿਆਂ ਦੀਆਂ ਘੁੰਙਣੀਆਂ ਵੇਚ ਕੇ ਗੁਜ਼ਾਰਾ ਕਰਨਾ ਪਿਆ। ਸ੍ਰੀ (ਗੁਰੂ) ਅਮਰਦਾਸ ਜੀ ਵੀ ਬਾਸਰਕੇ ਪਿੰਡ ਦੇ ਹੀ ਸਨ। ਉਹਨਾਂ ਨੂੰ ਭਾਈ ਜੇਠਾ ਜੀ ਦੇ ਭੋਲੇਪਨ ਤੇ ਕਿਰਤੀ ਸੁਭਾਅ ਨੇ ਬਹੁਤ ਪ੍ਰਭਾਵਤ ਕੀਤਾ। ਉਸ ਸਮੇਂ ਗੋਇੰਦਵਾਲ ਨਵਾਂ-ਨਵਾਂ ਉਸਰ ਰਿਹਾ ਸੀ। ਸ੍ਰੀ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਨੂੰ ਗੋਇੰਦਵਾਲ ਲੈ ਆਏ। ਇਥੇ ਨਵੇਂ-ਨਵੇਂ ਲੋਕਾਂ ਨੇ ਆਪਣੇ ਧੰਦੇ ਸ਼ੁਰੂ ਕਰ ਲਏ ਸਨ। ਭਾਈ ਜੇਠਾ ਜੀ ਨੇ ਵੀ ਘੁੰਙਣੀਆਂ ਵੇਚਣ ਵਾਲਾ ਧੰਦਾ ਗੋਇੰਦਵਾਲ ਆ ਕੇ ਸ਼ੁਰੂ ਕਰ ਲਿਆ। ਰਾਤੀਂ ਛੋਲੇ ਸਾਫ਼ ਕਰ ਕੇ ਭਿਉਂ ਦਿੰਦੇ, ਸਵੇਰੇ ਉੱਠ ਕੇ ਉਬਾਲ ਲੈਂਦੇ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਗੁਰੂ ਹਾਜ਼ਰੀ ਭਰਦੇ, ਸੰਗਤਾਂ ਦੇ ਦਰਸ਼ਨ ਕਰਕੇ, ਲੰਗਰ ਦੀ ਸੇਵਾ ਨਿਭਾ ਕੇ ਫਿਰ ਆਪਣੇ ਕਾਰ ਵਿਹਾਰ ਵਿਚ ਰੁੱਝ ਜਾਂਦੇ। ਹੁਣ ਤੱਕ ਆਪ ਜਵਾਨੀ ਦੀ ਉਮਰ ਵਿਚ ਪ੍ਰਵੇਸ਼ ਕਰ ਚੁੱਕੇ ਸਨ।

*ਮਹਾਨ ਕੋਸ਼ ਦੇ ਕਰਤਾ ਅਨੁਸਾਰ 'ਚੂਨੀ ਮੰਡੀ' ਹੈ।*

ਦੁਨੀਆਂ ਦੀਆਂ ਨਜ਼ਰਾਂ ਵਿਚ ਭਾਈ ਜੇਠਾ ਜੀ ਯਤੀਮ ਤੇ ਬੇਸਹਾਰਾ ਸਨ, ਪਰ ਗੁਰੂ ਅਮਰਦਾਸ ਜੀ ਦੀਆਂ ਨਜ਼ਰਾਂ ਵਿਚ ਆਪ ਦਾ ਸਤਿਕਾਰ ਧਰਮੀ ਤੇ ਕਿਰਤੀ ਨੌਜਵਾਨ ਕਰਕੇ ਸੀ। ਇਸੇ ਲਈ ਜਦ ਇਕ ਦਿਨ ਗੁਰੂ ਅਮਰਦਾਸ ਜੀ ਦੀ ਸੁਪਤਨੀ ਨੇ ਘਰ ਵਿਚ ਗੱਲ ਚਲਾਈ ਕਿ ਬੀਬੀ ਭਾਨੀ ਦੇ ਵਿਆਹ ਲਈ ਯੋਗ ਵਰ ਦੀ ਭਾਲ ਕੀਤੀ ਜਾਵੇ ਤਾਂ ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਯੋਗ ਵਰ ਜਾਣਿਆਂ। ਇਹ ਇਕ ਧਰਮੀ ਜੀਵਨ ਵਾਲੇ ਸੱਚੇ ਕਿਰਤੀ ਦਾ ਸਤਿਕਾਰ ਸੀ। ਜਿਸ ਸਮੇਂ ਦੀ ਇਹ ਗੱਲ ਹੈ ਉਸ ਸਮੇਂ ਲੜਕੀਆਂ ਦਾ ਵਿਆਹ ਬਹੁਤ ਛੋਟੀ ਉਮਰ ਵਿਚ ਕਰ ਦਿੱਤਾ ਜਾਂਦਾ ਸੀ, ਪਰ ਗੁਰੂ ਅਮਰਦਾਸ ਜੀ ਬਾਲ ਵਿਆਹ ਦੇ ਹੱਕ ਵਿਚ ਨਹੀਂ ਸਨ। ਇਸ ਲਈ ਉਹਨਾਂ ਨੇ ਆਪਣੀ ਪੁੱਤਰੀ ਦਾ ਵਿਆਹ ਭਰ ਜਵਾਨੀ ਦੀ ਉਮਰੇ ਕੀਤਾ। ਵਿਆਹ ਸਮੇਂ ਬੀਬੀ ਭਾਨੀ ਤੇ ਭਾਈ ਜੇਠਾ ਜੀ ਦੀ ਉਮਰ 20-22 ਸਾਲ ਦੇ ਕਰੀਬ ਸੀ।

ਬੀਬੀ ਭਾਨੀ ਜੀ ਆਪਣੇ ਗੁਰੂ ਪਿਤਾ ਦੀ ਸੇਵਾ ਬਹੁਤ ਚਾਅ ਨਾਲ ਕਰਿਆ ਕਰਦੀ ਸੀ। ਭਾਈ ਜੇਠਾ ਜੀ ਵੀ ਗੁਰੂ ਅਮਰਦਾਸ ਜੀ ਨੂੰ ਸਹੁਰੇ ਦੇ ਰੂਪ ਵਿਚ ਨਹੀਂ, ਸਗੋਂ ਸਦਾ ਹੀ ਸਤਿਗੁਰੂ ਦੇ ਰੂਪ ਵਿਚ ਦੇਖਦੇ ਰਹੇ। ਜਦ ਬਉਲੀ ਦੀ ਸੇਵਾ ਸ਼ੁਰੂ ਹੋਈ ਤਾਂ ਜਿਥੇ ਬਾਕੀ ਸੰਗਤ ਟੋਕਰੀਆਂ ਢੋਣ ਦੀ ਸੇਵਾ ਕਰਦੀ ਸੀ ਉਥੇ ਭਾਈ ਜੇਠਾ ਜੀ ਵੀ ਦੂਜੇ ਸਿੱਖਾਂ ਵਾਂਗੂੰ ਮਿੱਟੀ ਚੂਨੇ ਦੀ ਟੋਕਰੀ ਢੋਣ ਦੀ ਸੇਵਾ ਕਰਦੇ ਸਨ। ਇਹਨੀ ਦਿਨੀਂ ਭਾਈ ਜੇਠਾ ਜੀ ਦੇ ਕੁਝ ਰਿਸ਼ਤੇਦਾਰ ਲਾਹੌਰ ਤੋਂ ਗੋਇੰਦਵਾਲ ਆਏ ਤਾਂ ਅੱਗੋਂ ਜੇਠਾ ਜੀ ਸਿਰ ਉੱਪਰ ਗਾਰੇ ਦੀ ਟੋਕਰੀ ਚੁੱਕੀ ਆ ਰਹੇ ਸਨ। ਉਹਨਾਂ ਨੇ ਤੀਸਰੇ ਪਾਤਸ਼ਾਹ ਅੱਗੇ ਗਿਲਾ ਕੀਤਾ ਕਿ ਜਵਾਈ ਪਾਸੋਂ ਅਜਿਹੇ ਨੀਵੇਂ ਕੰਮ ਨਹੀਂ ਕਰਵਾਉਣੇ ਚਾਹੀਦੇ। ਇਹ ਸੁਣ ਕੇ ਭਾਈ ਜੇਠਾ ਜੀ ਨੇ ਸਤਿਗੁਰਾਂ ਨੂੰ ਆਖਿਆ ਕਿ ਪਾਤਸ਼ਾਹ ! ਇਹ ਭੁੱਲੜ ਲੋਕ ਹਨ, ਇਹਨਾਂ ਨੂੰ ਮੁਆਫ਼ ਕਰ ਦਿਓ। ਭਾਈ ਜੇਠਾ ਜੀ ਏਨੀ ਸਹਿਨਸ਼ੀਲਤਾ ਤੇ ਨਿਮਰਤਾ ਦੇ ਪੁੰਜ ਸਨ।

ਭਾਈ ਜੇਠਾ ਜੀ ਤੇ ਬੀਬੀ ਭਾਨੀ ਜੀ ਦੀ ਜੋੜੀ ਸਫਲ ਗ੍ਰਹਿਸਤ ਜੀਵਨ ਦਾ ਨਮੂਨਾ ਸੀ। ਆਪ ਜੀ ਦੇ ਗ੍ਰਹਿ ਵਿਖੇ ਪ੍ਰਿਥੀ ਚੰਦ, ਮਹਾਂਦੇਵ ਤੇ ਸ੍ਰੀ ਅਰਜਨ ਦੇਵ ਤਿੰਨ ਸਪੁੱਤਰਾਂ ਨੇ ਜਨਮ ਲਿਆ। ਤੀਜੇ ਪਾਤਸ਼ਾਹ ਜੀ ਦੇ ਦਰਬਾਰ ਵਿਚ ਧਾਰਮਿਕ ਵਿਚਾਰਾਂ ਤੇ ਗੋਸ਼ਟੀਆਂ ਸੁਣ ਕੇ ਭਾਈ ਜੇਠਾ ਜੀ ਨੂੰ ਹਰ ਧਰਮ-ਕਰਮ ਬਾਰੇ ਬਹੁਤ ਗਿਆਨ ਸੀ। ਆਪ ਜੀ ਪਾਸ ਗੁਰ ਭਗਤੀ, ਸੇਵਾ ਭਗਤੀ ਤੇ ਨਾਮ ਭਗਤੀ ਆਦਿ ਸਿੱਖੀ ਜੀਵਨ ਦੀ ਬਹੁਤ ਵੱਡੀ ਪੂੰਜੀ ਸੀ।

(ੲ) <u>ਸ੍ਰੀ ਅੰਮ੍ਰਿਤਸਰ ਸ਼ਹਿਰ ਵਸਾਉਣਾ ਤੇ ਸ੍ਰੀ ਰਾਮਦਾਸ ਜੀ ਦੀ ਗੁਰਤਾ ਗੱਦੀ :</u>

*''ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ ॥*

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਸੇਵਾ, ਸਿਮਰਨ ਤੇ ਕਿਰਤ ਕਰਦਿਆਂ ਭਾਈ ਜੇਠਾ ਜੀ ਨੂੰ ਕਾਫ਼ੀ ਸਮਾਂ ਬੀਤ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦਾ ਵੱਡਾ ਜਵਾਈ ਭਾਈ ਰਾਮਾ ਜੀ ਵੀ ਬਹੁਤ ਆਗਿਆਕਾਰੀ ਤੇ ਨੇਕ ਇਨਸਾਨ ਸੀ। ਸੰਗਤਾਂ ਇਹ ਮਹਿਸੂਸ ਕਰਦੀਆਂ ਸਨ ਕਿ ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰੂ ਨਾਨਕ ਗੱਦੀ ਉੱਪਰ ਕੌਣ ਸੁਭਾਇਮਾਨ ਹੋਵੇਗਾ।

ਇਹ ਗੱਲ 1570 ਈ. ਦੀ ਹੈ ਜਦ ਇਕ ਦਿਨ ਗੁਰੂ ਅਮਰਦਾਸ ਜੀ ਨੇ ਜਿੱਥੇ ਹੁਣ ਅੰਮ੍ਰਿਤਸਰ ਹੈ, ਉਥੇ ਸ੍ਰੀ ਰਾਮਦਾਸ ਜੀ ਨੂੰ ਬਾਬਾ ਬੁੱਢਾ ਜੀ ਸਮੇਤ ਭੇਜਿਆ ਅਤੇ ਨਾਲ ਇਹ ਹੁਕਮ ਕੀਤਾ ਕਿ ਇਕ ਨਵਾਂ ਨਗਰ ਵਸਾਉ ਤੇ ਸਰੋਵਰ ਵੀ ਬਣਾਉ। ਇਥੇ ਆ ਕੇ ਸਤਿਗੁਰਾਂ ਦੀ ਆਗਿਆ ਨਾਲ ਸ੍ਰੀ ਰਾਮਦਾਸ ਜੀ ਨੇ ਸੰਤੋਖਸਰ ਸਰੋਵਰ ਦੀ ਖੁਦਾਈ ਕਰਾਈ। ਇਸ ਨੂੰ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਪੂਰਾ ਕੀਤਾ। ਫਿਰ ਇਕ ਨਗਰ ਦੀ ਨੀਂਹ ਰੱਖੀ ਅਤੇ ਇਸ ਦਾ ਨਾਮ ਗੁਰੂ ਕਾ ਚੱਕ ਰੱਖਿਆ। ਬਾਅਦ ਵਿਚ ਇਹ ਨਗਰ ਚੱਕ ਰਾਮਦਾਸ ਜਾਂ ਰਾਮਦਾਸ ਸਰ ਦੇ ਨਾਉਂ ਨਾਲ ਮਸ਼ਹੂਰ ਹੋਇਆ। ਫਿਰ ਹੌਲੀ-ਹੌਲੀ ਅੰਮ੍ਰਿਤ ਸਰੋਵਰ ਦੇ ਨਾਉਂ 'ਤੇ ਅੰਮ੍ਰਿਤਸਰ ਸ਼ਹਿਰ ਪ੍ਰਸਿੱਧ ਹੋ ਗਿਆ।

ਉੱਧਰ ਸ੍ਰੀ ਗੁਰੂ ਅਮਰਦਾਸ ਜੀ ਆਪਣਾ ਸੱਚਖੰਡ ਵਾਪਸੀ ਦਾ ਸਮਾਂ ਨਜ਼ਦੀਕ ਜਾਣ ਕੇ ਗੁਰੂ ਗੱਦੀ ਉੱਪਰ ਯੋਗ ਵਾਰਸ ਨੂੰ ਸੁਭਾਇਮਾਨ ਕਰਨਾ ਚਾਹੁੰਦੇ ਸਨ। ਭਾਵੇਂ ਉਹਨਾਂ ਦੇ ਪੁੱਤਰ ਬਾਬਾ ਮੋਹਨ ਤੇ ਮੋਹਰੀ ਜੀ ਵੀ ਆਪਣਾ ਹੱਕ ਸਮਝਦੇ ਸਨ, ਪਰ ਗੁਰੂ ਘਰ ਵਿਚ ਗੁਣਾਂ ਨੂੰ ਪਹਿਲ ਹੈ, ਰਿਸ਼ਤੇ ਨੂੰ ਨਹੀਂ। ਦੂਰ ਅੰਦੇਸ਼ ਤੀਸਰੇ ਸਤਿਗੁਰੂ, ਸ੍ਰੀ ਰਾਮਦਾਸ ਜੀ ਬਾਰੇ ਫ਼ੈਸਲਾ ਕਰ ਚੁੱਕੇ ਸਨ, ਪਰ ਇਕ ਅੰਤਮ ਪ੍ਰੀਖਿਆ ਫਿਰ ਵੀ ਪਰਖ ਦੀ ਘੜੀ ਸੀ। ਸਿੱਖ ਇਤਿਹਾਸ ਵਿਚ ਥੜੇ ਬਨਾਉਣ ਵਾਲੀ ਸਾਖੀ ਕੇਵਲ ਸਾਖੀ ਹੀ ਨਹੀਂ ਸਗੋਂ ਇਕ ਸਿੱਖ ਦਾ ਸਤਿਗੁਰੂ ਪ੍ਰਤੀ ਪਿਆਰ, ਸਤਿਕਾਰ, ਨਿਮਰਤਾ, ਹੁਕਮ ਮੰਨਣ, ਸਹਿਣਸ਼ੀਲਤਾ ਤੇ ਭਵਿੱਖ ਵਿਚ ਵੱਡੀਆਂ ਔਕੜਾਂ ਨਾਲ ਨਜਿੱਠਣ ਦੀ ਸਮਰੱਥਾ ਦੀ ਪ੍ਰੀਖਿਆ ਹੈ। ਇਸ ਪਰਖ ਵਿਚ ਰਾਮਦਾਸ ਜੀ ਪੂਰੇ ਉਤਰੇ। ਤੀਜੇ ਪਾਤਸ਼ਾਹ ਜੀ ਨੇ ਮਹਿਸੂਸ ਕਰ ਲਿਆ ਕਿ ਹੁਣ ਰਾਮਦਾਸ ਜੀ ਦੀਨ ਦੁਖੀਆਂ ਦਾ ਦਰਦ ਹਰਨ ਦੇ ਯੋਗ ਹਨ। ਇਹ ਹੀ ਗੁਰੂ ਨਾਨਕ ਦੀ ਗੱਦੀ ਦੇ ਸਹੀ ਵਾਰਸ ਹੋ ਸਕਦੇ ਹਨ।

ਮਿਤੀ 1 ਸਤੰਬਰ 1574 ਈ. ਨੂੰ ਭਰੀ ਸੰਗਤ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਦਾਸ ਜੀ ਅੱਗੇ ਪਹਿਲਾਂ ਆਪ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਉਹਨਾਂ ਨੂੰ ਗੁਰਿਆਈ ਦਾ ਤਿਲਕ ਲਵਾਇਆ। ਫਿਰ ਆਪ ਨੇ ਅਤਿ ਸ਼ਰਧਾ ਭਾਵਨਾ ਨਾਲ

ਰਾਮਦਾਸ ਜੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਕਹਿ ਕੇ ਪੁਕਾਰਿਆ। ਇਸ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਬੇਹੱਦ ਵੈਰਾਗ ਦੀ ਅਵਸਥਾ ਵਿਚ ਸਨ। ਆਪ ਕਹਿਣ ਲੱਗੇ, 'ਸਤਿਗੁਰੂ ਜੀ ! ਤੁਸੀਂ ਜਾਣਦੇ ਹੀ ਹੋ ਕਿ ਮੈਂ ਲਾਹੌਰ ਦੀਆਂ ਗਲੀਆਂ ਵਿੱਚੋਂ ਨਿਆਸਰਾ ਹੋ ਕੇ ਨਿਕਲਿਆ ਸੀ। ਤੁਸੀਂ ਏਨੀ ਰਹਿਮਤ ਕੀਤੀ ਕਿ ਮੈਨੂੰ ਕੀੜੇ ਨੂੰ ਆਪਣੀ ਕ੍ਰਿਪਾ ਦਾ ਪਾਤਰ ਬਣਾਇਆ। ਇਸ ਭਾਵਨਾ ਦਾ ਰੂਪ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਵੀ ਮਿਲਦਾ ਹੈ :-

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*
*(ਪੰਨਾ ੧੬੭)*

ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਜਲਦੀ ਹੀ ਸ੍ਰੀ ਗੁਰੂ ਰਾਮਦਾਸ ਜੀ ਪਰਿਵਾਰ ਸਮੇਤ ਗੋਇੰਦਵਾਲ ਤੋਂ ਗੁਰੂ ਕੇ ਚੱਕ (ਅੰਮ੍ਰਿਤਸਰ) ਆ ਗਏ। ਇਥੇ ਆ ਕੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਭਵਿੱਖ ਦੇ ਕਾਰਜ ਆਰੰਭ ਕਰ ਦਿੱਤੇ।

(ਏ) ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਮਹਾਨ ਕਾਰਜ :

***ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ॥***

ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਿਆਈ ਦਾ ਸਮਾਂ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਥੋੜ੍ਹੇ ਜਿਹੇ ਸਮੇਂ ਵਿਚ ਸਿੱਖ ਪੰਥ ਨੇ ਕਾਫੀ ਵਿਕਾਸ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਦਾ ਸਮਾਂ ਅਕਬਰ ਦਾ ਸਮਾਂ ਸੀ। ਇਸ ਸਮੇਂ ਪੰਜਾਬ ਵਿਚ ਸ਼ਾਂਤੀ ਦਾ ਮਾਹੌਲ ਸੀ। ਇਸ ਤਰ੍ਹਾਂ ਸਿੱਖ ਧਰਮ ਨੂੰ ਮੁਗ਼ਲ ਸਰਕਾਰ ਵੱਲੋਂ ਕਿਸੇ ਪ੍ਰਕਾਰ ਦਾ ਕੋਈ ਖ਼ਤਰਾ ਨਹੀਂ ਸੀ।

ਦੂਜੇ ਪਾਸੇ ਭਾਵੇਂ ਗੁਰੂ ਪਰਿਵਾਰ ਵਿੱਚੋਂ ਕੁਝ ਕੁ ਵਿਰੋਧ ਸੀ, ਪਰ ਸਿੱਖ ਸੰਗਤਾਂ ਪਹਿਲੇ ਤਿੰਨ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਤੇ ਗੁਰੂ ਘਰ ਦੀ ਮਰਯਾਦਾ ਤੋਂ ਜਾਣਕਾਰ ਸਨ। ਹੁਣ ਸਿੱਖ ਕੱਚੇ ਗੁਰੂ ਤੇ ਸੱਚੇ ਗੁਰੂ ਸੰਬੰਧੀ ਸੁਚੇਤ ਸਨ। ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ ਏਨੀ ਪਿਆਰੀ ਤੇ ਨਿਆਰੀ ਸੀ ਕਿ ਸਭ ਸੰਗਤਾਂ ਦਰਸ਼ਨ ਕਰ ਕੇ ਨਿਹਾਲ ਹੋ ਜਾਂਦੀਆਂ ਸਨ। ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਚੌਥੇ ਪਾਤਸ਼ਾਹ ਜੀ ਨੇ ਜੋ ਮਹਾਨ ਕਾਰਜ ਕੀਤੇ ਉਹ ਇਸ ਪ੍ਰਕਾਰ ਹਨ :

ਗੁਰਤਾ ਗੱਦੀ 'ਤੇ ਬਿਰਾਜਨਮਾਨ ਹੋਣ ਉਪਰੰਤ ਗੁਰੂ ਜੀ ਨੇ ਪੱਕਾ ਟਿਕਾਣਾ ਸ੍ਰੀ ਅੰਮ੍ਰਿਤਸਰ ਵਿਖੇ ਕਰ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਨੂੰ ਮੁੱਖ ਰੱਖ ਕੇ ਆਪ ਇਕ ਸਰਬ ਸਾਂਝਾ ਸਮਾਜ ਪ੍ਰਫੁੱਲਤ ਹੋਇਆ ਵੇਖਣਾ ਚਾਹੁੰਦੇ ਸਨ। ਗੁਰੂ ਜੀ ਨੇ ਵੱਖ-ਵੱਖ 52 ਜਾਤਾਂ ਤੇ ਕਿੱਤਿਆਂ ਦੇ ਲੋਕਾਂ ਨੂੰ ਨਵੇਂ ਨਗਰ 'ਚ ਵਸਾਇਆ। ਇਸ ਤਰ੍ਹਾਂ ਸਭਨਾਂ ਦੇ

ਮਨਾਂ ਵਿਚ ਏਕਤਾ ਤੇ ਕੌਮੀਅਤ ਦੀ ਭਾਵਨਾ ਪੈਦਾ ਹੋਈ ਅਤੇ ਇਹ ਸ਼ਹਿਰ ਹੌਲੀ-ਹੌਲੀ ਬਹੁਤ ਵੱਡਾ ਧਾਰਮਿਕ ਤੇ ਵਪਾਰਿਕ ਕੇਂਦਰ ਬਣ ਗਿਆ। ਨਗਰ ਵਸਾਉਣ ਤੋਂ ਬਾਅਦ ਅੰਮ੍ਰਿਤ ਸਰੋਵਰ ਦਾ ਟੱਕ ਦੁਖ ਭੰਜਨੀ ਬੇਰੀ ਦੇ ਪਾਸ ਲਾਇਆ। ਗੁਰੂ ਜੀ ਨੇ ਹਰੇਕ ਆਦਮੀ ਨੂੰ ਜਲ ਪੀਣ ਤੇ ਇਸ਼ਨਾਨ ਕਰਨ ਦੀ ਖੁੱਲ੍ਹ ਦਿੱਤੀ। ਇਸੇ ਸਰੋਵਰ ਦੇ ਨਾਉਂ 'ਤੇ ਸਮਾਂ ਪਾ ਕੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਮਸ਼ਹੂਰ ਹੋਇਆ।

ਜਿਸ ਤਰ੍ਹਾਂ ਤੀਜੇ ਪਾਤਸ਼ਾਹ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਬਾਈ ਮੰਜੀਆਂ ਥਾਪੀਆਂ ਸਨ, ਉਸੇ ਤਰ੍ਹਾਂ ਚੌਥੇ ਪਾਤਸ਼ਾਹ ਜੀ ਨੇ ਧਰਮ ਦਾ ਪ੍ਰਚਾਰ ਕਰਨ ਅਤੇ ਗੁਰਸਿੱਖਾਂ ਵੱਲੋਂ ਧਰਮ ਦੀ ਕਿਰਤ 'ਚੋਂ ਗੁਰੂ ਘਰ ਲਈ ਦੇਣ ਵਾਲੇ ਧਨ ਦੀ ਉਗਰਾਹੀ ਲਈ ਮਸੰਦਾਂ ਦੀ ਸਥਾਪਨਾ ਕੀਤੀ। ਇਹਨਾਂ ਮਸੰਦਾਂ ਦੀ ਜ਼ਿੰਮੇਵਾਰੀ ਸੀ ਕਿ ਆਪੋ ਆਪਣੇ ਇਲਾਕੇ ਵਿਚ ਧਰਮ ਪ੍ਰਚਾਰ ਵੀ ਕਰਨ ਅਤੇ ਸੰਗਤਾਂ ਦੀ ਕਾਰ ਭੇਟਾ ਗੁਰੂ ਘਰ ਪਹੁੰਚਾਇਆ ਕਰਨ। ਇਸ ਤਰ੍ਹਾਂ ਦੂਰ-ਦੂਰ ਤੱਕ ਸਿੱਖਾਂ ਦਾ ਸਿੱਖੀ ਦੇ ਕੇਂਦਰ ਨਾਲ ਪੱਕਾ ਸੰਬੰਧ ਕਾਇਮ ਹੋ ਗਿਆ।

ਸਿੱਖੀ ਵਿਚ ਦਸਵੰਧ ਦੇਣ ਦੀ ਮਰਯਾਦਾ ਸ੍ਰੀ ਗੁਰੂ ਰਾਮਦਾਸ ਜੀ ਨੇ ਚਾਲੂ ਕੀਤੀ। ਇਸ ਦਾ ਮਕਸਦ ਸੀ ਕਿ ਸਾਂਝੇ ਤੇ ਕੌਮੀ ਕਾਰਜਾਂ ਲਈ ਸਾਂਝੀ ਗੋਲਕ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਸਕੇ।

ਸਿੱਖ ਦੀ ਰਹਿਤ ਕੀ ਹੋਵੇ ? ਸੰਗਤਾਂ ਦੇ ਇਸ ਪ੍ਰਸ਼ਨ ਦਾ ਉੱਤਰ ਦਿੰਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੀ ਰਹਿਣੀ ਪੱਕਿਆਂ ਕੀਤੀ। ਆਪ ਜੀ ਦਾ ਰਚਿਆ ਹੋਇਆ ਸ਼ਬਦ ਸਿੱਖ ਦੀ ਜੀਵਨ ਜਾਚ ਦਾ ਆਧਾਰ ਹੈ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।*

(ਪੰਨਾ ੩੦੫)

ਇਸ ਸ਼ਬਦ ਵਿਚ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਬਾਣੀ ਦਾ ਜਾਪ ਕਰਨਾ, ਬਹਿੰਦਿਆਂ ਉਠਦਿਆਂ ਪ੍ਰਭੂ ਨੂੰ ਯਾਦ ਕਰਨਾ ਆਦਿ ਸਿੱਖ ਦੀ ਜੀਵਨ ਜਾਚ ਤੇ ਰਹਿਤ ਬਿਆਨ ਕੀਤੀ ਹੈ।

ਸਤਿਗੁਰਾਂ ਦੀ ਨਿਮਰਤਾ ਤੇ ਹਲੀਮੀ ਇਕ ਵੱਡਾ ਗੁਣ ਸੀ, ਜਿਸ ਕਰਕੇ ਹੰਕਾਰੀ ਲੋਕ ਵੀ ਗੁਰੂ ਘਰ ਦੇ ਹੋ ਕੇ ਰਹਿ ਗਏ। ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਜੋ ਉਦਾਸੀ ਮੱਤ ਦਾ ਪ੍ਰਚਾਰ ਕਰਦੇ ਸਨ, ਉਹ ਅੰਮ੍ਰਿਤਸਰ ਆਏ। ਗੁਰੂ ਜੀ ਨੇ ਉਹਨਾਂ ਦਾ ਸੁਆਗਤ ਕੀਤਾ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਜੀ ਨੂੰ ਪ੍ਰੀਖਿਆ ਲੈਣ ਦੇ ਖ਼ਿਆਲ ਨਾਲ ਕਿਹਾ, ਪੁਰਖਾ ! 'ਦਾੜ੍ਹੀ ਕਿਉਂ ਵਧਾਈ ਹੈ ?' ਚੌਥੇ ਪਾਤਸ਼ਾਹ ਜੀ ਦਾ ਦਾਹੜਾ ਕਾਫੀ ਲੰਬਾ ਸੀ। ਗੁਰੂ ਜੀ ਨੇ ਅੱਗੋਂ ਪਿਆਰ ਨਾਲ ਉੱਤਰ ਦਿੱਤਾ, 'ਆਪ

ਵਰਗੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ।'

ਬਾਬਾ ਸ੍ਰੀ ਚੰਦ ਨੂੰ ਆਪਣੇ ਹੰਕਾਰ ਦਾ ਗਿਆਨ ਹੋਇਆ ਤੇ ਕਹਿਣ ਲੱਗੇ ਕਿ ਗੁਰੂ ਨਾਨਕ ਜੀ ਦੀ ਗੱਦੀ ਦੇ ਤੁਸੀਂ ਹੀ ਸਹੀ ਹੱਕਦਾਰ ਹੋ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਬਾਣੀ ਅਤੇ ਹੋਰ ਇਕੱਤਰ ਬਾਣੀ ਦੀ ਸੰਭਾਲ ਕੀਤੀ। ਇਸ ਤੋਂ ਇਲਾਵਾ ਗੁਰੂ ਜੀ ਦੀ ਆਪਣੀ ਬਾਣੀ 30 ਰਾਗਾਂ ਵਿਚ ਹੈ। ਆਪ ਜੀ ਸੰਗੀਤ ਤੇ ਕਾਵਿ ਦੇ ਮਹਾਨ ਗਿਆਤਾ ਸਨ। ਆਪ ਜੀ ਦੀ ਬਾਣੀ ਵਿਚ ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਆਦਿ ਦੇ ਅਨੇਕ ਰੂਪ ਹਨ। ਸਿੱਖੀ ਦੇ ਪ੍ਰਚਾਰ ਤੇ ਪਾਸਾਰ ਲਈ ਆਪ ਜੀ ਦੀ ਬਹੁਤ ਵੱਡੀ ਦੇਣ ਹੈ। ਇਸੇ ਲਈ ਰਾਮਕਲੀ ਕੀ ਵਾਰ ਵਿਚ ਆਉਂਦਾ ਹੈ ਕਿ ਗੁਰੂ ਰਾਮਦਾਸ ਜੀ ਧੰਨ ਹਨ, ਜਿਸ ਪ੍ਰਭੂ ਨੇ ਸਿਰਜੇ ਉਸ ਨੇ ਹੀ ਦਇਆ ਕਰ ਕੇ ਧਰਮ ਦੀ ਕਲਾ ਬਖ਼ਸ਼ੀ।

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥*

(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੮)

(ਸ) ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਤਾ ਗੱਦੀ ਦੀ ਚੋਣ ਅਤੇ ਜੋਤੀ ਜੋਤ—

ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਇਤਿਹਾਸ ਨੂੰ ਚੰਗੀ ਤਰ੍ਹਾਂ ਵਿਚਾਰਨ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਦਾ ਸਾਰਾ ਜੀਵਨ ਹੀ ਕਠਿਨ ਤਪੱਸਿਆ ਤੇ ਸੇਵਾ ਸਿਮਰਨ ਵਿਚ ਬੀਤਿਆ। ਸੱਤ ਕੁ ਸਾਲ ਦੀ ਉਮਰ ਵਿਚ ਮਾਤਾ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਫਿਰ ਬਾਸਰਕੇ ਤੇ ਗੋਇੰਦਵਾਲ ਵਿਖੇ ਰਹਿ ਕੇ ਆਪ ਨੇ ਘਾਲਣਾ ਘਾਲੀ। ਇਸ ਦੇ ਨਾਲ ਰਾਗ ਵਿੱਦਿਆ, ਕਾਵਿ ਵਿੱਦਿਆ ਤੇ ਕੋਮਲ ਹੁਨਰਾਂ ਦੀ ਆਪ ਉਪਰ ਸਤਿਗੁਰਾਂ ਨੇ ਰਹਿਮਤ ਕੀਤੀ। ਗੁਰੂ ਜੀ ਸੱਤ ਸਾਲ ਦੇ ਕਰੀਬ ਹੀ ਗੁਰ ਗੱਦੀ 'ਤੇ ਸੁਭਾਇਮਾਨ ਰਹੇ। ਇਸ ਸਮੇਂ ਦੌਰਾਨ ਆਪ ਜੀ ਨੇ ਤੀਜੇ ਪਾਤਸ਼ਾਹ ਜੀ ਦੇ ਆਦੇਸ਼ਾਂ ਅਨੁਸਾਰ ਅੰਮ੍ਰਿਤਸਰ ਤਾਲ ਖੁਦਾਇਆ ਤੇ ਨਗਰ ਵਸਾਇਆ। ਇਥੇ ਇਮਾਰਤਾਂ ਦੀ ਦੇਖ ਭਾਲ, ਸਰੋਵਰ ਦੀ ਖੁਦਾਈ, ਸਿੱਖ ਧਰਮ ਦੀ ਮਰਯਾਦਾ ਅਤੇ ਗੁਰੂ ਘਰ ਆਉਂਦੀਆਂ ਬੇਅੰਤ ਸਿੱਖ ਸੰਗਤਾਂ ਲਈ ਸਾਰੇ ਪ੍ਰਬੰਧ ਆਪ ਜੀ ਨੇ ਪੂਰੇ ਕੀਤੇ।

ਗੁਰੂ ਜੀ ਦੇ ਸਪੁੱਤਰਾਂ ਵਿਚੋਂ ਪ੍ਰਿਥੀ ਚੰਦ ਸਭ ਤੋਂ ਵੱਡਾ ਸੀ। ਸੰਗਤਾਂ ਵਿਚ ਉਸ ਦੀ ਚੰਗੀ ਪਹਿਚਾਣ ਤੇ ਮਸੰਦਾਂ ਵਿਚ ਵੀ ਚੰਗਾ ਰਸੂਖ ਸੀ। ਉਹ ਗੁਰਗੱਦੀ ਨੂੰ ਮਾਣ ਵਡਿਆਈ ਤੇ ਪੂਜਾ ਲੈਣ ਦਾ ਸਾਧਨ ਸਮਝ ਰਿਹਾ ਸੀ। ਪ੍ਰਿਥੀ ਚੰਦ ਹੰਕਾਰੀ ਸੀ ਤੇ ਉਹ ਸਤਿਗੁਰਾਂ ਦੇ ਪਾਸ ਰਹਿ ਕੇ ਵੀ ਕਠੋਰ ਹੀ ਰਿਹਾ। ਸਤਿਗੁਰਾਂ ਦੇ ਦੂਜੇ ਸਪੁੱਤਰ ਮਸਤਾਨੀ ਬਿਰਤੀ ਦੇ ਸਨ। ਇਹਨਾਂ ਦੋਨਾਂ ਤੋਂ ਇਲਾਵਾ ਸਤਿਗੁਰਾਂ ਦੇ ਤੀਜੇ ਸਪੁੱਤਰ ਸ੍ਰੀ ਅਰਜਨ ਦੇਵ ਜੀ ਗੁਰ ਗੱਦੀ ਦੀ ਜ਼ਿੰਮੇਵਾਰੀ ਨਿਭਾਉਣ ਲਈ ਹਰ ਤਰ੍ਹਾਂ ਯੋਗ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੁਨਿਆਵੀ ਤੇ ਅਧਿਆਤਮਿਕ ਗਿਆਨ ਛੋਟੀ ਉਮਰੇ ਹੀ ਪ੍ਰਾਪਤ ਕਰ ਲਿਆ ਸੀ। ਭੱਟਾਂ ਨੇ ਇਸ ਲਈ ਲਿਖਿਆ ਹੈ, "ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ।" ਇਹ ਇਕ ਇਤਿਹਾਸਕ ਸੱਚਾਈ ਹੈ। ਇਸ ਲਈ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਸਭ ਤੋਂ ਛੋਟੇ ਸਪੁੱਤਰ ਨੂੰ ਹੀ ਗੁਰੂ ਨਾਨਕ ਦੀ ਗੱਦੀ ਦੇ ਯੋਗ ਵਾਰਸ ਸਮਝਦੇ ਸਨ।

ਪ੍ਰਿਥੀ ਚੰਦ ਦਿਨੋ ਦਿਨ ਹੋਰ ਗੁਸਤਾਖੀ ਕਰਦਾ ਗਿਆ ਤੇ ਸਤਿਗੁਰਾਂ ਨੇ ਇਸ ਨੂੰ 'ਮੀਣਾ' ਕਿਹਾ। ਇਸੇ ਲਈ ਗੁਰੂ ਪੰਥ ਨੇ ਸਿੱਖ ਰਹਿਤ ਮਰਯਾਦਾ ਵਿਚ 'ਮੀਣਿਆਂ' ਨਾਲ ਵਰਤਾਉ ਕਰਨ ਤੋਂ ਵਰਜਿਆ ਹੈ। ਸੰਨ 1581 ਵਿਚ ਚੌਥੇ ਪਾਤਸ਼ਾਹ ਜੀ ਦੇ ਤਾਏ ਦੇ ਪੁੱਤ ਸੰਹਾਰੀ ਮੱਲ ਦੇ ਸਪੁੱਤਰ ਦੀ ਸ਼ਾਦੀ ਸੀ। ਇਸ ਸ਼ਾਦੀ 'ਤੇ ਸਤਿਗੁਰਾਂ ਨੇ ਛੋਟੇ ਪੁੱਤਰ ਅਰਜਨ ਦੇਵ ਜੀ ਨੂੰ ਲਾਹੌਰ ਭੇਜ ਦਿੱਤਾ। ਕਾਫ਼ੀ ਸਮਾਂ ਅਰਜਨ ਦੇਵ ਜੀ ਲਾਹੌਰ ਰਹੇ। ਉਸ ਸਮੇਂ ਆਪ ਨੇ ਗੁਰੂ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਚਿੱਠੀਆਂ ਲਿਖੀਆਂ ਜੋ ਵੈਰਾਗ ਤੇ ਕਾਵਿ ਦਾ ਉਤਮ ਨਮੂਨਾ ਹਨ। ਇਹ ਚਿੱਠੀਆਂ ਪ੍ਰਿਥੀ ਚੰਦ ਨੇ ਲੁਕਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਬੁਰੀ ਨੀਅਤ ਨਸ਼ਰ ਹੋ ਗਈ। ਹੁਣ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਤਮ ਫ਼ੈਸਲਾ ਕੀਤਾ ਕਿ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਛੋਟੇ ਸਪੁੱਤਰ ਸ੍ਰੀ ਅਰਜਨ ਦੇਵ ਜੀ ਹੀ ਹਨ।

ਚੌਥੇ ਪਾਤਸ਼ਾਹ ਜੀ ਦੇ ਮੁਖੋਂ ਇਹ ਬਚਨ ਸੁਣ ਕੇ ਸਾਰੀ ਸਿੱਖ ਸੰਗਤ ਬਹੁਤ ਪ੍ਰਸੰਨ ਹੋਈ। ਆਪਣੀ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਗੁਰੂ ਰਾਮਦਾਸ ਜੀ ਪਰਿਵਾਰ ਸਮੇਤ ਸ੍ਰੀ ਗੋਇੰਦਵਾਲ ਸਾਹਿਬ ਚਲੇ ਗਏ। ਉਥੇ ਸਿੱਖ ਸੰਗਤਾਂ ਨੂੰ ਉਪਦੇਸ਼ ਕੀਤਾ ਕਿ ਸਤਿਨਾਮ ਦਾ ਧਿਆਨ ਧਰਨਾ ਹੈ। ਗੁਰੂ ਅਰਜਨ ਦੇਵ ਜੀ ਵਿਚ ਚੌਹਾਂ ਸਤਿਗੁਰਾਂ ਦੇ ਦਰਸ਼ਨ ਕਰਨੇ। ਅਰਜਨ ਦੇਵ ਸਮੁੰਦਰ ਵਾਂਗੂੰ ਸ਼ਾਂਤ ਅਤੇ ਰਤਨਾਂ ਦਾ ਖ਼ਜ਼ਾਨਾ ਹਨ। ਆਪ ਨੇ ਸ੍ਰੀ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਸਰੋਵਰ ਵਿਚਕਾਰ ਹਰਿਮੰਦਰ ਸਾਹਿਬ ਸਿਰਜਣ ਦੀ ਵੀ ਆਗਿਆ ਕੀਤੀ।

ਮਿਤੀ 2 ਸਤੰਬਰ 1581 ਦਾ ਦਿਨ ਸੀ। ਗੁਰੂ ਜੀ ਅੰਮ੍ਰਿਤ ਵੇਲੇ ਬਉਲੀ ਸਾਹਿਬ ਇਸ਼ਨਾਨ ਕਰ ਕੇ ਆਪਣੇ ਨਿੱਤ ਦੇ ਨੇਮ ਅਨੁਸਾਰ ਦੀਵਾਨ ਵਿਚ ਆਏ। ਆਸਾ ਦੀ ਵਾਰ ਦਾ ਕੀਰਤਨ ਸੁਣਿਆਂ। ਬਾਬਾ ਬੁੱਢਾ ਜੀ ਨੂੰ ਆਗਿਆ ਕੀਤੀ ਕਿ ਸਾਡਾ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਇਸ ਲਈ ਸ੍ਰੀ ਅਰਜਨ ਦੇਵ ਜੀ ਨੂੰ ਗੁਰਿਆਈ ਦੇਣ ਦੀ ਰਸਮ ਅਦਾ ਕੀਤੀ ਜਾਵੇ। ਇਹ ਵੀ ਬਚਨ ਕੀਤਾ ਕਿ ਮੇਰੇ ਜਾਣ ਤੋਂ ਬਾਅਦ ਸੋਗ ਨਹੀਂ ਕਰਨਾ ਸਗੋਂ ਨਿਰੋਲ ਕੀਰਤਨ ਤੇ ਭਜਨ ਕਰਨਾ ਹੈ। ਆਪਣੇ ਛੋਟੇ ਸਪੁੱਤਰ ਸ੍ਰੀ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੌਂਪ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਵਿਖੇ

ਜੋਤੀ ਜੋਤ ਸਮਾ ਗਏ। ਇਹੀ ਹਵਾਲਾ ਭਾਈ ਗੁਰਦਾਸ ਜੀ ਨੇ ਦਿੱਤਾ ਹੈ :

*ਫਿਰਿ ਆਈ ਘਰਿ ਅਰਜਣੈ ਪੁਤ ਸੰਸਾਰੀ ਗੁਰੂ ਕਹਾਵੈ।*

ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) : ਸ੍ਰੀ ਗੁਰੂ ਰਾਮਦਾਸ ਜੀ ਦਾ ਆਰੰਭਿਕ ਜੀਵਨ ਤੇ ਪਰਿਵਾਰ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਅ) : ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਵਸਾਉਣਾ ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਤਾ ਗੱਦੀ ਦਾ ਇਤਿਹਾਸ ਵਰਣਨ ਕਰੋ।

ਪ੍ਰਸ਼ਨ (ੲ) : ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਮਹਾਨ ਕਾਰਜਾਂ ਬਾਰੇ ਚਾਨਣਾ ਪਾਓ।

ਪ੍ਰਸ਼ਨ (ਸ) : ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਤਾ ਗੱਦੀ ਦੀ ਚੋਣ ਤੇ ਜੋਤੀ ਜੋਤ ਸਮਾਉਣ ਦਾ ਇਤਿਹਾਸ ਵਰਣਨ ਕਰੋ।

ਸੰਖੇਪ ਉੱਤਰ ਵਾਲੇ ਪ੍ਰਸ਼ਨ :

ਪ੍ਰਸ਼ਨ 1 : ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਕਦੋਂ ਤੇ ਕਿਥੇ ਹੋਇਆ ?

ਉੱਤਰ : ਗੁਰੂ ਜੀ ਦਾ ਪ੍ਰਕਾਸ਼ (ਜਨਮ) 25 ਸਤੰਬਰ 1534 ਈ. ਨੂੰ ਚੂਨਾ ਮੰਡੀ ਲਾਹੌਰ ਵਿਖੇ ਹੋਇਆ।

ਪ੍ਰਸ਼ਨ 2 : ਸ੍ਰੀ ਗੁਰੂ ਰਾਮਦਾਸ ਜੀ ਦੇ ਮਾਤਾ-ਪਿਤਾ ਦਾ ਨਾਮ ਦੱਸੋ ?

ਉੱਤਰ : ਆਪ ਜੀ ਦੇ ਮਾਤਾ ਦਾ ਨਾਮ ਦਇਆ ਕੌਰ ਜੀ ਅਤੇ ਪਿਤਾ ਦਾ ਨਾਮ ਸ੍ਰੀ ਹਰਿਦਾਸ ਜੀ ਸੀ।

ਪ੍ਰਸ਼ਨ 3 : ਸ੍ਰੀ ਗੁਰੂ ਰਾਮਦਾਸ ਜੀ ਨੂੰ ਭਾਈ ਜੇਠਾ ਜੀ ਕਿਉਂ ਕਿਹਾ ਜਾਂਦਾ ਸੀ?

ਉੱਤਰ : ਪੰਜਾਬੀ ਸੱਭਿਆਚਾਰ ਵਿਚ ਪਲੇਠੇ ਭਾਵ ਪਹਿਲੇ ਪੁੱਤਰ ਨੂੰ ਜੇਠਾ ਪੁੱਤਰ ਵੀ ਆਖਿਆ ਜਾਂਦਾ ਹੈ। ਗੁਰੂ ਜੀ ਮਾਪਿਆਂ ਦੀ ਪਹਿਲੀ ਔਲਾਦ ਸਨ, ਇਸ ਲਈ ਆਪ ਜੀ ਨੂੰ ਭਾਈ ਜੇਠਾ ਜੀ ਕਿਹਾ ਜਾਂਦਾ ਸੀ।

ਪ੍ਰਸ਼ਨ 4 : ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਸਮੇਂ ਕੀ ਪਹਿਲੇ ਤਿੰਨ ਗੁਰੂ ਸਾਹਿਬਾਨ ਵੀ ਇਸ ਸੰਸਾਰ 'ਤੇ ਮੌਜੂਦ ਸਨ ?

ਉੱਤਰ : ਹਾਂ, ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਰ 65 ਸਾਲ, ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਦੀ ਉਮਰ 30 ਸਾਲ ਅਤੇ ਸ੍ਰੀ ਅਮਰਦਾਸ ਜੀ ਦੀ ਉਮਰ 55 ਸਾਲ ਦੀ ਸੀ।

ਪ੍ਰਸ਼ਨ 5 : ਸ੍ਰੀ (ਗੁਰੂ) ਰਾਮਦਾਸ ਜੀ ਦਾ ਨਾਨਕਾ ਪਿੰਡ ਕਿਹੜਾ ਸੀ ?

ਉੱਤਰ : ਗੁਰੂ ਜੀ ਦਾ ਨਾਨਕਾ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਸੀ।

ਪ੍ਰਸ਼ਨ 6 : ਜਦੋਂ ਭਾਈ ਜੇਠਾ ਜੀ ਦੇ ਮਾਤਾ-ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਤਾਂ ਆਪ ਕਿੱਥੇ ਰਹੇ ?

ਉੱਤਰ : ਉਸ ਸਮੇਂ ਆਪ ਦੀ ਉਮਰ ਸਿਰਫ ਸੱਤ ਸਾਲ ਦੀ ਸੀ, ਜਦ ਮਾਤਾ ਪਿਤਾ ਸੁਰਗਵਾਸ ਹੋ ਗਏ। ਫਿਰ ਆਪ ਆਪਣੀ ਨਾਨੀ ਜੀ ਨਾਲ ਨਾਨਕੇ ਪਿੰਡ ਬਾਸਰਕੇ ਆ ਗਏ।

ਪ੍ਰਸ਼ਨ 7 : ਬਚਪਨ ਦੀ ਉਮਰ ਵਿਚ ਗੁਰੂ ਰਾਮਦਾਸ ਜੀ ਕੀ ਕਿਰਤ ਕਰਦੇ ਸਨ ?

ਉੱਤਰ : ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪ ਬਚਪਨ ਦੀ ਉਮਰ ਵਿੱਚ ਧਰਮ ਦੀ ਕਿਰਤ ਕਰਦਿਆਂ ਘੁੰਙਣੀਆਂ ਵੇਚਣ ਦਾ ਕੰਮ ਕਰਦੇ ਸਨ।

ਪ੍ਰਸ਼ਨ 8 : ਘੁੰਙਣੀਆਂ ਕਿਸ ਨੂੰ ਕਹਿੰਦੇ ਹਨ ਅਤੇ ਕਿਵੇਂ ਵੇਚੀਆਂ ਜਾਂਦੀਆਂ ਹਨ ?

ਉੱਤਰ : ਰਾਤ ਨੂੰ ਕਾਲੇ ਛੋਲੇ ਸਾਫ ਕਰ ਕੇ ਪਾਣੀ ਵਿਚ ਭਿਉਂ ਲਏ ਜਾਂਦੇ ਹਨ ਅਤੇ ਸਵੇਰੇ ਉਬਾਲ ਲਈ ਦੇ ਹਨ। ਫਿਰ ਪਾਣੀ ਵਿਚੋਂ ਕੱਢ ਕੇ ਇਹਨਾਂ ਉੱਪਰ ਲੂਣ-ਮਿਰਚ ਪਾ ਕੇ ਬਜ਼ਾਰ ਵਿਚ ਵੇਚਿਆ ਜਾਂਦਾ ਹੈ। ਇਹਨਾਂ ਨੂੰ ਘੁੰਙਣੀਆਂ ਕਹਿੰਦੇ ਹਨ।

ਪ੍ਰਸ਼ਨ 9 : ਸ੍ਰੀ ਰਾਮਦਾਸ ਜੀ ਗੋਇੰਦਵਾਲ ਵਿਖੇ ਕਿਉਂ ਆਏ ?

ਉੱਤਰ : ਉਸ ਸਮੇਂ ਗੋਇੰਦਵਾਲ ਨਵਾਂ-ਨਵਾਂ ਵੱਸ ਰਿਹਾ ਸੀ। ਤੀਜੇ ਪਾਤਸ਼ਾਹ ਜੀ ਇਹਨਾਂ ਨੂੰ ਗੋਇੰਦਵਾਲ ਲੈ ਆਏ। ਇਥੇ ਆ ਕੇ ਰਾਮਦਾਸ ਜੀ ਨੇ ਘੁੰਙਣੀਆਂ ਵੇਚਣ ਦਾ ਧੰਦਾ ਕਰ ਲਿਆ।

ਪ੍ਰਸ਼ਨ 10 : ਸ੍ਰੀ ਰਾਮਦਾਸ ਜੀ ਦਾ ਵਿਆਹ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਆਪ ਜੀ ਦਾ ਵਿਆਹ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਗੋਇੰਦਵਾਲ ਵਿਖੇ ਹੋਇਆ।

ਪ੍ਰਸ਼ਨ 11 : ਸ੍ਰੀ ਗੁਰੂ ਰਾਮਦਾਸ ਜੀ ਦੀ ਸੰਤਾਨ ਬਾਰੇ ਤੁਸੀਂ ਕੀ ਜਾਣਦੇ ਹੋ ?

ਉੱਤਰ : ਆਪ ਜੀ ਦੇ ਗ੍ਰਹਿ ਵਿਖੇ ਤਿੰਨ ਪੁੱਤਰਾਂ ਨੇ ਜਨਮ ਲਿਆ। ਉਹਨਾਂ ਦੇ ਨਾਮ ਕਰਮਵਾਰ, ਪ੍ਰਿਥੀ ਚੰਦ, ਮਹਾਂਦੇਵ ਤੇ (ਸ੍ਰੀ ਗੁਰੂ) ਅਰਜਨ ਦੇਵ ਜੀ ਸਨ।

ਪ੍ਰਸ਼ਨ 12 : ਸ੍ਰੀ ਰਾਮਦਾਸ ਜੀ ਦਾ ਸ੍ਰੀ ਗੁਰੂ ਅਮਰਦਾਸ ਜੀ ਨਾਲ ਕੀ ਰਿਸ਼ਤਾ ਸੀ ?

ਉੱਤਰ : ਸ੍ਰੀ ਗੁਰੂ ਰਾਮਦਾਸ ਜੀ ਰਿਸ਼ਤੇ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ (ਜਵਾਈ) ਲੱਗਦੇ ਸਨ।

ਪ੍ਰਸ਼ਨ 13 : ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਨਗਰ ਵਸਾਉਣ ਦੀ ਮੋਹੜੀ ਕਦੋਂ ਗੱਡੀ ?

ਉੱਤਰ : ਇਹ ਗੱਲ 1570 ਈ. ਦੀ ਹੈ ਜਦ ਤੀਜੇ ਪਾਤਸ਼ਾਹ ਜੀ ਦਾ ਹੁਕਮ ਮੰਨ ਕੇ ਸ੍ਰੀ ਰਾਮਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਕੁਝ ਮੁਖੀ ਸਿੱਖਾਂ ਨਾਲ ਇਹ ਨਵਾਂ ਨਗਰ ਵਸਾਉਣ ਦੀ ਸ਼ੁਰੂਆਤ ਕੀਤੀ।

ਪ੍ਰਸ਼ਨ 14 : ਸ੍ਰੀ ਗੁਰੂ ਰਾਮਦਾਸ ਜੀ ਨੇ ਵੱਖ-ਵੱਖ 52 ਕਿੱਤਿਆਂ ਦੇ ਲੋਕ ਅੰਮ੍ਰਿਤਸਰ ਕਿਉਂ ਵਸਾਏ ?

ਉੱਤਰ : ਇਸ ਤਰ੍ਹਾਂ ਜਿਥੇ ਊਚ ਨੀਚ ਦੇ ਭਰਮ ਮਿਟੇ, ਉਥੇ ਸਭਨਾਂ ਦੇ ਮਨਾ ਵਿਚ ਏਕਤਾ ਤੇ ਕੌਮੀਅਤ ਦੀ ਭਾਵਨਾ ਪੈਦਾ ਹੋਈ। ਇਸ ਨਾਲ ਇਹ ਸ਼ਹਿਰ ਵੱਡਾ ਧਾਰਮਿਕ ਤੇ ਵਪਾਰਕ ਕੇਂਦਰ ਬਣ ਗਿਆ।

ਪ੍ਰਸ਼ਨ 15 : ਸ੍ਰੀ ਰਾਮਦਾਸ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਤਾ ਗੱਦੀ ਲਈ ਯੋਗ ਕਿਉਂ ਸਮਝਿਆ ?

ਉੱਤਰ : ਸ੍ਰੀ ਰਾਮਦਾਸ ਜੀ ਵਿਚ ਸੇਵਾ, ਸਿਮਰਨ, ਸਾਦਗੀ, ਸੰਜਮ ਤੇ ਸਹਿਣਸ਼ੀਲਤਾ ਆਦਿ ਮਹਾਨ ਗੁਣ ਸਨ। ਗੁਰੂ ਨਾਨਕ ਪਾਤਸ਼ਾਹ ਜੀ ਦੀ ਗੱਦੀ ਦਾ ਵਾਰਸ ਇਹਨਾਂ ਗੁਣਾਂ ਵਾਲਾ ਹੀ ਹੋ ਸਕਦਾ ਸੀ।

ਪ੍ਰਸ਼ਨ 16 : ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਦੀ ਜੀਵਨ ਜਾਚ ਸੰਬੰਧੀ ਕਿਹੜਾ ਸ਼ਬਦ ਉਚਾਰਿਆ ਹੈ ?

ਉੱਤਰ : *ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।* ਇਸ ਸ਼ਬਦ ਵਿਚ ਗੁਰੂ ਜੀ ਨੇ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਬਾਣੀ ਦਾ ਜਾਪ, ਬਹਿੰਦਿਆਂ ਉਠਦਿਆਂ ਪ੍ਰਭੂ ਨੂੰ ਯਾਦ ਕਰਨਾ ਆਦਿ ਸਿੱਖੀ ਜੀਵਨ ਜਾਚ ਤੇ ਰਹਿਤ ਬਿਆਨ ਕੀਤੀ ਹੈ।

ਪ੍ਰਸ਼ਨ 17 : ਸ੍ਰੀ ਗੁਰੂ ਰਾਮਦਾਸ ਜੀ ਨੂੰ ਬਾਬਾ ਸ੍ਰੀ ਚੰਦ ਜੀ ਨੇ ਕੀ ਸਵਾਲ ਕੀਤਾ ਅਤੇ ਗੁਰੂ ਜੀ ਨੇ ਕੀ ਉੱਤਰ ਦਿੱਤਾ ?

ਉੱਤਰ : ਬਾਬਾ ਸ੍ਰੀ ਚੰਦ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਪੁਰਖਾ ! ਦਾੜ੍ਹੀ ਕਿਉਂ ਵਧਾਈ ਹੈ ? ਗੁਰੂ ਜੀ ਨੇ ਕਿਹਾ ਕਿ ਆਪ ਵਰਗੇ ਮਹਾਂ ਪੁਰਖਾਂ ਦੇ ਚਰਨ ਝਾੜਨ ਲਈ। ਇਸ ਤਰ੍ਹਾਂ ਸ੍ਰੀ ਚੰਦ ਜੀ ਦਾ ਹੰਕਾਰ ਦੂਰ ਹੋ ਗਿਆ।

ਪ੍ਰਸ਼ਨ 18 : ਸ੍ਰੀ ਗੁਰੂ ਰਾਮਦਾਸ ਜੀ ਦੀ ਕਿੰਨੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ ?

ਉੱਤਰ : ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਮਹਲਾ ੪ (ਚੌਥਾ) ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਵਿਚ 679 ਸ਼ਬਦ, ਸਲੋਕ ਤੇ ਛੰਤ 30 ਰਾਗਾਂ ਵਿਚ ਹਨ।

ਪ੍ਰਸ਼ਨ 19 : ਸ੍ਰੀ ਗੁਰੂ ਰਾਮਦਾਸ ਜੀ ਨੇ ਅੱਗੋਂ ਗੁਰਤਾ ਗੱਦੀ ਕਿੰਨ੍ਹਾਂ ਨੂੰ ਬਖ਼ਸ਼ਿਸ਼ ਕੀਤੀ ?

ਉੱਤਰ : ਗੁਰੂ ਜੀ ਨੇ ਅੱਗੋਂ ਗੁਰਤਾ ਗੱਦੀ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਅਰਜਨ ਦੇਵ ਜੀ ਨੂੰ ਬਖ਼ਸ਼ਿਸ਼ ਕੀਤੀ। ਆਪ ਮਹਾਨ ਗੁਣਾਂ ਦਾ ਖ਼ਜ਼ਾਨਾ ਸਨ। ਇਸ ਸੰਬੰਧੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ, *'ਫਿਰਿ ਆਈ ਘਰਿ ਅਰਜਣੈ ਪੁਤ ਸੰਸਾਰੀ ਗੁਰੂ ਕਹਾਵੈ।'*

ਪ੍ਰਸ਼ਨ 20 : ਸ੍ਰੀ ਗੁਰੂ ਰਾਮਦਾਸ ਜੀ ਦੇ ਮਹਾਨ ਕਾਰਜ ਦੋ-ਤਿੰਨ ਪੰਕਤੀਆਂ ਵਿਚ ਲਿਖੋ।

ਉੱਤਰ : ਗੁਰੂ ਜੀ ਨੇ ਪਵਿੱਤਰ ਸਰੋਵਰ ਸੰਤੋਖਸਰ ਤੇ ਅੰਮ੍ਰਿਤਸਰ ਬਣਵਾਏ। ਮਹਾਂ ਨਗਰ ਸ੍ਰੀ ਅੰਮ੍ਰਿਤਸਰ ਵਸਾਇਆ ਅਤੇ 52 ਕਿੱਤਿਆਂ ਦੇ ਲੋਕ ਇਥੇ ਵਸਾਏ। ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਮਸੰਦਾਂ ਦੀ ਸਥਾਪਨਾ ਕੀਤੀ। ਗੁਰਮਤਿ ਅਨੁਸਾਰ ਰੀਤਾਂ ਰਸਮਾਂ ਪੱਕੀਆਂ ਕੀਤੀਆਂ। ਕੌਮ ਨੂੰ ਸਿੱਖੀ ਵਿਰੋਧੀਆਂ ਤੋਂ ਜਾਗਰਤ ਕੀਤਾ ਅਤੇ ਬਾਣੀ ਦੀ ਸੰਭਾਲ ਕੀਤੀ।

☆☆☆

# ਪੰਜਵੇਂ ਪਾਤਸ਼ਾਹ
# ਸ੍ਰੀ ਗੁਰੂ ਅਰਜਨ ਦੇਵ ਜੀ

*ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ।*
*ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ।*
*ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ।*
*ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ।*
*ਸਾਧ ਸੰਗਤਿ ਹੈ ਗੁਰ ਸਭਾ ਰਤਨ ਪਦਾਰਥ ਵਣਜੁ ਸਹਤਾ।*
*ਸਚੁ ਨੀਸਾਣੁ ਦੀਬਾਣੁ ਸਚੁ ਸਚੁ ਤਾਣੁ ਸਚੁ ਮਾਣੁ ਮਹਤਾ।*
*ਅਬਚਲੁ ਰਾਜੁ ਹੋਆ ਸਣਖਤਾ॥* (ਭਾਈ ਗੁਰਦਾਸ ਜੀ)

ਭਾਵ ਅਰਥ :

- ਸ੍ਰੀ ਗੁਰੂ ਰਾਮਦਾਸ, ਗੁਰੂ ਅਮਰਦਾਸ, ਗੁਰੂ ਅੰਗਦ ਦੇਵ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਦੇ ਦੀਪਕ ਅਜਰ ਤੇ ਅਮਰ ਸ੍ਰੀ ਗੁਰੂ ਅਰਜਨ ਦੇਵ ਜੀ ਹੋਏ।
- ਫਿਰ ਪੰਜਵੇਂ ਪਾਤਸ਼ਾਹ ਜੀ ਨੇ ਤਖ਼ਤ 'ਤੇ ਬਖ਼ਤ (ਭਾਗ) ਨੂੰ ਧਾਰ ਕੇ ਸ਼ਬਦ ਤੇ ਸੁਰਤ ਦਾ ਪੱਤਵਾਲਾ ਵਾਪਾਰ ਕੀਤਾ।
- ਗੁਰੂ ਜੀ ਨੇ ਗੁਰਬਾਣੀ ਦਾ ਭੰਡਾਰ ਭਰ ਦਿੱਤਾ ਅਤੇ ਕਥਾ ਕੀਰਤਨ ਦੇ ਰੰਗ ਵਿਚ ਰੱਤੇ ਰਹਿੰਦੇ।
- ਗੁਰੂ ਜੀ ਪੂਰਨ ਪ੍ਰੇਮ ਅੰਮ੍ਰਿਤ ਰਸ ਵਿਚ ਮਸਤ ਰਹਿੰਦੇ ਤੇ ਪ੍ਰਭੂ ਵੱਲੋਂ ਇਕ ਰਸ ਬੇਹੱਦ ਧੁਨੀ ਝਰਦੀ।
- ਜਦ ਸਤਿਗੁਰਾਂ ਦਾ ਦਰਬਾਰ ਸੱਜਦਾ ਭਾਵ ਸਤਿ ਸੰਗਤ ਹੁੰਦੀ ਤਾਂ ਨਾਮ ਰੂਪੀ ਰਤਨ ਪਦਾਰਥਾਂ ਦਾ ਲਾਭਦਾਇਕ ਵਪਾਰ ਹੁੰਦਾ।
- ਇਸ ਲਈ ਗੁਰੂ ਜੀ ਦਾ ਨੀਸਾਣ ਤੇ ਦੀਵਾਨ ਸੱਚਾ ਹੈ, ਮਾਣ ਤਾਣ ਤੇ ਵਡਿਆਈ ਸੱਚੀ ਹੈ।
- ਪਉੜੀ ਦੇ ਅੰਤ ਵਿਚ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਜ ਅਬਚਲ ਤੇ ਸ੍ਰੇਸ਼ਟ ਹੈ।

## ਸੰਖੇਪ ਜੀਵਨ ਦਰਸ਼ਨ : ਸ੍ਰੀ ਗੁਰੂ ਅਰਜਨ ਦੇਵ ਜੀ

ਮਾਤਾ : ਬੀਬੀ ਭਾਨੀ ਜੀ

ਪਿਤਾ : ਸ੍ਰੀ ਗੁਰੂ ਰਾਮਦਾਸ ਜੀ

ਪ੍ਰਕਾਸ਼ : 15 ਅਪ੍ਰੈਲ 1563 ਈ.

ਸਥਾਨ : ਸ੍ਰੀ ਗੋਇੰਦਵਾਲ ਸਾਹਿਬ

ਸੁਪਤਨੀ : ਗੰਗਾ ਦੇਵੀ ਜੀ

ਸੰਤਾਨ : ਸ੍ਰੀ (ਗੁਰੂ) ਹਰਿਗੋਬਿੰਦ ਜੀ

ਗੁਰੂ ਕਾਲ : 2 ਸਤੰਬਰ 1581 ਈ. ਤੋਂ 30 ਮਈ 1606 ਈ. ਤੱਕ

## ਮਹਾਨ ਕਾਰਜ (ਪਰਉਪਕਾਰ)

ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਅੰਮ੍ਰਿਤਸਰ ਦੀ ਉਸਾਰੀ ਕਰਵਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਤੇ ਸੰਪਾਦਨ ਕੀਤਾ। ਸ੍ਰੀ ਸੰਤੋਖਸਰ ਤੇ ਅੰਮ੍ਰਿਤਸਰ ਸਰੋਵਰ ਪੱਕੇ ਬਣਵਾਏ। ਸਰੋਵਰ ਸ੍ਰੀ ਤਰਨ ਤਾਰਨ ਤੇ ਸ੍ਰੀ ਰਾਮਸਰ ਬਣਵਾਏ। ਬਾਉਲੀ ਸਾਹਿਬ ਲਾਹੌਰ ਤੇ ਛੇਹਰਟਾ ਸਾਹਿਬ ਖੂਹ ਬਣਵਾਏ। ਲਾਹੌਰ ਵਿਖੇ ਕਾਲ ਪੀੜਤਾਂ ਦੀ ਸੇਵਾ ਕੀਤੀ ਤੇ ਕੋਹੜ ਦੇ ਰੋਗੀਆਂ ਲਈ ਤਰਨ ਤਾਰਨ ਵਿਖੇ ਦੁੱਖ ਨਿਵਾਰਨ ਦਵਾਖ਼ਾਨਾ ਬਣਵਾਇਆ। ਧਰਮ ਦੇ ਕਾਰਜਾਂ ਤੇ ਲੋੜਵੰਦਾਂ ਦੀ ਸਹਾਇਤਾ ਲਈ ਦਸਵੰਧ ਦੀ ਮਰਯਾਦਾ ਬੰਨ੍ਹੀ। ਆਪ ਜੀ ਦੀ ਬਾਣੀ ਮਹਲਾ ੫ (ਮਹਲਾ ਪੰਜਵਾਂ) ਦੇ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਕੁੱਲ 2218 ਸ਼ਬਦ, 30 ਰਾਗਾਂ ਵਿਚ ਹਨ।

ਪਵਿੱਤਰ ਸ਼ਹੀਦੀ : 30 ਮਈ 1606 ਈ. ਨੂੰ ਲਾਹੌਰ ਵਿਖੇ

ਕੁੱਲ ਉਮਰ : 43 ਸਾਲ, 1 ਮਹੀਨਾ, 15 ਦਿਨ

(ੳ) <u>ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਤੇ ਗੁਰਤਾ ਗੱਦੀ —</u>

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਵਿੱਤਰ ਜੀਵਨ ਪ੍ਰੇਮਾ ਭਗਤੀ, ਸੇਵਾ, ਸਿਮਰਨ, ਬ੍ਰਹਮ ਗਿਆਨ, ਕੋਮਲ ਹੁਨਰ ਤੇ ਮਹਾਨ ਕੁਰਬਾਨੀ ਦਾ ਨਮੂਨਾ ਹੈ। ਇਹ ਅਕਾਲ ਪੁਰਖ ਦੀ ਕਲਾ ਵਰਤੀ ਕਿ ਸੰਸਾਰ ਦੇ ਕਲਿਆਣ ਲਈ ਸਮੇਂ-ਸਮੇਂ ਦਸ ਗੁਰੂ ਸਾਹਿਬਾਨ ਜੀ ਦਾ ਪ੍ਰਕਾਸ਼ ਹੋਇਆ। ਦਸ ਗੁਰੂ ਸਾਹਿਬਾਂ ਵਿਚ ਇਕੋ ਜੋਤ ਤੇ ਇਕੋ ਆਦਰਸ਼ ਸੀ। ਮਨੁੱਖਤਾ ਨੂੰ ਜਿਸ ਆਦਰਸ਼ ਦੀ ਲੋੜ ਪਈ, ਅਕਾਲ ਪੁਰਖ ਨੇ ਉਹੋ ਜਿਹੀ ਹਸਤੀ ਨੂੰ ਗੁਰੂ ਰੂਪ ਵਿਚ ਪ੍ਰਗਟ ਕੀਤਾ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਮਿਤੀ 15 ਅਪ੍ਰੈਲ 1563 ਈ. ਨੂੰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ, ਮਾਤਾ ਭਾਨੀ ਜੀ ਦੀ ਕੁੱਖ ਤੋਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਬਚਪਨ ਤੋਂ ਹੀ ਬਹੁਤ ਹੋਣਹਾਰ ਤੇ ਸੰਤ ਸਰੂਪ ਸਨ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਸੰਸਾਰੀ ਰਿਸ਼ਤੇ ਵਿਚ ਆਪ ਦੇ ਨਾਨਾ ਜੀ ਲੱਗਦੇ ਸਨ। ਨਾਨਾ ਗੁਰੂ ਜੀ ਦਾ ਪਿਆਰ ਤੇ ਮਾਤਾ ਪਿਤਾ ਦੇ ਆਤਮਿਕ ਗੁਣ ਆਪ ਨੂੰ ਪ੍ਰਾਪਤ ਹੋਏ। ਇਹਨਾਂ ਮਹਾਨ ਗੁਣਾਂ ਦੀ ਝਲਕ ਆਪ ਜੀ ਦੀ ਬਾਣੀ 'ਚੋਂ ਮਿਲਦੀ ਹੈ।

ਇਤਿਹਾਸ ਵਿਚ ਆਉਂਦਾ ਹੈ ਕਿ ਬਾਲ ਉਮਰ ਵਿਚ ਆਪ ਜਦ ਰਿੜ੍ਹਦੇ-ਰਿੜ੍ਹਦੇ ਸ੍ਰੀ ਗੁਰੂ ਅਮਰਦਾਸ ਜੀ ਦੇ ਆਸਣ ਪਰ ਬੈਠ ਗਏ। ਤੀਸਰੇ ਪਾਤਸ਼ਾਹ ਜੀ ਨੇ ਪਿਆਰ ਨਾਲ ਚੁੱਕ ਕੇ ਗੋਦੀ ਵਿਚ ਲੈ ਕੇ ਬਚਨ ਕੀਤਾ, 'ਦੋਹਿਤਾ ਬਾਣੀ ਕਾ ਬੋਹਿਥਾ'। ਸੱਚ ਮੁੱਚ ਆਪ ਇਸੇ ਰੂਪ ਵਿਚ ਹੀ ਪ੍ਰਗਟ ਹੋਏ।

ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਮਿਲਣ ਤੱਕ ਆਪ ਪਰਿਵਾਰ ਦੇ ਨਾਲ ਸ੍ਰੀ ਗੋਇੰਦਵਾਲ ਸਾਹਿਬ ਹੀ ਰਹੇ। ਕੁਝ ਚਿਰ ਪਿੱਛੋਂ ਗੁਰੂ ਕੇ ਚੱਕ (ਅੰਮ੍ਰਿਤਸਰ) ਆ ਵਸੇ। ਆਪ ਪਿਤਾ ਜੀ ਦੇ ਆਗਿਆਕਾਰ ਪੁੱਤਰ ਤੇ ਹਰ ਵੇਲੇ ਸੇਵਾ ਵਿਚ ਰਹਿੰਦੇ ਸਨ। ਛੋਟੀ ਉਮਰ ਵਿਚ ਹੀ ਆਤਮਿਕ ਰੰਗ ਵਿਚ ਰੰਗੀ ਰਚਨਾ ਰਚ ਲੈਂਦੇ ਸਨ। ਆਪ ਨੇ ਗੁਰੂ ਦਰਬਾਰ ਵਿਚ ਬਹੁਤ ਚੰਗੀ ਵਿੱਦਿਆ ਪ੍ਰਾਪਤ ਕੀਤੀ।

ਜਿਸ ਵਕਤ ਸਤਿਗੁਰੂ ਜਵਾਨ ਹੋਏ ਤਾਂ ਸੋਲਾਂ ਸਾਲ ਦੀ ਉਮਰ ਵਿਚ ਆਪ ਦੀ ਸ਼ਾਦੀ 1579 ਈ. ਨੂੰ ਪਿੰਡ ਮਉ, ਜ਼ਿਲ੍ਹਾ ਜਲੰਧਰ ਦੇ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਸ੍ਰੀ ਗੰਗਾ ਦੇਵੀ ਜੀ ਨਾਲ ਹੋਈ। ਪਿੰਡ ਮਉ ਵਿਖੇ ਪੰਚਮ ਪਾਤਸ਼ਾਹ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਹੈ।

ਆਪ ਜੀ ਬਹੁਤ ਸ਼ਾਂਤ ਸੁਭਾਅ ਤੇ ਭਗਤੀ ਭਾਵ ਵਾਲੇ ਸਨ। ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਜਾਣਦੇ ਸਨ ਕਿ ਉਹਨਾਂ ਤੋਂ ਬਾਅਦ ਗੁਰਤਾ ਗੱਦੀ ਲਈ ਯੋਗ ਛੋਟੇ ਸਪੁੱਤਰ ਅਰਜਨ ਦੇਵ ਹੀ ਹਨ, ਪਰ ਆਪ ਦਾ ਵੱਡਾ ਭਾਈ ਪ੍ਰਿਥੀ ਚੰਦ ਆਪਣੇ ਆਪ ਨੂੰ ਗੁਰਤਾ ਗੱਦੀ ਦਾ

ਹੱਕਦਾਰ ਸਮਝਦਾ ਸੀ। ਉਸ ਨੇ ਅਨੇਕ ਤਰ੍ਹਾਂ ਦੀਆਂ ਮੁਸ਼ਕਲਾਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ।

ਉਧਰ ਅੰਤਮ ਸਮਾਂ ਨੇੜੇ ਜਾਣ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਉਥੇ ਆਪ ਨੇ ਮਿਤੀ 2 ਸਤੰਬਰ 1581 ਈ. ਨੂੰ ਸਿੱਖ ਸੰਗਤਾਂ ਦੇ ਵਿਸ਼ੇਸ਼ ਇਕੱਠ ਵਿਚ ਸ੍ਰੀ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਚੌਥੇ ਪਾਤਸ਼ਾਹ ਜੀ ਨੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰੂ ਘਰ ਦੀ ਰੀਤੀ ਅਨੁਸਾਰ ਤਿਲਕ ਲਵਾਇਆ। ਉਪਰੰਤ ਚੌਥੇ ਪਾਤਸ਼ਾਹ ਜੀ ਜੋਤੀ ਜੋਤ ਸਮਾ ਗਏ।

ਇਸ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਕੇ ਚੱਕ (ਅੰਮ੍ਰਿਤਸਰ) ਆ ਗਏ ਅਤੇ ਚੌਥੇ ਪਾਤਸ਼ਾਹ ਜੀ ਵੱਲੋਂ ਆਰੰਭ ਕੀਤੇ ਹੋਏ ਕਾਰਜਾਂ ਨੂੰ ਅੱਗੇ ਸ਼ੁਰੂ ਕੀਤਾ। ਭਾਵੇਂ ਆਪ ਦੇ ਵੱਡੇ ਭਾਈ ਪ੍ਰਿਥੀ ਚੰਦ ਨੇ ਅਨੇਕਾਂ ਰੁਕਾਵਟਾਂ ਖੜੀਆਂ ਕੀਤੀਆਂ, ਪਰ ਸਤਿਗੁਰਾਂ ਨੇ ਪਰਮਾਤਮਾ ਉਪਰ ਭਰੋਸਾ ਰੱਖ ਕੇ ਆਪਣਾ ਕਾਰਜ ਜਾਰੀ ਰੱਖਿਆ। ਗੁਰੂ ਘਰ ਦੇ ਦੋਖੀਆਂ ਦੀ ਹਰ ਪਾਸੇ ਹਾਰ ਹੋਈ ਤੇ ਸਤਿਗੁਰਾਂ ਦੀ ਜੈ ਜੈਕਾਰ ਹੋਈ।

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਤਿੰਨ ਸਾਲ ਦੇ ਕਰੀਬ ਵਡਾਲੀ ਵਿਖੇ ਰਹੇ। ਉਥੇ ਹੀ ਜੂਨ 1595 ਈ. ਨੂੰ ਆਪ ਦੇ ਗ੍ਰਿਹਿ ਵਿਖੇ ਸਪੁੱਤਰ ਸ੍ਰੀ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਇਸ ਖ਼ੁਸ਼ੀ ਵਿਚ ਪ੍ਰਭੂ ਦਾ ਸ਼ੁਕਰਾਨਾ ਕਰਦਿਆਂ ਸਤਿਗੁਰਾਂ ਨੇ ਲੋਕ ਭਲਾਈ ਲਈ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਛੇ ਹਰਟਾਂ ਵਾਲਾ ਖੂਹ ਲਗਵਾਇਆ ਜੋ ਅੱਜ ਕੱਲ੍ਹ ਕਸਬਾ ਛੇਹਰਟਾ ਸਾਹਿਬ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। ਭਾਵੇਂ ਪ੍ਰਿਥੀ ਚੰਦ ਤੇ ਉਸ ਦੀ ਪਤਨੀ ਕਰਮੋ ਨੇ ਬਾਲ ਹਰਿਗੋਬਿੰਦ ਜੀ ਨੂੰ ਮਾਰ ਮੁਕਾਉਣ ਦੀਆਂ ਅਨੇਕਾਂ ਚਾਲਾਂ ਚੱਲੀਆਂ, ਪਰ ਪਰਮਾਤਮਾ ਦੀ ਬਖ਼ਸ਼ਿਸ਼ ਸਦਕਾ ਸਾਰੀਆਂ ਚਾਲਾਂ ਫੇਲ੍ਹ ਹੋ ਗਈਆਂ।

ਇਸ ਤੋਂ ਬਾਅਦ ਪ੍ਰਿਥੀ ਚੰਦ ਨੇ ਸੁਲਹੀ ਖ਼ਾਂ ਤੇ ਸੁਲਭੀ ਖ਼ਾਂ ਨੂੰ ਵੀ ਗੁਰੂ ਘਰ ਨਾਲ ਮੱਥਾ ਲਾਉਣ ਵਾਸਤੇ ਲਿਆਂਦਾ, ਪਰ ਉਹ ਆਪ ਹੀ ਖ਼ਤਮ ਹੋ ਗਏ। ਇਸ ਤਰ੍ਹਾਂ ਸਤਿਗੁਰਾਂ ਦੇ ਤੇਜ ਪ੍ਰਤਾਪ ਅੱਗੇ ਸਭ ਵਿਰੋਧੀ ਖ਼ਤਮ ਹੁੰਦੇ ਗਏ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਵਿਚ ਜੁਟ ਗਏ।

### (ਅ) ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਤੇ ਸਿੱਖੀ ਦੇ ਪ੍ਰਚਾਰ ਲਈ ਹੋਰ ਕਾਰਜ : —

ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕੁਝ ਮਹੀਨੇ ਤਾਂ ਪ੍ਰਿਥੀ ਚੰਦ ਤੇ ਗੁਰੂ ਘਰ ਦੇ ਦੋਖੀਆਂ ਨੇ ਅਨੇਕਾਂ ਚਾਲਾਂ ਚੱਲੀਆਂ। ਜਦ ਉਹਨਾਂ ਦੀ ਕੋਈ ਪੇਸ਼ ਨਾ ਗਈ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੌਥੇ ਪਾਤਸ਼ਾਹ ਜੀ ਦੇ ਆਰੰਭੇ ਕਾਰਜਾਂ ਨੂੰ ਸ਼ੁਰੂ

ਕੀਤਾ। ਗੁਰੂ ਜੀ ਨੇ ਗੁਰੂ ਪਿਤਾ ਦੇ ਵਸਾਏ ਨਗਰ ਵਾਸੀਆਂ ਦੀ ਲੋੜ ਨੂੰ ਮੁੱਖ ਰੱਖ ਕੇ ਸੰਤੋਖਸਰ ਸਰੋਵਰ ਤਿਆਰ ਕਰਵਾਇਆ। ਇਸੇ ਤਰ੍ਹਾਂ ਗੁਰੂ ਘਰ ਦੀ ਲੋੜ ਤੇ ਕੌਮੀ ਕਾਰਜਾਂ ਨੂੰ ਮੁੱਖ ਰੱਖ ਕੇ ਫ਼ੈਸਲਾ ਕੀਤਾ ਕਿ ਹਰੇਕ ਸਿੱਖ ਪਰਿਵਾਰ ਆਪਣੀ ਕਮਾਈ ਵਿੱਚੋਂ ਦਸਵਾਂ ਹਿੱਸਾ ਜ਼ਰੂਰ ਗੁਰੂ ਗੋਲਕ ਲਈ ਭੇਜੇ। ਹੁਣ ਜਿੱਥੇ ਪੰਜਾਬ ਦੇ ਬਾਕੀ ਇਲਾਕਿਆਂ ਵਿਚ ਸਿੱਖ ਧਰਮ ਬਹੁਤ ਵਧਿਆ ਉਥੇ ਮਾਝਾ ਸਿੱਖੀ ਦਾ ਕੇਂਦਰ ਬਣ ਗਿਆ। ਪੰਚਮ ਪਾਤਸ਼ਾਹ ਜੀ ਦੇ ਸਮੇਂ ਤੱਕ ਸਿੱਖ ਪੰਜਾਬ ਤੋਂ ਬਾਹਰ ਵੀ ਦੂਰ-ਦੂਰ ਸੂਬਿਆਂ ਵਿਚ ਜਾਣ ਲੱਗ ਪਏ ਸਨ। ਕਈ ਸਿੱਖਾਂ ਨੇ ਦੂਰ ਦੇ ਇਲਾਕਿਆਂ ਵਿਚ ਪੱਕਾ ਨਿਵਾਸ ਕਰ ਲਿਆ ਤੇ ਇਸ ਤਰ੍ਹਾਂ ਸਿੱਖ ਧਰਮ ਦੂਰ-ਦੂਰ ਤੱਕ ਫੈਲ ਗਿਆ।

ਸ੍ਰੀ ਗੁਰੂ ਰਾਮਦਾਸ ਜੀ ਨੇ ਜਿਹੜਾ ਸਰੋਵਰ ਆਰੰਭ ਕੀਤਾ ਸੀ, ਉਹ ਪੰਚਮ ਪਾਤਸ਼ਾਹ ਜੀ ਨੇ 1588 ਈ. ਵਿਚ ਮੁਕੰਮਲ ਕੀਤਾ। ਇਸ ਦਾ ਨਾਮ 'ਅੰਮ੍ਰਿਤ ਸਰ' ਰੱਖਿਆ। ਹੁਣ ਚੌਥੇ ਪਾਤਸ਼ਾਹ ਜੀ ਦੇ ਕੀਤੇ ਬਚਨਾਂ ਅਨੁਸਾਰ ਇਸ ਵਿਚ ਧਰਮ ਸਥਾਨ ਵੀ ਬਣਨਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਅਕਤੂਬਰ 1588 ਈ. ਨੂੰ ਲਾਹੌਰ ਦੇ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ। ਗੁਰੂ ਘਰ ਸਾਰੀ ਮਨੁੱਖਤਾ ਨੂੰ ਆਪਸੀ ਪਿਆਰ ਨਾਲ ਰਹਿਣ ਦਾ ਸੰਦੇਸ਼ ਦਿੰਦਾ ਹੈ। ਇਸ ਲਈ ਗੁਰੂ ਘਰ ਵਿਚ ਕਿਸੇ ਧਰਮ, ਜਾਤ ਜਾਂ ਰੰਗ ਨਸਲ ਦਾ ਭੇਦ ਭਾਵ ਨਹੀਂ ਮੰਨਿਆ ਜਾਂਦਾ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ 1601 ਈ. ਵਿਚ ਸੰਪੂਰਨ ਹੋਈ। ਇਸ ਸਮੁੱਚੀ ਮਾਨਵਤਾ ਦੇ ਸਾਂਝੇ ਮੰਦਰ ਦੀ ਮਹਿਮਾ ਕਰਦਿਆਂ ਪੰਚਮ ਪਾਤਸ਼ਾਹ ਜੀ ਨੇ ਫ਼ੁਰਮਾਇਆ :

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*

(ਪੰਨਾ ੧੩੬੨)

ਹਰਿਮੰਦਰ ਸ਼ਬਦ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਿਲਦਾ ਹੈ। ਫਿਰ ਤੀਜੇ ਪਾਤਸ਼ਾਹ ਜੀ ਨੇ ਤਕਰੀਬਨ ਪੰਦਰਾਂ ਵਾਰ ਹਰਿਮੰਦਰ ਸ਼ਬਦ ਦੀ ਵਰਤੋਂ ਕੀਤੀ ਹੈ। ਇਸੇ ਤਰ੍ਹਾਂ ਚੌਥੇ ਪਾਤਸ਼ਾਹ ਜੀ ਦੀ ਬਾਣੀ ਵਿਚ ਦੋ ਵਾਰ ਅਤੇ ਪੰਚਮ ਪਾਤਸ਼ਾਹ ਜੀ ਦੀ ਬਾਣੀ ਵਿਚ ਤਿੰਨ ਵਾਰ ਹਰਿਮੰਦਰ ਸ਼ਬਦ ਆਇਆ ਹੈ। ਗੁਰਸਿੱਖਾਂ ਦੀ ਭਾਵਨਾ ਹੈ ਕਿ ਹਰਿਮੰਦਰ ਦੀ ਸਿਰਜਨਾ ਦਾ ਫੁਰਨਾ ਪਹਿਲੀ ਪਾਤਸ਼ਾਹੀ ਤੋਂ ਹੀ ਆਰੰਭ ਹੋਇਆ ਜੋ ਪੰਜਵੇਂ ਜਾਮੇ ਵਿਚ ਸਤਿਗੁਰਾਂ ਨੇ ਸੰਪੂਰਨ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਸਾਰੇ ਸੰਸਾਰ ਨੂੰ ਪ੍ਰੇਰਦੇ ਹਨ ਕਿ ਕੋਈ ਵੀ ਸ਼ਰਧਾਲੂ ਕਿਸੇ ਵੀ ਦਿਸ਼ਾ ਜਾਂ ਕੋਨੇ ਤੋਂ ਆਵੇ, ਉਹਦੇ ਲਈ ਦਰ ਖੁੱਲ੍ਹੇ ਹਨ। ਕਿਉਂਕਿ ਅਸੀਂ ਸਾਰੇ ਇਕ ਪਰਮਾਤਮਾ ਦਾ ਪਰਿਵਾਰ ਹਾਂ ਤੇ ਸ੍ਰੀ ਹਰਿਮੰਦਰ ਸਾਹਿਬ ਇਕ ਪ੍ਰਭੂ ਦੀ ਬੰਦਗੀ ਕਰਨ ਅਤੇ ਪ੍ਰਭੂ ਦੇ ਪਰਿਵਾਰ ਨੂੰ ਪਿਆਰ ਕਰਨ ਲਈ ਪ੍ਰੇਰਦਾ ਹੈ। ਅੱਜ ਵੀ ਰੋਜ਼ਾਨਾ ਹਜ਼ਾਰਾਂ ਸੰਗਤਾਂ ਇਥੇ ਨਮਸਕਾਰ ਕਰਦੀਆਂ ਤੇ ਗੁਰੂ ਪਾਤਸ਼ਾਹ ਜੀ ਤੋਂ ਬਲਿਹਾਰੇ

ਜਾਂਦੀਆਂ ਹਨ।

ਪੰਚਮ ਪਾਤਸ਼ਾਹ ਜੀ ਫਿਰ 10 ਸਾਲ ਦੇ ਕਰੀਬ ਸਿੱਖ ਧਰਮ ਦੇ ਪ੍ਰਚਾਰ ਲਈ ਦੂਰ-ਦੂਰ ਪਿੰਡਾਂ ਕਸਬਿਆਂ ਤੱਕ ਗਏ। ਇਸ ਸਮੇਂ ਦੌਰਾਨ ਉਹਨਾਂ ਨੇ ਸ੍ਰੀ ਤਰਨ ਤਾਰਨ ਵਾਲੇ ਸਥਾਨ 'ਤੇ ਪ੍ਰਚਾਰ ਲਈ ਟਿਕਾਉ ਕੀਤਾ, ਜਿਥੇ ਉਹਨਾਂ ਨੇ ਸਰੋਵਰ ਖੁਦਵਾਇਆ ਅਤੇ 1596 ਈ. ਵਿਚ ਤਰਨ ਤਾਰਨ ਨਗਰ ਦੀ ਸਥਾਪਨਾ ਕੀਤੀ। ਉਥੇ ਸਰੋਵਰ ਤੇ ਹਰਿਮੰਦਰ ਵੀ ਬਣਵਾਇਆ। ਇਥੇ ਗੁਰੂ ਜੀ ਨੇ ਕੋਹੜ ਦੇ ਰੋਗੀਆਂ ਲਈ ਦੁੱਖ ਨਿਵਾਰਨ ਦਵਾਖ਼ਾਨਾ ਬਣਵਾਇਆ। ਇਸੇ ਤਰ੍ਹਾਂ ਸਤਿਗੁਰਾਂ ਨੇ ਜਲੰਧਰ ਦੇ ਨਜ਼ਦੀਕ 1594 ਈ. ਵਿਚ ਕਰਤਾਰਪੁਰ ਵਸਾਇਆ। ਫਿਰ ਅੰਮ੍ਰਿਤਸਰ ਦੇ ਨੇੜੇ ਆਪਣੇ ਸਪੁੱਤਰ ਬਾਲ ਹਰਿਗੋਬਿੰਦ ਜੀ ਦੇ ਪ੍ਰਕਾਸ਼ ਦੀ ਖ਼ੁਸ਼ੀ ਵਿਚ ਸੰਗਤਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਛੇ-ਹਰਟਾਂ ਵਾਲਾ ਖੂਹ ਲਵਾ ਕੇ ਗੁਰੂ ਧਾਮ ਦੀ ਸਥਾਪਨਾ ਕੀਤੀ। ਇਸ ਸਮੇਂ ਆਪ ਦੀ ਰਿਹਾਇਸ਼ ਗੁਰੂ ਕੀ ਵਡਾਲੀ ਸੀ। 1595 ਈ. ਨੂੰ ਹੀ ਆਪਣੇ ਸਪੁੱਤਰ ਦੇ ਜਨਮ ਦੀ ਖ਼ੁਸ਼ੀ ਵਿਚ ਹਰਿਗੋਬਿੰਦਪੁਰ ਨਗਰ ਵਸਾਇਆ। 1599 ਈ. ਨੂੰ ਲਾਹੌਰ ਵਿਖੇ ਗੁਰੂ ਜੀ ਨੇ ਬਉਲੀ ਤੇ ਗੁਰਦੁਆਰਾ ਬਣਵਾਇਆ। ਅੰਮ੍ਰਿਤਸਰ ਵਿਖੇ ਰਾਮਸਰ ਦੀ ਉਸਾਰੀ ਕਰਵਾਈ ਜਿਸ ਦੇ ਕਿਨਾਰੇ ਬੈਠ ਕੇ ਸਤਿਗੁਰਾਂ 'ਸੁਖਮਨੀ' ਬਾਣੀ ਉਚਾਰੀ। ਇਥੇ ਹੀ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾਈ।

ਪੰਚਮ ਪਾਤਸ਼ਾਹ ਜੀ ਦਾ ਸੰਗੀਤ ਕਲਾ ਨਾਲ ਬਹੁਤ ਪਿਆਰ ਸੀ। ਆਪ ਬਹੁਤ ਸੁੰਦਰ ਕੀਰਤਨ ਕਰ ਲੈਂਦੇ ਸਨ। ਜਦੋਂ ਸੱਤਾ ਤੇ ਬਲਵੰਡ ਗੁਰੂ ਘਰ ਦੇ ਕੀਰਤਨੀਏ ਗਲਤ ਫਹਿਮੀ ਵਿਚ ਰੋਸ ਕਰ ਕੇ ਚਲੇ ਗਏ ਤਾਂ ਸਤਿਗੁਰਾਂ ਨੇ ਸਿੱਖ ਸੰਗਤਾਂ ਨੂੰ ਪ੍ਰੇਰਿਆ ਕਿ ਹੁਣ ਤੁਸੀਂ ਖ਼ੁਦ ਹੀ ਕੀਰਤਨ ਕਰੋ। ਇਹ ਵੀ ਪੰਚਮ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਹੈ ਕਿ ਅਜੋਕੇ ਸਮੇਂ ਵਿੱਚ ਸਿੱਖ ਸਮਾਜ ਦਾ ਵੱਡਾ ਹਿੱਸਾ ਬੱਚੇ, ਬੱਚੀਆਂ, ਬੀਬੀਆਂ, ਮਰਦ ਆਦਿ ਸਭ ਰਸ ਭਿੰਨਾ ਕੀਰਤਨ ਕਰ ਲੈਂਦੇ ਹਨ।

ਇਸੇ ਤਰ੍ਹਾਂ ਸਤਿਗੁਰਾਂ ਦੇ ਸਪੁੱਤਰ 'ਤੇ ਚੇਚਕ ਰੋਗ ਨੇ ਵੀ ਹਮਲਾ ਕੀਤਾ, ਪਰ ਸਤਿਗੁਰਾਂ ਨੇ ਕਿਸੇ ਦੇਵੀ ਦੇਵਤੇ ਨੂੰ ਨਹੀਂ ਧਿਆਇਆ। ਉਨ੍ਹਾਂ ਨੇ ਸਭਨਾਂ ਨੂੰ ਬਾਣੀ ਪੜ੍ਹਨ ਦਾ ਉਪਦੇਸ਼ ਕੀਤਾ ਅਤੇ ਸ਼ੁਕਰਾਨੇ ਵਿਚ ਪ੍ਰਭੂ ਦੀ ਬਾਣੀ ਉਚਾਰੀ। ਇਸ ਤੋਂ ਭਾਵ ਕਿ ਹਰ ਦੁੱਖ-ਸੁੱਖ ਸਮੇਂ ਸਿੱਖ ਨੇ ਬਾਣੀ ਦਾ ਹੀ ਆਸਰਾ ਲੈ ਕੇ ਇਕ ਪ੍ਰਭੂ ਉੱਪਰ ਓਟ ਰੱਖਣੀ ਹੈ। ਇਹਨਾਂ ਮਹਾਨ ਕਾਰਜਾਂ ਦੇ ਨਾਲ ਨਾਲ ਅਨੇਕ ਸਿੱਖ ਪ੍ਰਚਾਰਕਾਂ ਨੂੰ ਸਤਿਗੁਰਾਂ ਨੇ ਧਰਮ ਪ੍ਰਚਾਰ ਲਈ ਦੂਰ-ਦੂਰ ਤੱਕ ਸਥਾਪਤ ਕੀਤਾ। ਇਸੇ ਤਰ੍ਹਾਂ ਗੁਰੂ ਜੀ ਦਾ ਬਹੁਤ ਮਹਾਨ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨਾ ਹੈ। ਉਸ ਯੁੱਗ ਵਿਚ ਇਸ ਪ੍ਰਕਾਰ ਦੇ ਧਰਮ ਗ੍ਰੰਥ ਦੀ ਸੰਪਾਦਨਾ ਇਕ ਨਿਆਰਾ ਤੇ ਮਹਾਨ ਕਾਰਜ ਸੀ।

(ੲ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨੀ —

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਪਰਉਪਕਾਰਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨੀ ਵੱਡਾ ਕਾਰਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੇ ਸਮੇਂ ਆਪਣੀ ਬਾਣੀ ਦੇ ਨਾਲ ਨਾਲ ਵੱਖ-ਵੱਖ ਭਗਤਾਂ ਦੀ ਬਾਣੀ ਵੀ ਇਕੱਤਰ ਕੀਤੀ ਸੀ। ਇਸੇ ਤਰ੍ਹਾਂ ਦੂਜੇ ਪਾਤਸ਼ਾਹ, ਤੀਜੇ ਪਾਤਸ਼ਾਹ ਤੇ ਫਿਰ ਚੌਥੇ ਪਾਤਸ਼ਾਹ ਜੀ ਦੀ ਬਾਣੀ ਵੀ ਵੱਡੇ ਰੂਪ ਵਿਚ ਇਕੱਠੀ ਹੋ ਗਈ ਸੀ। ਹੁਣ ਇਸ ਸਾਰੀ ਧੁਰ ਕੀ ਬਾਣੀ ਨੂੰ ਸੋਧ ਸੰਵਾਰ ਕੇ ਫਿਰ ਰਾਗਾਂ ਅਨੁਸਾਰ ਤਰਤੀਬ ਦੇਣੀ ਇਕ ਬਹੁਤ ਵੱਡਾ ਕੰਮ ਸੀ। ਗੁਰੂ ਜੀ ਸਿੱਖ ਸਮਾਜ ਦੀ ਅਗਵਾਈ ਅਤੇ ਹੋਰ ਅਨੇਕਾਂ ਜ਼ਿੰਮੇਵਾਰੀਆਂ ਵੀ ਸਾਥ ਸਾਥ ਨਿਭਾਉਂਦੇ ਸਨ।

ਪੰਚਮ ਪਾਤਸ਼ਾਹ ਜੀ ਨੇ ਇਸ ਵੱਡੇ ਖ਼ਜ਼ਾਨੇ ਨੂੰ ਇਕ ਰੂਪ ਦੇਣਾ ਸੀ। ਬ੍ਰਹਮ ਗਿਆਨੀ ਪਾਤਸ਼ਾਹ ਨੇ ਬਾਣੀ ਨੂੰ ਸੋਧਣ, ਲਿਖਣ ਤੇ ਸੰਪਾਦਨ ਕਰਨ ਵਿਚ ਕਮਾਲ ਕੀਤਾ। ਸਤਿਗੁਰਾਂ ਨੇ ਗੁਰਬਾਣੀ ਨੂੰ ਬੀੜ ਦਾ ਰੂਪ ਇਸ ਲਈ ਵੀ ਦਿੱਤਾ ਕਿ ਗੁਰਬਾਣੀ ਦਾ ਸਹੀ ਰੂਪ ਕਾਇਮ ਰਹੇ। ਉਸ ਸਮੇਂ ਪ੍ਰਿਥੀ ਚੰਦ ਦਾ ਪੁੱਤਰ ਮਿਹਰਵਾਨ ਵੀ ਨਾਨਕ ਛਾਪ ਹੇਠ ਬਾਣੀ ਰਚ ਕੇ ਸੰਗਤਾਂ ਨੂੰ ਗੁੰਮਰਾਹ ਕਰਨਾ ਚਾਹੁੰਦਾ ਸੀ। ਉਸ ਨੂੰ ਇਹ ਗਿਆਨ ਨਹੀਂ ਸੀ ਕਿ ਬਾਣੀ ਕੋਈ ਕਵਿਤਾ ਨਹੀਂ ਹੈ। ਇਹ ਤਾਂ ਗੁਰੂ ਸਾਹਿਬਾਨ ਤੇ ਭਗਤਾਂ ਦੀ ਪਵਿੱਤਰ ਆਤਮਾ ਦਾ ਪਰਮਾਤਮਾ ਵਿਚ ਲੀਨ ਹੋ ਕੇ ਪ੍ਰਾਪਤ ਕੀਤਾ ਗਿਆਨ ਤੇ ਅਨੁਭਵ ਹੈ। ਪੰਚਮ ਪਾਤਸ਼ਾਹ ਜੀ ਦੀ ਆਪਣੀ ਬਾਣੀ ਮਹਲਾ ਪੰਜਵਾਂ ਦੇ ਸਿਰਲੇਖ ਹੇਠ ਵੱਡੇ ਰੂਪ ਵਿਚ ਮੌਜੂਦ ਸੀ।

ਸਤਿਗੁਰਾਂ ਦੀਆਂ ਵੱਡ ਅਕਾਰੀ ਬਾਣੀਆਂ ਬਾਰਹ ਮਾਹਾ, ਬਾਵਨ ਅੱਖਰੀ ਤੇ ਸੁਖਮਨੀ ਸਾਹਿਬ ਹਨ। ਸੁਖਮਨੀ ਬਾਣੀ ਦੇ ਸਿਰਲੇਖ ਉਪਰ ਤਾਂ ਦੇਸ਼ ਵਿਦੇਸ਼ ਵਿਚ ਬੇਅੰਤ ਸੁਖਮਨੀ ਸੁਸਾਇਟੀਆਂ ਹਨ ਜੋ ਸੰਗਤਾਂ ਨੂੰ ਗੁਰ ਸ਼ਬਦ ਦੀ ਸ਼ਕਤੀ ਤੇ ਗਿਆਨ ਨਾਲ ਜੋੜਦੀਆਂ ਹਨ।

ਪੰਚਮ ਪਾਤਸ਼ਾਹ ਜੀ ਨੇ ਇਸ ਮਹਾਨ ਗ੍ਰੰਥ ਲਈ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਤੋਂ ਲਈ। ਭਾਈ ਗੁਰਦਾਸ ਜੀ ਉਸ ਸਮੇਂ ਚੋਟੀ ਦੇ ਵਿਦਵਾਨ ਸਨ। ਇਹਨਾਂ ਦੀਆਂ ਰਚਨਾਵਾਂ ਜਿਥੇ ਗਿਆਨ ਦਾ ਭੰਡਾਰ ਹਨ ਉਥੇ ਉਹਨਾਂ ਨੂੰ ਗੁਰਬਾਣੀ ਦੀ ਕੁੰਜੀ ਵੀ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਤੀਜੇ ਪਾਤਸ਼ਾਹ ਦੇ ਭਰਾ ਭਾਈ ਈਸ਼ਰ ਦਾਸ ਜੀ ਦੇ ਸਪੁੱਤਰ ਸਨ। ਚੌਥੇ ਪਾਤਸ਼ਾਹ ਜੀ ਨੇ ਭਾਈ ਗੁਰਦਾਸ ਜੀ ਨੂੰ ਦੂਰ-ਦੂਰ ਤੱਕ ਧਰਮ ਪ੍ਰਚਾਰ ਲਈ ਵੀ ਭੇਜਿਆ। ਪ੍ਰਚਾਰ ਦੇ ਖੇਤਰ ਵਿਚ ਵੀ ਭਾਈ ਸਾਹਿਬ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ।

ਸਤਿਗੁਰਾਂ ਨੇ ਸਾਰੀ ਬਾਣੀ ਨੂੰ ਇਕ ਗ੍ਰੰਥ ਵਿਚ ਦਰਜ ਕਰਨ ਲਈ ਸ਼ਹਿਰੋਂ ਬਾਹਰ ਇਕਾਂਤ ਸਥਾਨ ਚੁਣਿਆ। ਜਿਥੇ ਹੁਣ ਗੁਰਦੁਅਰਾ ਤੇ ਸਰੋਵਰ 'ਰਾਮਸਰ' ਹੈ, ਉਥੇ ਇਹ ਮਹਾਨ ਕਾਰਜ 1601 ਈ. ਨੂੰ ਆਰੰਭ ਹੋਇਆ। ਗੁਰੂ ਜੀ ਲਿਖਵਾਉਂਦੇ ਰਹੇ ਤੇ ਭਾਈ ਗੁਰਦਾਸ ਜੀ ਲਿਖਦੇ ਰਹੇ। ਬੀੜ ਤਿਆਰ ਹੋ ਰਹੀ ਸੁਣ ਕੇ ਕੁਝ ਹੋਰ ਭਗਤ ਵੀ ਆਪਣੀ ਰਚਨਾ ਲੈ ਕੇ ਆਏ, ਪਰ ਸਤਿਗੁਰਾਂ ਨੇ ਉਹਨਾਂ ਦੀ ਰਚਨਾ ਗੁਰਮਤਿ ਅਨੁਸਾਰ ਨਾ ਹੋਣ ਕਰ ਕੇ ਦਰਜ ਨਹੀਂ ਕੀਤੀ। ਸ੍ਰੀ ਆਦਿ ਗ੍ਰੰਥ ਵਿਚ ਪਹਿਲਾਂ ਰਾਗਾਂ ਤੋਂ ਮੁਕਤ ਬਾਣੀ ਹੈ। ਫਿਰ ਸਤਿਗੁਰਾਂ ਨੇ 30 ਰਾਗਾਂ ਵਿਚ ਬਾਣੀ ਦਰਜ ਕੀਤੀ। ਪਹਿਲਾ ਰਾਗ ਸ੍ਰੀ ਰਾਗ ਤੇ ਤੀਹਵਾਂ ਪ੍ਰਭਾਤੀ ਰਾਗ ਸੀ। ਗੁਰੂ ਜੀ ਨੇ ਇਹ ਬੀੜ ਤਿਆਰ ਕਰ ਕੇ ਅੰਤ ਵਿਚ ਫ਼ੁਰਮਾਇਆ ਕਿ ਇਹ ਅੰਮ੍ਰਿਤ ਭੋਜਨ ਹੈ, ਜਿਸ ਨੂੰ ਵਰਤਣ ਨਾਲ ਆਤਮਿਕ ਤ੍ਰਿਪਤੀ ਮਿਲੇਗੀ। ਇਹ ਬੀੜ 1604 ਈ. ਨੂੰ ਤਿਆਰ ਹੋਈ। ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਬੀੜ ਦੇ 974 ਪੱਤਰੇ (ਵਰਕੇ) ਸਨ। ਭਾਦਰੋਂ ਸੁਦੀ 1 ਅਨੁਸਾਰ ਮਿਤੀ 30 ਅਗਸਤ 1604 ਈ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਸਨ। ਇਸ ਪਵਿੱਤਰ ਦਿਹਾੜੇ ਦੀ ਯਾਦ ਅੱਜ ਵੀ ਪਹਿਲੇ ਪ੍ਰਕਾਸ਼ ਦਿਵਸ ਵਜੋਂ ਸਿੱਖ ਪੰਥ ਵਿਚ ਮਨਾਈ ਜਾਂਦੀ ਹੈ।

ਜਦ ਪਹਿਲੇ ਦਿਨ ਪ੍ਰਕਾਸ਼ ਹੋਇਆ ਤਾਂ ਹੁਕਮਨਾਮਾ ਇਹ ਆਇਆ ਸੀ :

ਸੂਹੀ ਮਹਲਾ ੫

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥*

(ਪੰਨਾ ੭੮੩)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਭਾਰਤੀ ਜਗਤ ਵਿਚ ਇਕ ਬਹੁਤ ਵੱਡਾ ਸਰਬ ਸਾਂਝੀਵਾਲਤਾ ਦਾ ਸੁਨੇਹਾ ਸੀ। ਇਸ ਵਿਚ ਵੱਖ-ਵੱਖ ਜਾਤਾਂ, ਦੇਸ਼ਾਂ, ਭਾਸ਼ਾਵਾਂ ਵਾਲੇ ਭਗਤਾਂ ਤੇ ਪ੍ਰਭੂ ਪ੍ਰੇਮੀਆਂ ਦੇ ਅਨੁਭਵੀ ਗਿਆਨ ਨੂੰ ਇਕ ਥਾਂ ਇਕੱਤਰ ਕੀਤਾ ਗਿਆ। ਸਭਨਾਂ ਨੇ ਇਕ ਪ੍ਰਭੂ ਦੀ ਭਗਤੀ ਕਰਨ ਤੇ ਪ੍ਰਭੂ ਦੀ ਪਰਜਾ ਨਲ ਪਿਆਰ ਕਰਨ ਦਾ ਉਪਦੇਸ਼ ਦਿੱਤਾ ਹੈ। ਗੁਰਬਾਣੀ ਵਿਚ ਸਭਨਾਂ ਨੂੰ ਰਲ ਮਿਲ ਕੇ ਰਹਿਣ ਤੇ ਸਰਬਤ ਦਾ ਭਲਾ ਮੰਗਣ ਦੀ ਪ੍ਰੇਰਨਾ ਹੈ। ਬਾਅਦ ਵਿਚ ਇਸ ਗ੍ਰੰਥ ਸਾਹਿਬ ਵਿਚ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ ਕੀਤੀ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਕ ਤੇ 31 ਰਾਗ ਹਨ। ਸੰਸਾਰ ਦੇ ਲੋਕ ਇਸ ਧਰਤੀ ਉਪਰ ਆਉਂਦੇ ਜਾਂਦੇ ਰਹਿਣਗੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ ਜੁਗ ਅਟੱਲ ਰਹਿਣਗੇ।

(ਸ) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਸ਼ਹੀਦੀ—

ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਨਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ

ਤਿਆਰ ਹੋਣ ਕਰ ਕੇ ਸਿੱਖ ਧਰਮ ਪੱਕੇ ਰੂਪ ਵਿਚ ਸਥਾਪਤ ਹੋ ਚੁੱਕਾ ਸੀ। ਹੁਣ ਸਿੱਖ ਧਰਮ ਪੁਰਾਤਨ ਧਰਮਾਂ ਤੋਂ ਨਿਆਰੇ ਰੂਪ ਵਿਚ ਆਪਣੀ ਹੋਂਦ ਰੱਖਦਾ ਸੀ ਅਤੇ ਸਿੱਖੀ ਦਾ ਪ੍ਰਭਾਵ ਦੂਰ-ਦੂਰ ਤੱਕ ਫੈਲ ਚੁੱਕਾ ਸੀ।

ਉਧਰ 17 ਅਕਤੂਬਰ 1605 ਈ. ਨੂੰ ਅਕਬਰ ਬਾਦਸ਼ਾਹ ਦੀ ਆਗਰਾ ਵਿਖੇ ਜੀਵਨ ਲੀਲ੍ਹਾ ਖ਼ਤਮ ਹੋ ਗਈ। ਇਸ ਦੇ ਮਨ ਵਿਚ ਗੁਰੂ ਘਰ ਲਈ ਪਿਆਰ ਤੇ ਸਤਿਕਾਰ ਸੀ। ਅਕਬਰ ਤੋਂ ਬਾਅਦ ਉਸ ਦਾ ਪੁੱਤਰ ਸਲੀਮ ਤਖ਼ਤ 'ਤੇ ਬੈਠਾ ਜੋ ਫਿਰ ਜਹਾਂਗੀਰ ਦੇ ਨਾਮ ਨਾਲ ਜਾਣਿਆਂ ਗਿਆ। ਅਕਬਰ ਨੇ 49 ਸਾਲ ਦੇ ਕਰੀਬ ਰਾਜ ਕੀਤਾ ਸੀ। ਅਕਬਰ ਦੇ ਦੋ ਪੁੱਤਰ ਸ਼ਰਾਬ ਦੇ ਨਸ਼ੇ ਵਿਚ ਗ਼ਲਤਾਨ ਹੋ ਕੇ ਮਰ ਚੁੱਕੇ ਸਨ। ਜਹਾਂਗੀਰ ਵੀ ਸ਼ਰਾਬ ਦਾ ਗ਼ੁਲਾਮ ਸੀ। ਇਹ ਕੱਟੜ ਮੁਸਲਮਾਨ ਸੀ ਅਤੇ ਰਾਜ ਗੱਦੀ ਉੱਪਰ ਬੈਠਣ ਸਮੇਂ ਇਸ ਦੀ ਉਮਰ 36 ਸਾਲ ਦੀ ਸੀ। ਜਹਾਂਗੀਰ ਨੂੰ ਰਾਜ ਗੱਦੀ ਤਾਂ ਮਿਲ ਗਈ, ਪਰ ਉਸ ਦੇ ਪੁੱਤਰ ਖ਼ੁਸਰੋ ਨੇ ਬਗਾਵਤ ਕਰ ਦਿੱਤੀ। ਉਹ ਪੰਜਾਬ ਦੀ ਰਾਜਧਾਨੀ ਲਾਹੌਰ ਉਪਰ ਕਬਜ਼ਾ ਕਰਨਾ ਚਾਹੁੰਦਾ ਸੀ। ਜਦ ਉਹ ਪਕੜਿਆ ਗਿਆ ਤਾਂ ਉਸ ਦੀ ਹਮਾਇਤ ਕਰਨ ਵਾਲਿਆਂ ਨੂੰ ਜਹਾਂਗੀਰ ਨੇ ਬਹੁਤ ਸਖ਼ਤ ਸਜ਼ਾਵਾਂ ਦਿੱਤੀਆਂ।

ਹੁਣ ਇਕ ਸਮਾਂ ਆ ਗਿਆ ਕਿ ਗੁਰੂ ਘਰ ਦੇ ਵਿਰੋਧੀਆਂ ਨੇ ਜਹਾਂਗੀਰ ਪਾਸ ਸ਼ਿਕਾਇਤਾਂ ਕੀਤੀਆਂ ਕਿ ਗੁਰੂ ਅਰਜਨ ਦੇਵ ਜੀ ਨੇ ਖ਼ੁਸਰੋ ਦੇ ਮੱਥੇ 'ਤੇ ਤਿਲਕ ਲਾਇਆ ਤੇ ਅਸੀਸ ਦੇ ਕੇ ਹੋਰ ਮਦਦ ਵੀ ਕੀਤੀ। ਵਿਰੋਧੀਆਂ ਨੇ ਇਹ ਵੀ ਕਿਹਾ ਕਿ ਸਿੱਖੀ ਦੇ ਪ੍ਰਚਾਰ ਕਰ ਕੇ ਕਈ ਮੁਸਲਮਾਨ ਵੀ ਦੀਨ ਛੱਡ ਕੇ ਸਿੱਖ ਮੱਤ ਵਿਚ ਆ ਗਏ ਹਨ। ਜਹਾਂਗੀਰ ਕੱਟੜ ਹੋਣ ਕਰ ਕੇ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਨੂੰ ਇਸਲਾਮ ਵਿਰੁਧ ਸਮਝਦਾ ਸੀ। ਉਂਞ ਅਸਲੀਅਤ ਇਹ ਸੀ ਕਿ ਸਿੱਖ ਧਰਮ ਸਰਬ ਸਾਂਝੀਵਾਲਤਾ ਤੇ ਆਪਸੀ ਪਿਆਰ ਦਾ ਪ੍ਰਚਾਰ ਕਰਦਾ ਸੀ। ਇਸੇ ਲਈ ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਮੁਸਲਮਾਨ ਪਾਸੋਂ ਰਖਵਾਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਜਾਤਾਂ ਤੇ ਸੂਬਿਆਂ ਦੇ ਭਗਤਾਂ ਦੀ ਬਾਣੀ ਦਰਜ ਕੀਤੀ ਸੀ। ਸਿੱਖ ਧਰਮ ਦੀ ਇਹੋ ਵਡਿਆਈ ਹੈ ਕਿ ਸਭ ਧਰਮਾਂ ਦੇ ਲੋਕਾਂ ਨੂੰ ਰਲ ਮਿਲ ਕੇ ਰਹਿਣ ਦਾ ਉਪਦੇਸ਼ ਦਿੰਦਾ ਹੈ।

ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਤਾਂ ਇਹ ਸੀ ਜੋ ਜਹਾਂਗੀਰ ਨੇ ਆਪਣੀ ਡਾਇਰੀ 'ਤੁਜ਼ਕ-ਏ ਜਹਾਂਗੀਰੀ' ਵਿਚ ਸਤਿਗੁਰਾਂ ਦੀ ਸ਼ਹੀਦੀ ਤੋਂ ਵੀਹ ਕੁ ਦਿਨ ਬਾਅਦ ਲਿਖਿਆ ਹੈ। ਉਹ ਲਿਖਦਾ ਹੈ—"ਬਿਆਸ ਦਰਿਆ ਕੰਢੇ ਗੋਇੰਦਵਾਲ ਨਗਰ ਵਿਚ ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਦਾ ਹਿੰਦੂ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਧਰਮ ਕਰਮ ਦਾ ਸ਼ਰਧਾਲੂ ਬਣਾ ਲਿਆ। ਚਿਰਾਂ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆ ਰਿਹਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰ ਦਿਆਂ ਜਾਂ ਉਸ ਨੂੰ ਇਸਲਾਮ ਵਿਚ ਲੈ ਆਵਾਂ।"

ਇਤਿਹਾਸ ਦੇ ਨਜ਼ਰੀਏ ਤੋਂ ਪੰਚਮ ਪਾਤਸ਼ਾਹ ਦੀ ਸ਼ਹੀਦੀ ਵਿਚ ਚੰਦੂ ਦੀ

ਦੁਸ਼ਮਣੀ, ਪ੍ਰਿਥੀ ਚੰਦ ਦੀ ਈਰਖਾ, ਨਕਸ਼ ਬੰਦੀਆਂ ਦੀ ਕੱਟੜਤਾ, ਖੁਸਰੋ ਦੀ ਬਗਾਵਤ ਅਤੇ ਹੋਰ ਗੁਰੂ ਘਰ ਦੇ ਵਿਰੋਧੀਆਂ ਦੀਆਂ ਸ਼ਿਕਾਇਤਾਂ ਆਦਿ ਵੀ ਭਾਵੇਂ ਛੋਟੇ ਮੋਟੇ ਕਾਰਨ ਸਨ। ਪਰ ਸਤਿਗੁਰਾਂ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਜਹਾਂਗੀਰ ਦੀ ਕੱਟੜ ਨੀਤੀ ਸੀ, ਕਿਉਂਕਿ ਪੰਚਮ ਪਾਤਸ਼ਾਹ ਜੀ ਦੀ ਅਗਵਾਈ ਹੇਠ ਸਿੱਖ ਧਰਮ ਵੱਡੀ ਤਾਕਤ ਪਕੜ ਰਿਹਾ ਸੀ ਅਤੇ ਗੁਰੂ ਜੀ ਨੂੰ ਸੰਗਤਾਂ ਸੱਚਾ ਪਾਤਸ਼ਾਹ ਕਹਿੰਦੀਆਂ ਸਨ।

ਜਹਾਂਗੀਰ ਨੇ ਤਖ਼ਤ 'ਤੇ ਬੈਠਣ ਤੋਂ ਸੱਤ ਕੁ ਮਹੀਨਿਆਂ ਬਾਅਦ ਹੀ 15 ਮਈ 1606 ਈ. ਨੂੰ ਪੰਚਮ ਪਾਤਸ਼ਾਹ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਇਧਰ ਗੁਰੂ ਜੀ ਸ਼ਹੀਦੀ ਲਈ ਲਾਹੌਰ ਜਾਣ ਲੱਗੇ ਬਚਨ ਕਰ ਗਏ ਸਨ ਕਿ ਸਾਡੇ ਤੋਂ ਬਾਅਦ ਸ੍ਰੀ ਹਰਿਗੋਬਿੰਦ ਜੀ ਨੂੰ ਗੁਰਿਆਈ ਦੇਣ ਦੀ ਰਸਮ ਨਿਭਾ ਦਿੱਤੀ ਜਾਵੇ। ਗੁਰੂ ਜੀ ਨੂੰ ਬੇਹੱਦ ਤਸੀਹੇ ਦੇਣ ਤੇ ਸ਼ਹੀਦ ਕਰਨ ਦਾ ਕੰਮ ਚੰਦੂ ਸ਼ਾਹ ਨੇ ਆਪਣੇ ਹੱਥ ਲੈ ਲਿਆ।

ਜੇਠ ਦਾ ਮਹੀਨਾ ਅੱਤ ਦੀ ਗਰਮੀ ਸੀ। ਸਤਿਗੁਰਾਂ ਨੂੰ ਪਹਿਲੇ ਦਿਨ ਅੰਨ ਪਾਣੀ ਕੁਝ ਵੀ ਨਾ ਦਿੱਤਾ। ਪ੍ਰਭੂ ਨਾਮ ਦੇ ਆਸਰੇ ਜੀਣ ਵਾਲੇ ਸਤਿਗੁਰੂ ਪ੍ਰਭੂ ਦੀ ਬੰਦਗੀ ਵਿਚ ਮਗਨ ਰਹੇ। ਦੂਜੇ ਦਿਨ ਗੁਰੂ ਜੀ ਨੂੰ ਸੜਦੇ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਇਆ ਗਿਆ। ਉਬਲਦੇ ਪਾਣੀ ਨਾਲ ਗੁਰੂ ਜੀ ਦਾ ਸਰੀਰ ਛਾਲਿਆਂ ਨਾਲ ਭਰ ਗਿਆ। ਫਿਰ ਸਤਿਗੁਰਾਂ ਦੇ ਨੰਗੇ ਪਿੰਡੇ ਉਪਰ ਸੜਦੀ ਸੜਦੀ ਤੱਤੀ ਰੇਤ ਪਾਈ ਗਈ। ਅਗਲੇ ਦਿਨ ਸਤਿਗੁਰਾਂ ਨੂੰ ਤਪਦੀ ਲੋਹ ਉਤੇ ਬਿਠਾਇਆ ਗਿਆ। ਗੁਰੂ ਜੀ ਦਾ ਸਾਰਾ ਹੀ ਸਰੀਰ ਏਨੇ ਤਸੀਹੇ ਸਹਿ ਕੇ ਛਲਣੀ ਛਲਣੀ ਹੋ ਗਿਆ। ਸਤਿਗੁਰਾਂ ਨੇ ਵਾਹਿਗੁਰੂ ਦਾ ਭਾਣਾ ਮੰਨਿਆਂ ਅਤੇ ''ਤੇਰਾ ਕੀਆ ਮੀਠਾ ਲਾਗੈ'' ਉਚਾਰਦੇ ਹੋਏ ਪ੍ਰਭੂ ਦੀ ਯਾਦ ਵਿਚ ਜੁੜੇ ਰਹੇ। ਫਿਰ ਜ਼ਾਲਮਾਂ ਨੇ ਗੁਰੂ ਜੀ ਦੇ ਜਲੇ ਹੋਏ ਸਰੀਰ ਨੂੰ ਹੋਰ ਤਸੀਹੇ ਦੇਣ ਲਈ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਉਦੇਸ਼ ਪੂਰਾ ਹੋ ਚੁੱਕਾ ਸੀ। ਅੰਤ ਜਪੁਜੀ ਦਾ ਪਾਠ ਸੰਪੂਰਨ ਕਰ ਕੇ ਬ੍ਰਹਮ ਗਿਆਨ ਦੀ ਮੂਰਤ, ਸ਼ਾਂਤੀ ਦੇ ਪੁੰਜ ਸਤਿਗੁਰੂ 30 ਮਈ 1606 ਈ. ਨੂੰ ਸਰੀਰਕ ਤੌਰ 'ਤੇ ਰਾਵੀ ਵਿਚ ਅਤੇ ਆਤਮਿਕ ਤੌਰ 'ਤੇ ਪਰਮਾਤਮਾ ਵਿਚ ਲੀਨ ਹੋ ਗਏ। ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਵੀ ਕਿਹਾ ਜਾਂਦਾ ਹੈ ਕਿਉਂਕਿ ਸਿੱਖ ਧਰਮ ਵਿਚ ਆਪ ਪਹਿਲੇ ਸ਼ਹੀਦ ਹਨ। ਜਿਥੇ ਗੁਰੂ ਜੀ ਦੇ ਸਰੀਰ ਨੂੰ ਰਾਵੀ ਵਿਚ ਰੋੜ੍ਹਿਆ ਗਿਆ ਉਥੇ ਗੁਰਦੁਆਰਾ ਡੇਹਰਾ ਸਾਹਿਬ ਬਣਿਆਂ। ਇਹ ਸਥਾਨ ਹੁਣ ਪਾਕਿਸਤਾਨ ਵਿਚ ਹੈ। ਕਿਸੇ ਸ਼ਾਇਰ ਨੇ ਗੁਰੂ ਜੀ ਦੀ ਮਹਾਨ ਕੁਰਬਾਨੀ ਬਾਰੇ ਲਿਖਿਆ ਹੈ :

*'ਦੇਖ ਕੁਰਬਾਨੀ ਕੁਰਬਾਨੀ ਕੁਰਬਾਨ ਹੋਤ,*
*ਜਾਈਐ ਕੁਰਬਾਨ ਐਸੀ ਗੁਰ ਕੁਰਬਾਨੀ ਕੌ'*

ਅਭਿਆਸ ਲਈ ਵੱਡੇ ਪ੍ਰਸ਼ਨ—

ਪ੍ਰਸ਼ਨ (ੳ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਤੇ ਗੁਰਤਾ ਗੱਦੀ ਸੰਬੰਧੀ ਚਾਨਣਾ ਪਾਓ ?

ਪ੍ਰਸ਼ਨ (ਅ) ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਤੇ ਸਿੱਖੀ ਦੇ ਪ੍ਰਚਾਰ ਲਈ ਕੀਤੇ ਕਾਰਜਾਂ ਬਾਰੇ ਲਿਖੋ ?

ਪ੍ਰਸ਼ਨ (ੲ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਦਾ ਇਤਿਹਾਸ ਲਿਖੋ ?

ਪ੍ਰਸ਼ਨ (ਸ) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਸ਼ਹੀਦੀ ਦਾ ਇਤਿਹਾਸ ਵਰਣਨ ਕਰੋ ?

ਸੰਖੇਪ ਉੱਤਰ ਵਾਲੇ ਪ੍ਰਸ਼ਨ —

ਪ੍ਰਸ਼ਨ 1 : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਕਦੋਂ ਤੇ ਕਿਥੇ ਹੋਇਆ ?

ਉੱਤਰ : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ 15 ਅਪ੍ਰੈਲ 1563 ਈ. ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੋਇਆ।

ਪ੍ਰਸ਼ਨ 2 : ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?

ਉੱਤਰ : ਗੁਰੂ ਜੀ ਦੇ ਮਾਤਾ ਦਾ ਨਾਮ ਬੀਬੀ ਭਾਨੀ ਜੀ ਅਤੇ ਪਿਤਾ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਸਨ।

ਪ੍ਰਸ਼ਨ 3 : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨਾਲ ਕੀ ਰਿਸ਼ਤਾ ਸੀ ?

ਉੱਤਰ : ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਨਾ ਜੀ ਲੱਗਦੇ ਸਨ।

ਪ੍ਰਸ਼ਨ 4 : ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਲ ਅਵਸਥਾ ਵਿਚ ਤੀਜੇ ਪਾਤਸ਼ਾਹ ਜੀ ਨੇ ਪਿਆਰ ਨਾਲ ਕੀ ਅਸੀਸ ਦਿੱਤੀ ?

ਉੱਤਰ : ਤੀਜੇ ਪਾਤਸ਼ਾਹ ਜੀ ਨੇ ਪਿਆਰ ਨਾਲ ਅਸੀਸ ਦਿੰਦਿਆਂ ਕਿਹਾ, "ਦੋਹਿਤਾ ਬਾਣੀ ਕਾ ਬੋਹਿਥਾ"।

ਪ੍ਰਸ਼ਨ 5 : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਪਨ ਕਿੱਥੇ ਬੀਤਿਆ ?

ਉੱਤਰ : ਗੁਰੂ ਜੀ ਨੇ ਬਚਪਨ ਦੇ ਗਿਆਰਾਂ ਸਾਲ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੀ ਬਿਤਾਏ।

ਪ੍ਰਸ਼ਨ 6 : ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਕਦੋਂ ਤੇ ਕਿੱਥੇ ਹੋਈ ?

ਉੱਤਰ : ਗੁਰੂ ਜੀ ਦੀ ਸ਼ਾਦੀ ਸੋਲਾਂ ਸਾਲ ਦੀ ਉਮਰ ਵਿਚ 1579 ਈ. ਨੂੰ ਪਿੰਡ ਮਉ, ਜ਼ਿਲ੍ਹਾ ਜਲੰਧਰ ਦੇ ਵਾਸੀ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਬੀਬੀ ਗੰਗਾ ਦੇਵੀ ਜੀ ਨਾਲ ਹੋਈ।

ਪ੍ਰਸ਼ਨ 7 : ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਕਦੋਂ ਮਿਲੀ ?

ਉੱਤਰ : ਚੌਥੇ ਪਾਤਸ਼ਾਹ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਮਿਤੀ 2 ਸਤੰਬਰ 1581 ਈ. ਨੂੰ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

ਪ੍ਰਸ਼ਨ 8 : ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਤਾਨ ਬਾਰੇ ਤੁਸੀਂ ਕੀ ਜਾਣਦੇ ਹੋ ?

ਉੱਤਰ : ਸਤਿਗੁਰਾਂ ਦੇ ਗ੍ਰਿਹ ਵਿਖੇ ਜੂਨ 1595 ਈ. ਨੂੰ ਸਪੁੱਤਰ ਸ੍ਰੀ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ।

ਪ੍ਰਸ਼ਨ 9 : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਛੇ ਹਰਟਾਂ ਵਾਲਾ ਖੂਹ ਕਿਸ ਖ਼ੁਸ਼ੀ ਵਿਚ ਕਿਹੜੀ ਲੋੜ ਨੂੰ ਮੁੱਖ ਰੱਖ ਕੇ ਲਗਵਾਇਆ ?

ਉੱਤਰ : ਗੁਰੂ ਜੀ ਨੇ ਆਪਣੇ ਸਪੁੱਤਰ ਦੇ ਜਨਮ ਦੀ ਖ਼ੁਸ਼ੀ ਵਿਚ ਲੋਕਾਂ ਦੀ ਪਾਣੀ ਦੀ ਲੋੜ ਨੂੰ ਮੁੱਖ ਰੱਖ ਛੇ ਹਰਟਾਂ ਵਾਲਾ ਖੂਹ ਲਗਵਾਇਆ ਜੋ ਹੁਣ ਕਸਬਾ ਛੇਹਰਟਾ ਸਾਹਿਬ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ।

ਪ੍ਰਸ਼ਨ 10 : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਦਾ ਕਾਰਜ ਕਦੋਂ ਮੁਕੰਮਲ ਕੀਤਾ ?

ਉੱਤਰ : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੌਥੇ ਪਾਤਸ਼ਾਹ ਜੀ ਵੱਲੋਂ ਆਰੰਭ ਕੀਤੇ ਇਸ ਕਾਰਜ ਨੂੰ 1588 ਈ. ਵਿਚ ਮੁਕੰਮਲ ਕੀਤਾ।

ਪ੍ਰਸ਼ਨ 11 : ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਕਦੋਂ ਸੰਪੂਰਨ ਹੋਈ ਤੇ ਪੰਚਮ ਪਾਤਸ਼ਾਹ ਜੀ ਨੇ ਕੀ ਫ਼ੁਰਮਾਇਆ ?

ਉੱਤਰ : ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ 1601 ਈ. ਵਿਚ ਸੰਪੂਰਨ ਹੋਈ ਅਤੇ ਪੰਚਮ ਪਾਤਸ਼ਾਹ ਜੀ ਨੇ ਇਸ ਦੀ ਮਹਿਮਾ ਕਰਦਿਆਂ ਫੁਰਮਾਇਆ, ''ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।''

ਪ੍ਰਸ਼ਨ 12 : 'ਹਰਿਮੰਦਰ' ਸ਼ਬਦ ਗੁਰਬਾਣੀ ਵਿਚ ਕਿੰਨੀ ਵਾਰ ਆਉਂਦਾ ਹੈ ?

ਉੱਤਰ : ਹਰਿਮੰਦਰ ਸ਼ਬਦ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਿਲਦਾ ਹੈ। ਤੀਜੇ ਪਾਤਸ਼ਾਹ ਜੀ ਦੀ ਬਾਣੀ ਵਿਚ ਪੰਦਰਾਂ ਵਾਰ, ਚੌਥੇ ਪਾਤਸ਼ਾਹ ਜੀ ਦੀ ਬਾਣੀ ਵਿਚ ਦੋ ਵਾਰ ਅਤੇ ਪੰਚਮ ਪਾਤਸ਼ਾਹ ਜੀ ਦੀ ਬਾਣੀ ਵਿਚ ਤਿੰਨ ਵਾਰੀ ਹਰਿਮੰਦਰ ਸ਼ਬਦ ਆਇਆ ਹੈ।

ਪ੍ਰਸ਼ਨ 13 : ਜਦੋਂ ਪੰਚਮ ਪਾਤਸ਼ਾਹ ਜੀ ਦੇ ਸਪੁੱਤਰ 'ਤੇ ਚੇਚਕ ਰੋਗ ਨੇ ਹਮਲਾ ਕੀਤਾ ਤਾਂ ਉਹਨਾਂ ਸੰਗਤਾਂ ਨੂੰ ਕੀ ਉਪਦੇਸ਼ ਕੀਤਾ ?

ਉੱਤਰ : ਸਤਿਗੁਰਾਂ ਨੇ ਕਿਸੇ ਦੇਵੀ ਦੇਵਤੇ ਨੂੰ ਨਹੀਂ ਧਿਆਇਆ ਸਗੋਂ ਗੁਰਬਾਣੀ ਪੜ੍ਹਨ ਦਾ ਉਪਦੇਸ਼ ਕੀਤਾ।

ਪ੍ਰਸ਼ਨ 14 : ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਤਿੰਨ ਵਿਸ਼ੇਸ਼ ਬਾਣੀਆਂ ਦੇ ਨਾਮ ਦੱਸੋ।

ਉੱਤਰ : ਸਤਿਗੁਰਾਂ ਦੀਆਂ ਤਿੰਨ ਵਿਸ਼ੇਸ਼ ਬਾਣੀਆਂ—ਬਾਰਹ ਮਾਹਾ, ਬਾਵਨ ਅੱਖਰੀ ਤੇ ਸੁਖਮਨੀ ਸਾਹਿਬ। ਸੁਖਮਨੀ ਬਾਣੀ ਦੇ ਸਿਰਲੇਖ ਉਪਰ ਤਾਂ ਦੇਸ਼ ਵਿਦੇਸ਼ ਵਿਚ ਬੇਅੰਤ ਸਭਾ ਸੁਸਾਇਟੀਆਂ ਬਣੀਆਂ ਹਨ।

ਪ੍ਰਸ਼ਨ 15 : ਭਾਈ ਗੁਰਦਾਸ ਜੀ ਕੌਣ ਸਨ ਅਤੇ ਉਹਨਾਂ ਨੇ ਪੰਚਮ ਪਾਤਸ਼ਾਹ ਜੀ ਨਾਲ ਕਿਹੜੀ ਸੇਵਾ ਨਿਭਾਈ ?

ਉੱਤਰ : ਭਾਈ ਗੁਰਦਾਸ ਜੀ ਤੀਜੇ ਪਾਤਸ਼ਾਹ ਦੇ ਭਰਾ ਈਸ਼ਰ ਦਾਸ ਦੇ ਸਪੁੱਤਰ ਸਨ ਤੇ ਚੋਟੀ ਦੇ ਵਿਦਵਾਨ ਸਨ। ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਈ ਤਾਂ ਪੰਚਮ ਪਾਤਸ਼ਾਹ ਜੀ ਬਾਣੀ ਲਿਖਵਾਉਂਦੇ ਸਨ ਤੇ ਭਾਈ ਗੁਰਦਾਸ ਜੀ ਨੇ ਗੁਰਬਾਣੀ ਲਿਖਣ ਦੀ ਸੇਵਾ ਨਿਭਾਈ।

ਪ੍ਰਸ਼ਨ 16 : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੰਪਾਦਨਾ ਕਦੋਂ ਤੇ ਕਿੱਥੇ ਹੋਈ ?

ਉੱਤਰ : ਜਿੱਥੇ ਹੁਣ ਗੁਰਦੁਆਰਾ ਤੇ ਸਰੋਵਰ ਰਾਮਸਰ ਹੈ, ਉਥੇ ਇਹ ਮਹਾਨ ਕਾਰਜ 1601 ਈ. ਨੂੰ ਅੰਮ੍ਰਿਤਸਰ ਵਿਖੇ ਆਰੰਭ ਹੋਇਆ ਅਤੇ 1604 ਈ. ਨੂੰ ਇਹ ਕਾਰਜ ਸੰਪੂਰਨ ਹੋਇਆ।

ਪ੍ਰਸ਼ਨ 17 : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਦੋਂ ਹੋਇਆ ਅਤੇ ਪਹਿਲੇ ਮੁੱਖ ਗ੍ਰੰਥੀ ਕੌਣ ਸਨ ?

ਉੱਤਰ : ਭਾਦਰੋਂ ਸੁਦੀ 1 ਅਨੁਸਾਰ ਮਿਤੀ 30 ਅਗਸਤ 1604 ਈ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਸਨ।

ਪ੍ਰਸ਼ਨ 18 : ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਖ ਕਾਰਨ ਕਿਹੜਾ ਸੀ ?

ਉੱਤਰ : ਸਤਿਗੁਰਾਂ ਦੀ ਸ਼ਹੀਦੀ ਦਾ ਮੁੱਖ ਕਾਰਨ ਜਹਾਂਗੀਰ ਦੀ ਧਾਰਮਿਕ ਕੱਟੜਤਾ ਸੀ। ਉਹ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਨੂੰ ਦੇਖ ਕੇ ਜਰ ਨਹੀਂ ਸਕਿਆ।

ਪ੍ਰਸ਼ਨ 19 : ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਦੋਂ ਤੇ ਕਿੱਥੇ ਸ਼ਹੀਦ ਕੀਤਾ ਗਿਆ ?

ਉੱਤਰ : ਗੁਰੂ ਜੀ ਨੂੰ ਮਈ 1606 ਈ. ਨੂੰ ਲਾਹੌਰ ਵਿਖੇ ਬਹੁਤ ਹੀ ਸਖ਼ਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸਿੱਖ ਧਰਮ ਵਿਚ ਇਹ ਪਹਿਲੀ ਸ਼ਹਾਦਤ ਸੀ। ਇਸ ਲਈ ਗੁਰੂ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਵੀ ਕਿਹਾ ਜਾਂਦਾ ਹੈ।

ਪ੍ਰਸ਼ਨ 20 : ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਪਰਉਪਕਰ ਤਿੰਨ-ਚਾਰ ਪੰਕਤੀਆਂ ਵਿਚ ਲਿਖੋ ?

ਉੱਤਰ : ਗੁਰੂ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾਈ। ਕੁਝ ਸਰੋਵਰ ਬਣਵਾਏ ਅਤੇ ਤਰਨ ਤਾਰਨ, ਕਰਤਾਰਪੁਰ, ਹਰਿਗੋਬਿੰਦਪੁਰ ਆਦਿ ਨਗਰ ਵਸਾਏ। ਬਉਲੀ ਸਾਹਿਬ ਲਾਹੌਰ ਤੇ ਛੇਹਰਟਾ ਸਾਹਿਬ ਖੂਹ ਬਣਵਾਏ। ਧਰਮ ਦੇ ਕਾਰਜਾਂ ਤੇ ਲੋੜਵੰਦਾਂ ਦੀ ਸਹਾਇਤਾ ਲਈ ਦਸਵੰਧ ਦੀ ਮਰਯਾਦਾ ਬੰਨ੍ਹੀ। ਅੰਤ ਸ਼ਹੀਦੀ ਪਾ ਕੇ ਸੰਸਾਰ ਨੂੰ ਧਰਮ ਨਿਭਾਉਣ ਦੀ ਜਾਚ ਦੱਸੀ।

☆☆☆

# ਗੁਰਬਾਣੀ

ਨੋਟ :- ਜਪੁਜੀ, ਰਹਰਾਸਿ ਤੇ ਸੋਹਿਲਾ ਬਾਣੀ ਵਿਚੋਂ ਸੰਖੇਪ ਪ੍ਰਸ਼ਨਾਂ ਦੇ ਉੱਤਰ ਧਾਰਮਿਕ ਪ੍ਰੀਖਿਆ ਵਿਚ ਆਉਣਗੇ। ਇਹ ਗੁਰ ਇਹਿਤਾਸ ਤੇ ਗੁਰਬਾਣੀ ਵਿਚੋਂ 10 ਨੰਬਰ ਦੇ ਹੋਣਗੇ। ਗੁਰ-ਇਤਿਹਾਸ ਦੇ ਸੰਖੇਪ ਪ੍ਰਸ਼ਨ ਤੁਸੀਂ ਪਿੱਛੇ ਪੜ੍ਹ ਆਏ ਹੋ ਤੇ ਗੁਰਬਾਣੀ ਦੇ ਇਸ ਪ੍ਰਕਾਰ ਹੋਣਗੇ :

ਪ੍ਰਸ਼ਨ 1 : 'ਜਪੁ' ਜੀ ਬਾਣੀ ਕਿਸ ਗੁਰੂ ਸਾਹਿਬ ਜੀ ਦੀ ਰਚਨਾ ਹੈ ?

ਉੱਤਰ : ਇਹ ਬਾਣੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਵਿਚ ਇਸ ਦਾ ਨਾਮ 'ਜਪੁ' ਹੀ ਹੈ, ਪਰ ਅਸੀਂ ਸਤਿਕਾਰ ਨਾਲ 'ਜਪੁ ਜੀ' ਸਾਹਿਬ ਕਹਿੰਦੇ ਹਾਂ।

ਪ੍ਰਸ਼ਨ 2 : 'ਜਪੁ' ਦਾ ਕੀ ਭਾਵ ਹੈ ?

ਉੱਤਰ : ਜਪੁ ਦਾ ਅਰਥ ਹੈ ਸਿਮਰਨ, ਬੰਦਗੀ ਜਾਂ ਭਜਨ। ਭਾਵ ਇਕ ਪ੍ਰਭੂ ਦਾ ਨਾਮ ਜਪੋ।

ਪ੍ਰਸ਼ਨ 3 : 'ਜਪੁ' ਬਾਣੀ ਕਿਸ ਰਾਗ ਵਿਚ ਹੈ ?

ਉੱਤਰ : ਇਹ ਰਾਗ ਮੁਕਤ ਬਾਣੀ ਹੈ, ਭਾਵ ਕਿਸੇ ਰਾਗ ਵਿਚ ਨਹੀਂ ਹੈ।

ਪ੍ਰਸ਼ਨ 4 : 'ਜਪੁ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੱਥੇ ਦਰਜ ਹੈ ?

ਉੱਤਰ : ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਪੰਨਾ 1 ਤੋਂ 8 ਤੱਕ ਦਰਜ ਹੈ।

ਪ੍ਰਸ਼ਨ 5 : 'ਜਪੁ' ਬਾਣੀ ਦੀ ਸ਼ੁਰੂਆਤ ਤੋਂ ਪਹਿਲਾਂ ਆਉਂਦੀ ਬਾਣੀ ਦਾ ਕੀ ਨਾਮ ਹੈ ?

ਉੱਤਰ : ਇਸ ਨੂੰ ਮੂਲ ਮੰਤਰ ਕਿਹਾ ਜਾਂਦਾ ਹੈ, ਜੋ ੧ੴ ਤੋਂ ਗੁਰ ਪ੍ਰਸਾਦਿ ਤੱਕ ਹੈ।

ਪ੍ਰਸ਼ਨ 6 : 'ਜਪੁ' ਬਾਣੀ ਵਿਚ ਕਿੰਨੇ ਸਲੋਕ ਤੇ ਕਿੰਨੀਆਂ ਪਉੜੀਆਂ ਹਨ ?

ਉੱਤਰ : 'ਜਪੁ' ਬਾਣੀ ਵਿਚ 2 ਸਲੋਕ ਤੇ 38 ਪਉੜੀਆਂ ਹਨ।

ਪ੍ਰਸ਼ਨ 7 : 'ਜਪੁ' ਬਾਣੀ ਵਿਚ ਪਹਿਲਾ ਸਲੋਕ ਕਿਹੜਾ ਹੈ ?

ਉੱਤਰ : ਪਹਿਲਾ ਸਲੋਕ, ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਹੈ। ਇਸ ਦਾ ਭਾਵ ਹੈ ਅਕਾਲ ਪੁਰਖ ਅਰੰਭ ਤੋਂ ਹੀ ਸੱਚਾ ਹੈ, ਜੁਗਾਂ ਦੇ ਮੁੱਢ ਤੋਂ ਹੀ ਸੱਚਾ ਹੈ, ਹੁਣ ਭੀ ਤੇ ਅੱਗੋਂ ਵੀ ਸਦਾ ਸੱਚ ਹੀ ਰਹੇਗਾ।

ਪ੍ਰਸ਼ਨ 8 : 'ਜਪੁ' ਬਾਣੀ ਵਿਚ ਦੂਜਾ ਸਲੋਕ ਕਿਹੜਾ ਹੈ ?

ਉੱਤਰ : ਦੂਜਾ ਸਲੋਕ ਜਪੁ ਬਾਣੀ ਦੇ ਅੰਤ ਵਿਚ ''ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ'' ਹੈ ਜੋ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ'' ਤੱਕ ਸੰਪੂਰਨ ਹੁੰਦਾ ਹੈ।

ਪ੍ਰਸ਼ਨ 9 : 'ਜਪੁ' ਬਾਣੀ ਦੀ ਪਹਿਲੀ ਪਉੜੀ ਕਿਥੋਂ ਅਰੰਭ ਹੁੰਦੀ ਹੈ ?

ਉੱਤਰ : ''ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ'' ਤੋਂ ਪਹਿਲੀ ਪਉੜੀ ਆਰੰਭ ਹੁੰਦੀ ਹੈ।

ਪ੍ਰਸ਼ਨ 10 : 'ਜਪੁ' ਬਾਣੀ ਵਿਚ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਦਾ ਉੱਤਰ ਕੀ ਹੈ ?

ਉੱਤਰ : ''ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'' ਭਾਵ ਪ੍ਰਭੂ ਦੇ ਹੁਕਮ ਵਿਚ ਰਹਿਣਾ।

ਪ੍ਰਸ਼ਨ 11 : 'ਜਪੁ' ਬਾਣੀ ਵਿਚ ਪ੍ਰਭੂ ਦੇ ਨਾਮ ਸਿਮਰਨ ਦਾ ਚੰਗਾ ਸਮਾਂ ਕਿਹੜਾ ਦੱਸਿਆ ਹੈ ?

ਉੱਤਰ : ''ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ'' ਹੈ।

ਪ੍ਰਸ਼ਨ 12 : 'ਜਪੁ' ਬਾਣੀ ਵਿਚ ਗੁਰੂ ਜੀ ਨੇ ਕਿਹੜੀ ਵੱਡੀ ਦਾਤ ਮੰਗੀ ਹੈ ?

ਉੱਤਰ : ''ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ''।

ਪ੍ਰਸ਼ਨ 13 : 'ਜਪੁ' ਬਾਣੀ ਅਨੁਸਾਰ ਅਕਾਲ ਪੁਰਖ ਦੀ ਭਾਖਿਆ (ਬੋਲੀ) ਕੀ ਹੈ ?

ਉੱਤਰ : ਅਕਾਲ ਪੁਰਖ ਦੀ ਭਾਖਿਆ ਪ੍ਰੇਮ ਹੈ।

ਪ੍ਰਸ਼ਨ 14 : ਕੀ ਪਰਮਾਤਮਾ ਨੂੰ ਪੈਦਾ ਕੀਤਾ ਜਾਂ ਬਣਾਇਆ ਜਾ ਸਕਦਾ ਹੈ ?

ਉੱਤਰ : ਨਹੀਂ, ਪਰਮਾਤਮਾ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੈ। ਮੂਲ ਮੰਤਰ ਵਿਚ 'ਸੈਭੰ' ਦਾ ਇਹੋ ਅਰਥ ਹੈ।

~~~~~~~~~~~~~~~~~~~~
~~~~~~~~~~~~~~~~~~~~

ਪ੍ਰਸ਼ਨ 15 : ਸਾਡੇ ਅੰਦਰ ਪਰਮਾਤਮਾ ਦੇ ਗੁਣ ਕਿਵੇਂ ਪੈਦਾ ਹੋ ਸਕਦੇ ਹਨ ?

ਉੱਤਰ : *''ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ''* ਭਾਵ ਜੇ ਉਸ ਵਾਹਿਗੁਰੂ ਦੀ ਇਕ ਸਿੱਖਿਆ ਨੂੰ ਸੁਣ ਲਈਏ ਤਾਂ ਮੱਤ ਵਿਚ ਕੀਮਤੀ ਗੁਣ ਉਪਜ ਪੈਂਦੇ ਹਨ।

ਪ੍ਰਸ਼ਨ 16 : 'ਜਪੁ' ਬਾਣੀ ਅਨੁਸਾਰ ਧਰਤੀ ਨੂੰ ਕਿਹੜੇ ਧੌਲ ਬਲਦ ਨੇ ਚੁੱਕਿਆ ਹੋਇਆ ਹੈ ?

ਉੱਤਰ : 'ਜਪੁ' ਬਾਣੀ ਅਨੁਸਾਰ ਧੌਲ ਧਰਮ ਹੈ ਤੇ ਧਰਤੀ ਨੂੰ ਧਰਮ ਰੂਪੀ ਬਲਦ ਨੇ ਚੁੱਕਿਆ ਹੋਇਆ ਅਤੇ ਇਹ ਬੱਝਵਾਂ ਨਿਯਮ ਹੀ ਸੰਸਾਰ ਨੂੰ ਚਲਾ ਰਿਹਾ ਹੈ।

ਪ੍ਰਸ਼ਨ 17 : 'ਜਪੁ' ਬਾਣੀ ਅਨੁਸਾਰ ਧਰਮ ਕਿਸ ਦਾ ਪੁੱਤਰ ਹੈ ਅਤੇ ਧਰਮ ਦਾ ਪੁੱਤਰ ਕੌਣ ਹੈ ?

ਉੱਤਰ : 'ਜਪੁ' ਬਾਣੀ ਅਨੁਸਾਰ 'ਧਰਮ' ਦਇਆ ਦਾ ਪੁੱਤਰ ਹੈ ਤੇ ਧਰਮ ਤੋਂ ਸੰਤੋਖ ਦਾ ਜਨਮ ਹੁੰਦਾ ਹੈ। *'ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥*

ਪ੍ਰਸ਼ਨ 18 : 'ਜਪੁ' ਬਾਣੀ ਅਨੁਸਾਰ ਸਾਡੀ ਬੁੱਧੀ ਮਲੀਨ ਕਿਵੇਂ ਹੁੰਦੀ ਹੈ ਅਤੇ ਕਿਵੇਂ ਧੋਤੀ ਜਾ ਸਕਦੀ ਹੈ ?

ਉੱਤਰ : *''ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥''* ਭਾਵ ਉਸ ਪ੍ਰਭੂ ਦਾ ਨਾਮ ਜਪਣ ਨਾਲ ਪਾਪਾਂ ਨਾਲ ਮੈਲੀ ਬੁੱਧੀ ਧੋਤੀ ਜਾ ਸਕਦੀ ਹੈ ਤੇ ਅਸੀਂ ਚੰਗੀ ਜੀਵਨ ਜਾਚ ਵਾਲੇ ਇਨਸਾਨ ਬਣ ਜਾਂਦੇ ਹਾਂ।

ਪ੍ਰਸ਼ਨ 19 : 'ਜਪੁ' ਬਾਣੀ ਅਨੁਸਾਰ ਇਹ ਸੰਸਾਰ ਕਦੋਂ ਹੋਂਦ ਵਿਚ ਆਇਆ ?

ਉੱਤਰ : ''ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ'' ਭਾਵ ਜਿਸ ਪ੍ਰਭੂ ਨੇ ਇਸ ਸੰਸਾਰ ਨੂੰ ਪੈਦਾ ਕੀਤਾ, ਉਹ ਆਪ ਹੀ ਜਾਣਦਾ ਹੈ।

ਪ੍ਰਸ਼ਨ 20 : 'ਜਪੁ' ਬਾਣੀ ਵਿਚ ਕਿਹੜੇ ਪੰਜ ਖੰਡਾਂ ਦਾ ਜ਼ਿਕਰ ਹੈ ?

ਉੱਤਰ : ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ। ਇਹਨਾਂ ਪੰਜਾਂ ਦਾ ਜ਼ਿਕਰ ਹੈ।

ਪ੍ਰਸ਼ਨ 21 : 'ਜਪੁ ਬਾਣੀ' ਵਿਚ 'ਮਸਕਤਿ ਘਾਲਿ' ਦਾ ਕੀ ਭਾਵ ਹੈ ?

ਉੱਤਰ : ਇਸ ਦਾ ਭਾਵ ਮਿਹਨਤ ਸਫ਼ਲੀ ਕਰਨੀ। ਜਿਹਨਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਸਿਮਰਿਆ ਉਹ ਆਪਣੀ ਮਿਹਨਤ ਸਫ਼ਲੀ ਕਰ ਗਏ ਤੇ ਉਹਨਾਂ ਦੀ ਸੰਗਤ ਕਰ ਕੇ ਹੋਰ ਵੀ ਕਈ ਜੀਵ ਤਰ ਗਏ।

ਪ੍ਰਸ਼ਨ 22 : 'ਜਪੁ' ਬਾਣੀ ਪੜ੍ਹ ਕੇ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ਉੱਤਰ : ਇਹ ਬਾਣੀ ਪੜ੍ਹ ਕੇ ਸਾਨੂੰ ਆਪਣੇ ਆਪ ਦਾ ਅਤੇ ਪ੍ਰਭੂ ਦੀ ਸ਼ਕਤੀ ਦਾ ਗਿਆਨ ਹੁੰਦਾ ਹੈ। ਇਸ ਬਾਣੀ ਨੂੰ ਹਿਰਦੇ 'ਚ ਵਸਾ ਕੇ ਚੱਲੀਏ ਤਾਂ ਅਸੀਂ ਚੰਗੀ ਜੀਵਨ ਜਾਚ ਵਾਲੇ ਸਫ਼ਲ ਇਨਸਾਨ ਬਣ ਸਕਦੇ ਹਾਂ।

ਪ੍ਰਸ਼ਨ 23 : ਸਿੱਖ ਰਹਿਤ ਮਰਯਾਦਾ ਅਨੁਸਾਰ 'ਰਹਰਾਸਿ' ਦੀ ਬਾਣੀ ਕਦੋਂ ਪੜ੍ਹੀ ਜਾਂਦੀ ਹੈ ?

ਉੱਤਰ : ਇਹ ਬਾਣੀ ਸ਼ਾਮ ਨੂੰ ਸੂਰਜ ਡੁੱਬਣ ਸਮੇਂ ਪੜ੍ਹੀ ਜਾਂਦੀ ਹੈ।

ਪ੍ਰਸ਼ਨ 24 : 'ਰਹਰਾਸਿ' ਦਾ ਅੱਖਰੀ ਅਰਥ ਕੀ ਹੈ ?

ਉੱਤਰ : ਇਹ ਦੋ ਸ਼ਬਦ ਹਨ ਰਹ ਤੇ ਰਾਸਿ। ਰਹ ਤੋਂ ਭਾਵ ਰਸਤਾ ਅਤੇ ਰਾਸਿ ਤੋਂ ਭਾਵ ਪੂੰਜੀ ਹੈ। ਇਹ ਪ੍ਰਭੂ ਨਾਮ ਦੀ ਸਿਫਤ ਹੀ ਸਾਡੇ ਰਸਤੇ ਦੀ ਪੂੰਜੀ ਹੈ।

ਪ੍ਰਸ਼ਨ 25 : 'ਰਹਰਾਸਿ' ਬਾਣੀ ਵਿਚ ਕਿਹੜੇ ਕਿਹੜੇ ਸ਼ਬਦ ਹਨ ?

ਉੱਤਰ : ਇਸ ਵਿਚ ਸੋ ਦਰੁ ਦੇ 5 ਸ਼ਬਦ, ਸੋ ਪੁਰਖ ਦੇ 4, ਅੱਗੇ ਕਬਯੋ ਬਾਚ ਬੇਨਤੀ ਚੌਪਈ, ਸਵੈਯਾ (ਪਾਂਇ ਗਹੇ ਜਬ ਤੇ ਤੁਮਰੇ) ਦੋਹਰਾ (ਸਗਲ ਦੁਆਰ ਕਉ ਛਾਡ ਕੈ) ਫਿਰ ਅਨੰਦ ਸਾਹਿਬ ਦੀਆਂ 6 ਪਉੜੀਆਂ, ਮੁੰਦਾਵਣੀ ਤੇ ਸਲੋਕ ਮਹਲਾ ੫ (ਤੇਰਾ ਕੀਤਾ ਜਾਤੋ ਨਾਹੀ) ਤੱਕ ਰਹਰਾਸਿ ਦਾ ਸਰੂਪ ਹੈ।

ਪ੍ਰਸ਼ਨ 26 : 'ਰਹਰਾਸਿ' ਦੇ ਪਹਿਲੇ ਸ਼ਬਦ 'ਸੋ ਦਰੁ' ਅਨੁਸਾਰ ਵਾਹਿਗੁਰ ਦਾ ਜਸ ਕੌਣ-ਕੌਣ ਗਾ ਰਹੇ ਹਨ ?

ਉੱਤਰ : ਇਸ ਵਿਚ ਸਾਰੀ ਕੁਦਰਤ ਹੀ ਵਾਹਿਗੁਰੂ ਦਾ ਜੱਸ ਗਾ ਰਹੀ ਹੈ।

ਪ੍ਰਸ਼ਨ 27 : 'ਰਹਰਾਸਿ ਬਾਣੀ' ਵਿਚ ਆਤਮਿਕ ਜੀਵਨ ਤੇ ਮੌਤ ਬਾਰੇ ਕੀ ਸਮਝਾਇਆ ਹੈ ?

ਉੱਤਰ : 'ਆਖਾ ਜੀਵਾ ਵਿਸਰੈ ਮਰਿ ਜਾਉ' ਭਾਵ ਪਰਮਾਤਮਾ ਦਾ ਨਾਮ ਸਿਮਰਨਾ ਜੀਵਨ ਹੈ ਅਤੇ ਵਿਸਰ ਜਾਣਾ ਆਤਮਿਕ ਮੌਤ ਹੈ।

ਪ੍ਰਸ਼ਨ 28 : 'ਰਹਰਾਸਿ ਬਾਣੀ' ਅਨੁਸਾਰ ਵਾਹਿਗੁਰੂ ਦੇ ਨਾਮ ਦੀ ਭੁੱਖ ਪੈਦਾ ਹੋਣ ਨਾਲ ਕੀ ਹੁੰਦਾ ਹੈ ?

ਉੱਤਰ : *''ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥''* ਭਾਵ ਪ੍ਰਭੂ ਨਾਮ ਦਾ ਭੋਜਨ ਛੱਕ ਕੇ ਮਨੁੱਖ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

~~~~~~~~~~~~~~~~~~~~
~~~~~~~~~~~~~~~~~~~~

ਪ੍ਰਸ਼ਨ 29 : 'ਰਹਰਾਸਿ' ਬਾਣੀ ਅਨੁਸਾਰ ਨੀਵੀਂ ਜਾਤ ਵਾਲੇ ਮਨੁੱਖ ਕੌਣ ਹਨ ?

ਉੱਤਰ : ਨੀਵੀਂ ਜਾਤ ਵਾਲੇ ਉਹ ਹਨ ਜੋ ਆਪਣੇ ਖਸਮ ਪ੍ਰਭੂ ਨੂੰ ਭੁਲਾ ਦਿੰਦੇ ਹਨ। *''ਖਸਮੁ ਵਿਸਾਰਹਿ ਤੇ ਕਮਜਾਤਿ॥''*

ਪ੍ਰਸ਼ਨ 30 : 'ਰਹਰਾਸਿ' ਬਾਣੀ ਅਨੁਸਾਰ ਸਾਡੇ ਪ੍ਰਾਣਾ ਦਾ ਆਸਰਾ ਕੌਣ ਹੈ ਤੇ ਸਾਡੇ ਜੀਵਨ ਰਾਹ ਦੀ ਪੂੰਜੀ ਕਿਹੜੀ ਹੈ ?

ਉੱਤਰ : *''ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ''* ਭਾਵ ਪ੍ਰਭੂ ਦਾ ਨਾਮ ਹੀ ਸਾਡੀ ਜਿੰਦ ਦਾ ਸਹਾਰਾ ਹੈ ਤੇ ਉਸ ਦੀ ਸਿਫਤ ਸਾਲਾਹ ਹੀ ਸਾਡੇ ਜੀਵਨ ਸਫ਼ਰ ਦੀ ਪੂੰਜੀ ਹੈ।

ਪ੍ਰਸ਼ਨ 31 : 'ਰਹਰਾਸਿ' ਬਾਣੀ ਅਨੁਸਾਰ ਕਿਹੜੇ ਮਨੁੱਖਾਂ ਦੇ ਵੱਡੇ ਭਾਗ ਹਨ ?

ਉੱਤਰ : *''ਹਰਿਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥''* ਭਾਵ ਜਿਨ੍ਹਾਂ ਦੇ ਮਨਾਂ ਵਿਚ ਪ੍ਰਭੂ ਭਗਤੀ, ਪ੍ਰੇਮ ਭਾਵਨਾ ਤੇ ਪਿਆਸ ਹੈ ਉਹਨਾਂ ਦੇ ਵੱਡੇ ਭਾਗ ਹਨ।

ਪ੍ਰਸ਼ਨ 32 : 'ਰਹਰਾਸਿ' ਬਾਣੀ ਅਨੁਸਾਰ ਕਿਹੜੇ ਮਨੁੱਖਾਂ ਦੇ ਮੰਦੇ ਭਾਗ ਹਨ ?

ਉੱਤਰ : ''ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ'' ਭਾਵ ਜਿਨ੍ਹਾਂ ਨੂੰ ਚੰਗੀ ਸੰਗਤ ਨਹੀਂ ਮਿਲੀ, ਮਨ ਵਿਚ ਪਰਮਾਤਮਾ ਦਾ ਪ੍ਰੇਮ ਨਹੀਂ ਆਇਆ, ਉਹਨਾਂ ਦੇ ਮੰਦੇ ਭਾਗ ਹਨ।

ਪ੍ਰਸ਼ਨ 33 : 'ਰਹਰਾਸਿ' ਬਾਣੀ ਅਨੁਸਾਰ ਚੰਗੀ ਸੰਗਤ ਮਿਲਣ ਨਾਲ ਕੀ ਹੁੰਦਾ ਹੈ ?

ਉੱਤਰ : ''ਮਿਲਿ ਸੰਗਤਿ ਗੁਣ ਪਰਗਾਸਿ'' ਭਾਵ ਚੰਗੀ ਸੰਗਤ ਕੀਤਿਆਂ ਇਨਸਾਨ ਦੇ ਅੰਦਰੋਂ ਛੁਪੇ ਹੋਏ ਗੁਣ ਪ੍ਰਗਟ ਹੋ ਜਾਂਦੇ ਹਨ ਤੇ ਉਹ ਭਲਾ ਪੁਰਸ਼ ਬਣ ਜਾਂਦਾ ਹੈ।

ਪ੍ਰਸ਼ਨ 34 : 'ਰਹਰਾਸਿ' ਬਾਣੀ ਅਨੁਸਾਰ ਕਿਹੜੇ ਮਨੁੱਖਾਂ ਦਾ ਸਾਰਾ ਡਰ ਦੂਰ ਹੋ ਜਾਂਦਾ ਹੈ ?

ਉੱਤਰ : ''ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ'' ਭਾਵ ਜੋ ਡਰ ਰਹਿਤ ਪ੍ਰਭੂ ਦਾ ਨਾਮ ਸਿਮਰਦੇ ਹਨ, ਉਹਨਾਂ ਦੇ ਸਭ ਡਰ ਦੂਰ ਹੋ ਜਾਂਦੇ ਹਨ।

ਪ੍ਰਸ਼ਨ 35 : 'ਰਹਰਾਸਿ' ਬਾਣੀ ਅਨੁਸਾਰ ਮਨੁੱਖਾ ਜੀਵਨ ਕੀ ਕਰਨ ਦਾ ਮੌਕਾ ਹੈ ?

ਉੱਤਰ : ''ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ'' ਭਾਵ ਮਨੁੱਖਾ ਜੀਵਨ ਪ੍ਰਭੂ ਨੂੰ ਮਿਲਣ ਦਾ ਮੌਕਾ ਹੈ।

ਪ੍ਰਸ਼ਨ 36 : 'ਰਹਰਾਸਿ' ਬਾਣੀ ਅਨੁਸਾਰ ਸਾਡਾ ਜਨਮ ਕਿਵੇਂ ਬਿਰਥਾ ਜਾ ਰਿਹਾ ਹੈ ?

ਉੱਤਰ : *''ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ''* ਭਾਵ ਮਾਇਆ ਦੇ ਅਨੇਕ ਪ੍ਰਕਾਰ ਦੇ ਰੰਗਾਂ ਵਿਚ ਸਾਡਾ ਜਨਮ ਬਿਰਥਾ ਜਾ ਰਿਹਾ ਹੈ।

ਪ੍ਰਸ਼ਨ 37 : ''ਕਬਯੋ ਬਾਚ ਬੇਨਤੀ—ਚੌਪਈ'' ਕਿਹੜੇ ਗੁਰੂ ਜੀ ਦੀ ਬਾਣੀ ਹੈ ?

ਉੱਤਰ : ਇਹ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ।

ਪ੍ਰਸ਼ਨ 38 : 'ਚੌਪਈ' ਬਾਣੀ ਅਨੁਸਾਰ ਚਾਰ ਖਾਣੀਆਂ ਕਿਹੜੀਆਂ ਹਨ ?

ਉੱਤਰ : ਇਹ ਹਨ : ਅੰਡਜ, ਜੇਰਜ, ਸੇਤਜ ਤੇ ਉਤਭੁਜ। ਕੁਝ ਰਚਨਾ ਅੰਡੇ ਤੋਂ ਪੈਦਾ ਹੋਈ, ਕੁਝ ਜੇਰ ਤੋਂ, ਕੁਝ ਪਸੀਨੇ ਤੋਂ ਅਤੇ ਕੁਝ ਬਨਸਪਤੀ ਤੋਂ ਪੈਦਾ ਹੋਈ।

ਪ੍ਰਸ਼ਨ 39 : ਚਾਰ ਖਾਣੀਆਂ ਬਾਰੇ ਦਸਮ ਪਾਤਸ਼ਾਹ ਜੀ ਦੀ ਰਚਨਾ ਵਿਚੋਂ ਹਵਾਲਾ ਦਿਓ।

ਉੱਤਰ : *ਅੰਡਜ ਜੇਰਜ ਸੇਤਜ ਕੀਨੀ॥ ਉਤਭੁਜ ਖਾਨਿ ਬਹੁਰਿ ਰਚਿ ਦੀਨੀ॥*

ਪ੍ਰਸ਼ਨ 40 : 'ਰਹਰਾਸਿ' ਬਾਣੀ ਵਿਚ ਦਸਮ ਪਾਤਸ਼ਾਹ ਜੀ ਦਾ ਸ੍ਵੈਯਾ ਤੇ ਦੋਹਰਾ ਕਿਹੜਾ ਹੈ ?

ਉੱਤਰ : ਇਸ ਬਾਣੀ ਵਿਚ ਸ੍ਵੈਯਾ ਹੈ, ''ਪਾਂਇ ਗਹੇ ਜਬ ਤੇ ਤੁਮਰੇ'' ਤੋਂ ਲੈ ਕੇ ''ਮੈ ਨ ਕਹਯੋ ਸਭ ਤੋਹਿ ਬਖਾਨਯੋ'' ਤੱਕ ਅਤੇ ਦੋਹਰਾ ਹੈ, ''ਸਗਲ ਦੁਆਰ ਕਉ ਛਾਡਿ ਕੈ'' ਤੋਂ ਲੈ ਕੇ ''ਗੋਬਿੰਦ ਦਾਸ ਤੁਹਾਰ'' ਤੱਕ।

ਪ੍ਰਸ਼ਨ 41 : 'ਅਨੰਦ ਸਾਹਿਬ' ਕਿਹੜੇ ਪਾਤਸ਼ਾਹ ਜੀ ਦੀ ਬਾਣੀ ਕਿਸ ਰਾਗ ਵਿਚ ਹੈ ?

ਉੱਤਰ : ਅਨੰਦ ਸਾਹਿਬ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਰਾਮਕਲੀ ਰਾਗ ਵਿਚ ਹੈ।

ਪ੍ਰਸ਼ਨ 42 : 'ਅਨੰਦ ਸਾਹਿਬ' ਬਾਣੀ ਦੀਆਂ ਕੁੱਲ ਕਿੰਨੀਆਂ ਪਉੜੀਆਂ ਹਨ ਅਤੇ 'ਰਹਰਾਸਿ' ਬਾਣੀ ਵਿਚ ਕਿੰਨੀਆਂ ਪਉੜੀਆਂ ਦਰਜ ਹਨ ?

ਉੱਤਰ : ਅਨੰਦ ਸਾਹਿਬ ਬਾਣੀ ਦੀਆਂ ਕੁੱਲ 40 ਪਉੜੀਆਂ ਹਨ ਅਤੇ ਰਹਰਾਸਿ ਬਾਣੀ ਵਿਚ ਪਹਿਲੀਆਂ 5 ਤੇ ਇਕ 40ਵੀਂ ਪਉੜੀ ਸਮੇਤ 6 ਪਉੜੀਆਂ ਦਰਜ ਹਨ।

ਪ੍ਰਸ਼ਨ 43 : 'ਅਨੰਦ ਸਾਹਿਬ' ਬਾਣੀ ਅਨੁਸਾਰ ਅਸਲ ਅਨੰਦ ਕਦੋਂ ਮਿਲਦਾ ਹੈ ?

ਉੱਤਰ : ਜਦ ਸਾਨੂੰ ਗੁਰੂ ਮਿਲ ਜਾਏ ਤਾਂ ਅਸਲ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਜੀ ਫ਼ੁਰਮਾਉਂਦੇ ਹਨ, *ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ।*

ਪ੍ਰਸ਼ਨ 44 : ਸੱਚੀ ਬਾਣੀ ਸੁਣਨ ਨਾਲ ਕੀ ਹੁੰਦਾ ਹੈ ?

ਉੱਤਰ : ''ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ'' ਭਾਵ ਸੱਚੀ ਬਾਣੀ ਸੁਣਨ ਨਾਲ ਸਾਰੇ ਦੁੱਖ, ਰੋਗ ਤੇ ਕਲੇਸ਼ ਮਿਟ ਜਾਂਦੇ ਹਨ।

~~~~~~~~~~~~~~~~~~~~
~~~~~~~~~~~~~~~~~~~~

ਪ੍ਰਸ਼ਨ 45 : 'ਸੋਹਿਲਾ' ਬਾਣੀ ਕਦੋਂ ਪੜ੍ਹੀ ਜਾਂਦੀ ਹੈ ?

ਉੱਤਰ : ਸੋਹਿਲਾ ਬਾਣੀ ਰਾਤ ਨੂੰ ਸੌਣ ਸਮੇਂ ਪੜ੍ਹੀ ਜਾਂਦੀ ਹੈ।

ਪ੍ਰਸ਼ਨ 46 : 'ਸੋਹਿਲਾ' ਤੋਂ ਕੀ ਭਾਵ ਹੈ ?

ਉੱਤਰ : ਸੋਹਿਲਾ ਤੋਂ ਭਾਵ ਹੈ, ਜਸ ਜਾਂ ਸਿਫ਼ਤ ਸਾਲਾਹ ਕਰਨੀ।

ਪ੍ਰਸ਼ਨ 47 : 'ਸੋਹਿਲਾ' ਬਾਣੀ ਵਿਚ ਕੁੱਲ ਕਿੰਨੇ ਸ਼ਬਦ ਹਨ ਅਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੱਥੇ ਦਰਜ ਹਨ ?

ਉੱਤਰ : ਸੋਹਿਲਾ ਬਾਣੀ ਵਿਚ 5 ਸ਼ਬਦ ਹਨ ਅਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 11 ਤੋਂ 13 ਤੱਕ ਦਰਜ ਹਨ।

ਪ੍ਰਸ਼ਨ 48 : 'ਸੋਹਿਲਾ' ਬਾਣੀ ਵਿਚ 5 ਸ਼ਬਦ ਕਿਹੜੇ ਕਿਹੜੇ ਗੁਰੂ ਸਾਹਿਬਾਨ ਜੀ ਦੇ ਹਨ ?

ਉੱਤਰ : ਪਹਿਲੇ 3 ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ, 1 ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਦਾ ਅਤੇ 1 ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ।

ਪ੍ਰਸ਼ਨ 49 : 'ਸੋਹਿਲਾ' ਬਾਣੀ ਵਿਚ ਗੁਰੂ ਜੀ ਨੇ ਕੁਦਰਤ ਦੀ ਆਰਤੀ ਦਾ ਵਰਣਨ ਕਿਵੇਂ ਕੀਤਾ ਹੈ ?

ਉੱਤਰ : *ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥*

ਪ੍ਰਸ਼ਨ 50 : 'ਸੋਹਿਲਾ' ਬਾਣੀ ਦਾ ਇਹ ਸ਼ਬਦ ''ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ'' ਦੀ ਅਗਲੀ ਪੰਕਤੀ ਪੂਰੀ ਕਰੋ ?

ਉੱਤਰ : ਇਸ ਦੀ ਅਗਲੀ ਪੰਕਤੀ ਹੈ—

*ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ ॥*

☆☆☆

# ਜਪੁ ਜੀ

*ਨੋਟ : 'ਜਪੁ ਜੀ' ਗੁਰਬਾਣੀ ਕੰਠ ਕਰਨ ਲਈ ਨਿੱਤਨੇਮ ਬਾਣੀ ਦੇ ਗੁਟਕਾ ਸਾਹਿਬ ਤੋਂ ਪਾਠ ਕਰੋ ਪਰ ਆਪਣੇ ਅਭਿਆਸ ਤੇ ਜਮਾਤ ਟੈਸਟ ਲਈ ਹੇਠ ਲਿਖੇ ਅਨੁਸਾਰ ਸਰਲ ਤਰੀਕਾ ਹੈ।*

*(ਜਪੁ ਜੀ ਸਾਹਿਬ, ਰਹਰਾਸਿ ਤੇ ਸੋਹਿਲਾ ਬਾਣੀ ਵਿਚੋਂ 30 ਨੰਬਰ ਦਾ ਪੇਪਰ ਹੋਵੇਗਾ।)*

ਜਪੁ ਜੀ ਸਾਹਿਬ ਬਾਣੀ ਦੀ ਇਸ ਪਹਿਲੀ ਪੰਕਤੀ ਤੋਂ ਸ਼ਬਦ ਪੂਰਾ ਕਰੋ।

ੴ ਸਤਿਨਾਮੁ........................... ਗੁਰ ਪ੍ਰਸਾਦਿ ॥

ਆਦਿ ਸਚੁ ਜੁਗਾਦਿ ਸਚੁ................ ਹੋਸੀ ਭੀ ਸਚੁ ॥ ੧ ॥

ਸੋਚੈ ਸੋਚਿ ਨ ਹੋਵਈ...................... ॥੧॥

ਹੁਕਮੀ ਹੋਵਨਿ ਆਕਾਰ.................. ॥੨॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ........ ॥੩॥

ਸਾਚਾ ਸਾਹਿਬੁ ਸਾਚੁ ਨਾਇ............... ॥੪॥

ਥਾਪਿਆ ਨ ਜਾਇ ਕੀਤਾ ਨ ਹੋਇ........ ॥੫॥

ਤੀਰਥਿ ਨਾਵਾ ਜੇ ਤਿਸੁ ਭਾਵਾ............. ॥੬॥

ਜੇ ਜੁਗ ਚਾਰੇ ਆਰਜਾ...................... ॥੭॥

ਸੁਣਿਐ ਸਿਧ ਪੀਰ ਸੁਰਿ ਨਾਥ........................ ॥੮॥

ਸੁਣਿਐ ਈਸਰੁ ਬਰਮਾ ਇੰਦੁ......................... ॥੯॥

ਸੁਣਿਐ ਸਤੁ ਸੰਤੋਖੁ ਗਿਆਨੁ....................... ॥੧੦॥

ਸੁਣਿਐ ਸਰਾ ਗੁਣਾ ਕੇ ਗਾਹ........................ ॥੧੧॥

ਮੰਨੇ ਕੀ ਗਤਿ ਕਹੀ ਨ ਜਾਇ....................... ॥੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ...................... ॥੧੩॥

ਮੰਨੈ ਮਾਰਗਿ ਠਾਕ ਨ ਪਾਇ....................... ॥੧੪॥

ਮੰਨੈ ਪਾਵਹਿ ਮੋਖੁ ਦੁਆਰੁ...................... ॥੧੫॥

ਪੰਚ ਪਰਵਾਣ ਪੰਚ ਪਰਧਾਨੁ.................... ॥੧੬॥

ਅਸੰਖ ਜਪ ਅਸੰਖ ਭਾਉ........................ ॥੧੭॥

ਅਸੰਖ ਮੂਰਖ ਅੰਧ ਘੋਰੁ........................ ॥੧੮॥

ਅਸੰਖ ਨਾਵ ਅਸੰਖ ਥਾਵ........................ ॥੧੯॥

ਭਰੀਐ ਹਥੁ ਪੈਰੁ ਤਨੁ ਦੇਹ........................ ॥੨੦॥

ਤੀਰਥੁ ਤਪੁ ਦਇਆ ਦਤੁ ਦਾਨ...................... ॥੨੧॥

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ........... ॥੨੨॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ......... ॥੨੩॥

ਅੰਤੁ ਨ ਸਿਫਤੀ ਕਹਣਿ ਨ ਅੰਤੁ...................... ॥੨੪॥

ਬਹੁਤਾ ਕਰਮੁ ਲਿਖਿਆ ਨ ਜਾਇ..................... ॥੨੫॥

ਅਮੁਲ ਗੁਣ ਅਮੁਲ ਵਾਪਾਰ........................... ॥੨੬॥

ਸੋ ਦਰੁ ਕੇਹਾ ਸੋ ਘਰੁ ਕੇਹਾ......................... ॥੨੭॥

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ......................... ॥੨੮॥

ਭੁਗਤਿ ਗਿਆਨੁ ਦਇਆ ਭੰਡਾਰਣਿ.................... ॥੨੯॥

ਏਕਾ ਮਾਈ ਜੁਗਤਿ ਵਿਆਈ.......................... ॥੩੦॥

ਆਸਣੁ ਲੋਇ ਲੋਇ ਭੰਡਾਰ............................ ॥੩੧॥

ਇਕ ਦੂ ਜੀਭੌ ਲਖ ਹੋਹਿ.......................... ॥੩੨॥

ਆਖਣਿ ਜੋਰੁ ਚੁਪੈ ਨਹ ਜੋਰੁ........ ॥੩੩॥

ਰਾਤੀ ਰੁਤੀ ਥਿਤੀ ਵਾਰ........ ॥੩੪॥

ਧਰਮ ਖੰਡ ਕਾ ਏਹੋ ਧਰਮੁ ........ ॥੩੫॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ........ ॥੩੬॥

ਕਰਮ ਖੰਡ ਕੀ ਬਾਣੀ ਜੋਰੁ........ ॥੩੭॥

ਜਤੁ ਪਾਹਾਰਾ ਧੀਰਜੁ ਸੁਨਿਆਰੁ........ ॥੩੮॥

ਪਵਣੁ ਗੁਰੂ ਪਾਣੀ ਪਿਤਾ........ ਕੇਤੀ ਛੁਟੀ ਨਾਲਿ॥੧॥

# ਰਹਰਾਸਿ ਤੇ ਸੋਹਿਲਾ

ਨੋਟ : ਰਹਰਾਸਿ, ਸੋਹਿਲਾ ਬਾਣੀ ਕੰਠ ਨਿਤਨੇਮ ਦੇ ਗੁਟਕੇ ਤੋਂ ਕਰੋ ਪਰ ਜਮਾਤ ਟੈਸਟ ਤੇ ਸਵੈ ਅਧਿਐਨ ਇਸ ਤਰ੍ਹਾਂ ਹੋਵੇਗਾ।

- ਸੋ ਦਰੁ ਰਾਗੁ ਆਸਾ ਮਹਲਾ ੧
  ੧ੴ ਸਤਿਗੁਰ ਪ੍ਰਸਾਦਿ॥
  ਸੋ ਦਰ ਤੇਰਾ ਕੇਹਾ........
- ਆਸਾ ਮਹਲਾ ੧
  ਸੁਣਿ ਵਡਾ ਆਖੈ ਸਭੁ ਕੋਇ........
- ਆਸਾ ਮਹਲਾ ੧
  ਆਖਾ ਜੀਵਾ ਵਿਸਰੈ ਮਰਿ ਜਾਉ........
- ਰਾਗ ਗੂਜਰੀ ਮਹਲਾ ੪
  ਹਰਿ ਕੇ ਜਨ ਸਤਿਗੁਰ ਸਤਪੁਰਖਾ........
- ਰਾਗ ਗੂਜਰੀ ਮਹਲਾ ੫
  ਕਾਹੇ ਰੇ ਮਨ ਚਿਤਵਹਿ ਉਦਮੁ........
- ਰਾਗ ਆਸਾ ਮਹਲਾ ੪ ਸੋ ਪੁਰਖੁ
  ੧ੴ ਸਤਿਗੁਰ ਪ੍ਰਸਾਦਿ॥
  ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ........
- ਆਸਾ ਮਹਲਾ ੪
  ਤੂੰ ਕਰਤਾ ਸਚਿਆਰੁ ਮੈਡਾ ਸਾਂਈ........
- ਆਸਾ ਮਹਲਾ ੧
  ਤਿਤੁ ਸਰਵਰੜੈ ਭਈਲੇ ਨਿਵਾਸਾ........
- ਆਸਾ ਮਹਲਾ ੫
  ਭਈ ਪਰਾਪਤਿ ਮਾਨੁਖ ਦੇਹੁਰੀਆ........
- ਪਾ: ੧੦॥ ਕਬਿਯੋ ਬਾਚ ਬੇਨਤੀ॥ ਚੌਪਈ॥

~~~~~~~~~~~~~~~~~~~~
~~~~~~~~~~~~~~~~~~~~

ਹਮਰੀ ਕਰੋ ਹਾਥ ਦੈ ਰੱਛਾ........

- ਸ੍ਵੈਯਾ॥

  ਪਾਂਇ ਗਹੇ ਜਬ ਤੇ ਤੁਮਰੇ........

- ਦੋਹਰਾ॥

  ਸਗਲ ਦੁਆਰ ਕਉ ਛਾਡਿ ਕੈ........

- ਰਾਮਕਲੀ ਮਹਲਾ ੩ ਅਨੰਦੁ

  ੧ੴ ਸਤਿਗੁਰ ਪ੍ਰਸਾਦਿ॥

  ਅਨੰਦੁ ਭਇਆ ਮੇਰੀ ਮਾਏ........

- ਮੁੰਦਾਵਣੀ ਮਹਲਾ ੫

  ਥਾਲ ਵਿਚਿ ਤਿੰਨਿ ਵਸਤੂ ਪਈਓ........

- ਸਲੋਕ ਮਹਲਾ ੫

  ਤੇਰਾ ਕੀਤਾ ਜਾਤੋ ਨਾਹੀ........

## (ਸੋਹਿਲਾ)

- ਰਾਗ ਗਉੜੀ ਦੀਪਕੀ ਮਹਲਾ ੧

  ੧ੴ ਸਤਿਗੁਰ ਪ੍ਰਸਾਦਿ॥

  ਜੈ ਘਰਿ ਕੀਰਤਿ ਆਖੀਐ........

- ਰਾਗੁ ਆਸਾ ਮਹਲਾ ੧

  ਛਿਅ ਘਰ ਛਿਅ ਗੁਰ ਛਿਅ ਉਪਦੇਸ........

- ਰਾਗ ਧਨਾਸਰੀ ਮਹਲਾ ੧

  ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ........

- ਰਾਗ ਗਉੜੀ ਪੂਰਬੀ ਮਹਲਾ ੪

  ਕਾਮਿ ਕਰੋਧਿ ਨਗਰੁ ਬਹੁ ਭਰਿਆ........

- ਰਾਗੁ ਗਉੜੀ ਪੂਰਬੀ ਮਹਲਾ ੫

  ਕਰਉ ਬੇਨੰਤੀ ਸੁਣਹੁ ਮੇਰੇ ਮੀਤਾ........

ਜ਼ਰੂਰੀ ਨੋਟ : ਜਪੁ ਜੀ ਬਾਣੀ ਦੇ ਅਰਥ ਸਮਝਣ ਲਈ ਨਿੱਤਨੇਮ ਸਟੀਕ (ਪ੍ਰਕਾਸ਼ਕ : ਸ਼੍ਰੋ. ਗੁ: ਪ੍ਰ. ਕਮੇਟੀ) ਪ੍ਰੋ: ਪ੍ਰਕਾਸ਼ ਸਿੰਘ ਟੀਕਾਕਾਰ ਦਾ ਟੀਕਾ ਜਾਂ ਕੋਈ ਵੀ ਹੋਰ ਪੜ੍ਹੋ ਪਰ ਇਸ ਵਿਚੋਂ ਅਰਥ ਇਸ ਪ੍ਰਕਾਰ ਪੁੱਛੇ ਜਾਣਗੇ। ਇਸ ਵਿੱਚੋਂ 20 ਨੰਬਰ ਦਾ ਪੇਪਰ ਹੋਵੇਗਾ।

ਪ੍ਰਸ਼ਨ 1 : ਮੂਲ ਮੰਤਰ ਦਾ ਸੰਪੂਰਨ ਪਾਠ ਲਿਖ ਕੇ ਇਸ ਦੇ ਅਰਥ ਕਰੋ।

ਪ੍ਰਸ਼ਨ 2 : *''ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ''* ਪਉੜੀ ਪੂਰੀ ਲਿਖ ਕੇ ਇਸ ਦੇ ਅਰਥ ਸਮਝਾਉ।

ਪ੍ਰਸ਼ਨ 3 : *''ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ''* ਪਉੜੀ ਨੂੰ ਪੂਰਾ ਕਰੋ ਅਤੇ ਇਸ ਦੇ ਅਰਥ ਲਿਖੋ ?

ਪ੍ਰਸ਼ਨ 4 : *''ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ''* ਪੂਰੀ ਪਉੜੀ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ।

ਪ੍ਰਸ਼ਨ 5 : ''ਸੁਣਿਐ'' ਵਾਲੀਆਂ ਚਾਰ ਪਉੜੀਆਂ 'ਚੋਂ ਕੋਈ ਇਕ ਪਉੜੀ ਪੂਰੀ ਲਿਖ ਕੇ ਅਰਥ ਕਰੋ ?

ਪ੍ਰਸ਼ਨ 6 : *''ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥''* ਦਾ ਭਾਵ ਅਰਥ ਕੀ ਹੈ ?

ਪ੍ਰਸ਼ਨ 7 : *''ਅਸੰਖ ਮੂਰਖ ਅੰਧ ਘੋਰ''* ਪਉੜੀ ਪੂਰੀ ਲਿਖ ਕੇ ਭਾਵ ਅਰਥ ਲਿਖੋ ?

ਪ੍ਰਸ਼ਨ 8 : *''ਭਰੀਐ ਹਥੁ ਪੈਰੁ ਤਨੁ ਦੇਹ''* ਪਉੜੀ ਪੂਰੀ ਕਰ ਕੇ ਪ੍ਰਸੰਗ ਸਹਿਤ ਵਿਆਖਿਆ ਕਰੋ ?

ਪ੍ਰਸ਼ਨ 9 : *''ਪਾਤਾਲਾ ਪਾਤਾਲ ਲਖ ਆਗਾਸਾ ਆਗਾਸ''* ਪੂਰੀ ਪਉੜੀ ਦੇ ਕੀ ਅਰਥ ਹਨ ?

ਪ੍ਰਸ਼ਨ 10 : *''ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ''* ਪਉੜੀ ਪੂਰੀ ਕਰ ਕੇ ਅਰਥ ਲਿਖੋ।

ਪ੍ਰਸ਼ਨ 11 : *''ਏਵਡੁ ਊਚਾ ਹੋਵੈ ਕੋਇ ਤਿਸ ਊਚੇ ਕਉ ਜਾਣੈ ਸੋਇ''* ਦਾ ਭਾਵ ਅਰਥ ਕੀ ਹੈ ?

ਪ੍ਰਸ਼ਨ 12 : *''ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ''* ਪਉੜੀ ਵਿਚ ਗੁਰੂ ਜੀ ਨੇ ਕਿੰਨ੍ਹਾਂ-ਕਿੰਨ੍ਹਾਂ ਦਾ ਵਰਣਨ ਕੀਤਾ ਹੈ ?

ਪ੍ਰਸ਼ਨ 13 : *''ਇਕ ਦੂ ਜੀਭੌ ਲਖ ਹੋਹਿ''* ਪਉੜੀ ਪੂਰੀ ਕਰ ਕੇ ਅਰਥ ਲਿਖੋ।

~~~~~~~~~~~~~~~~~~~~
~~~~~~~~~~~~~~~~~~~~

ਪ੍ਰਸ਼ਨ 14 : *''ਗਿਆਨ ਖੰਡ ਮਹਿ ਗਿਆਨੁ ਪਰਚੰਡੁ''* ਪੂਰੀ ਪਉੜੀ ਦੇ ਅਰਥ ਲਿਖੋ।

ਪ੍ਰਸ਼ਨ 15 : 'ਜਪੁਜੀ' ਬਾਣੀ ਦਾ ਅੰਤਲਾ ਸਲੋਕ ਲਿਖ ਕੇ ਅਰਥ ਕਰੋ।

ਵਿਸ਼ੇਸ਼ ਨੋਟ :- ਇਸੇ ਤਰ੍ਹਾਂ 'ਜਪੁਜੀ ਸਾਹਿਬ ਬਾਣੀ ਵਿਚੋਂ ਕਿਸੇ ਵੀ ਪੂਰੀ ਪਉੜੀ ਦੇ ਜਾਂ ਕੁਝ ਪੰਕਤੀਆਂ ਦੇ ਅਰਥ ਪੁੱਛੇ ਜਾ ਸਕਦੇ ਹਨ। ਇਹ 15 ਪ੍ਰਸ਼ਨ ਸਿਰਫ਼ ਵਿਦਿਆਰਥੀਆਂ ਦੀ ਜਾਣਕਾਰੀ ਲਈ ਹਨ।

☆☆☆

## ਪ੍ਰਸ਼ਨ ਪੱਤਰ ਦੀ ਰੂਪ ਰੇਖਾ :

ਦਰਜਾ-ਪਹਿਲਾ

# ਪਰਚਾ ਪਹਿਲਾ-ਗੁਰ ਇਤਿਹਾਸ ਤੇ ਗੁਰਬਾਣੀ

ਸਮਾਂ : 3 ਘੰਟੇ ਕੁਲ ਅੰਕ : 100

(ਭਾਗ-ੳ)

ਹੇਠ ਲਿਖਿਆਂ ਵਿਚੋਂ ਕੋਈ ਪੰਜ ਪ੍ਰਸ਼ਨ ਕਰੋ :-

1. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਦੇਸ਼ ਦੀ ਹਾਲਤ ਕੀ ਸੀ ?
2. ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰਤਾ ਗੱਦੀ ਤੇ ਸਿੱਖ ਧਰਮ ਦੀ ਉਸਾਰੀ ਲਈ ਕੀਤੇ ਕਾਰਜਾਂ ਬਾਰੇ ਦੱਸੋ।
3. ਸ੍ਰੀ ਗੁਰੂ ਅਮਰਦਾਸ ਜੀ ਦਾ ਆਰੰਭਿਕ ਜੀਵਨ ਤੇ ਪਰਿਵਾਰ ਬਾਰੇ ਤੁਸੀਂ ਕੀ ਜਾਣਦੇ ਹੋ ?
4. ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਵਸਾਉਣਾ ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਤਾ ਗੱਦੀ ਦਾ ਇਤਿਹਾਸ ਵਰਣਨ ਕਰੋ।
5. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਕਾਰਜ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਦਾ ਇਤਿਹਾਸ ਲਿਖੋ।
6. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਜੀ ਤੇ ਤੀਜੀ ਉਦਾਸੀ ਸਮੇਂ ਧਰਮ ਪ੍ਰਚਾਰ ਦੇ ਮੁੱਖ ਸਥਾਨਾ ਬਾਰੇ ਚਾਨਣਾ ਪਾਉ।
7. ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਤਾ ਗੱਦੀ ਦੀ ਚੋਣ ਤੇ ਜੋਤੀ ਜੋਤ ਸਮਾਉਣ ਦਾ ਇਤਿਹਾਸ ਵਰਣਨ ਕਰੋ।
8. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਤੁਸੀਂ ਕੀ ਜਾਣਦੇ ਹੋ ?

5X8=40

(ਭਾਗ-ਅ)

ਇਸ ਭਾਗ ਵਿਚੋਂ ਤਿੰਨ ਪ੍ਰਸ਼ਨ ਕਰੋ :-

1. ''ਏਕਾ ਮਾਈ ਜੁਗਤਿ ਵਿਆਈ''

ਜਾਂ

''ਧਰਮ ਖੰਡ ਕਾ ਏਹੋ ਧਰਮੁ'' ਦੋਹਾਂ ਵਿਚੋਂ ਇਕ ਪਉੜੀ ਸ਼ੁੱਧ ਰੂਪ ਵਿਚ ਸੰਪੂਰਨ ਕਰਕੇ ਲਿਖੋ।

2. ''ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨ'' ਨਾਲ ਰਾਗ ਤੇ ਮਹਲਾ ਲਿਖਕੇ ਸ਼ਬਦ ਪੂਰਾ ਕਰੋ।

ਜਾਂ

''ਸੋ ਦਰੁ ਰਾਗੁ ਆਸਾ ਮਹਲਾ ੧ (ਪਹਿਲਾ) ਸ਼ਬਦ ਪੂਰਾ ਤੇ ਸ਼ੁੱਧ ਕਰਕੇ ਲਿਖੋ।

3. ਸੋਹਿਲਾ ਬਾਣੀ ਵਿਚੋਂ ''ਰਾਗ ਗਉੜੀ ਦੀਪਕੀ ਮਹਲਾ ੧''

ਜਾਂ

''ਰਾਗ ਗਉੜੀ ਪੂਰਬੀ ਮਹਲਾ ੪'' ਕੋਈ ਇਕ ਸ਼ਬਦ ਸ਼ੁੱਧ ਤੇ ਸੰਪੂਰਨ ਕਰਕੇ ਲਿਖੋ। **3X10=30**

(ਭਾਗ-ੲ)

ਇਸ ਭਾਗ ਵਿਚੋਂ ਇਕ ਪ੍ਰਸ਼ਨ ਕਰੋ :-

1. ਜਪੁ ਜੀ ਸਾਹਿਬ ਵਿਚੋਂ ''ਸੋਚੈ ਸੋਚਿ ਨ ਹੋਵਈ''

ਜਾਂ

''ਇਕ ਦੂ ਜੀਭੌ ਲਖ ਹੋਹਿ'' ਕੋਈ ਇਕ ਪਉੜੀ ਪੂਰੀ ਕਰਕੇ ਪ੍ਰਸੰਗ ਸਹਿਤ ਵਿਆਖਿਆ ਕਰੋ। **1X20=20**

(ਭਾਗ-ਸ)

ਹੇਠ ਲਿਖਿਆਂ ਵਿਚੋਂ ਕੋਈ ਦਸ ਪ੍ਰਸ਼ਨਾਂ ਦੇ ਉੱਤਰ ਇਕ ਜਾਂ ਦੋ ਪੰਕਤੀਆਂ ਵਿਚ ਲਿਖੋ।

1. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਡਤ ਹਰਦਿਆਲ ਜੀ ਨੂੰ ਕਿਹੜਾ ਜੰਞੂ ਪਹਿਨਾਉਣ ਲਈ ਕਿਹਾ ?
2. ਭਾਈ ਲਹਿਣਾ ਜੀ ਕਿਸ ਦੇ ਮੁੱਖ ਤੋਂ ਬਾਣੀ ਸੁਣਕੇ ਪ੍ਰਭਾਵਤ ਹੋਏ ਸਨ?
3. ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਮਰਿਯਾਦਾ ਸੰਬੰਧੀ ਕੀ ਹੁਕਮ ਜਾਰੀ ਕੀਤਾ ?
4. ਸ੍ਰੀ ਗੁਰੂ ਰਾਮਦਾਸ ਜੀ ਨੂੰ ਭਾਈ ਜੇਠਾ ਜੀ ਕਿਉਂ ਕਿਹਾ ਜਾਂਦਾ ਹੈ ?
5. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਤਾਨ ਬਾਰੇ ਤੁਸੀਂ ਕੀ ਜਾਣਦੇ ਹੋ ?
6. 'ਜਪੁ' ਬਾਣੀ ਅਨੁਸਾਰ ਧਰਤੀ ਨੂੰ ਕਿਹੜੇ ਧੌਲ ਬਲਦ ਨੇ ਚੁੱਕਿਆ ਹੋਇਆ ਹੈ ?
7. 'ਰਹਰਾਸਿ' ਬਾਣੀ ਅਨੁਸਾਰ ਚੰਗੀ ਸੰਗਤ ਮਿਲਣ ਨਾਲ ਕੀ ਹੁੰਦਾ ਹੈ ?
8. ''ਕਬਯੋ ਬਾਚ ਬੇਨਤੀ-ਚੌਪਈ'' ਕਿਸ ਗੁਰੂ ਸਾਹਿਬ ਜੀ ਦੀ ਬਾਣੀ ਹੈ ?

9. 'ਸੋਹਿਲਾ' ਬਾਣੀ ਕਦੋਂ ਪੜ੍ਹੀ ਜਾਂਦੀ ਹੈ ?

10. 'ਅਨੰਦ ਸਾਹਿਬ' ਬਾਣੀ ਅਨੁਸਾਰ ਅਸਲ ਅਨੰਦ ਕਦੋਂ ਮਿਲਦਾ ਹੈ

11. ਜਪੁ ਜੀ ਬਾਣੀ ਵਿਚ ਪਹਿਲਾ ਸਲੋਕ ਕਿਹੜਾ ਹੈ?

12. ਸੋਹਿਲਾ ਬਾਣੀ ਵਿਚ ਗੁਰੂ ਜੀ ਨੇ ਕੁਦਰਤ ਦੀ ਆਰਤੀ ਦਾ ਵਰਣਨ ਕਿਵੇਂ ਕੀਤਾ ਹੈ?

**10X1=10**

ਪਰਚਾ-ਦੂਜਾ

# ਸਿੱਖ ਇਤਿਹਾਸ
# ਤੇ
# ਰਹਿਤ ਮਰਯਾਦਾ

ਨੀਯਤ ਕੀਤੇ ਨਵੇਂ ਸਿਲੇਬਸ ਅਨੁਸਾਰ :

# ਪਰਚਾ ਦੂਜਾ-ਸਿੱਖ ਇਤਿਹਾਸ ਤੇ ਰਹਿਤ ਮਰਯਾਦਾ

**ਸਮਾਂ : 3 ਘੰਟੇ** **ਕੁਲ ਅੰਕ : 100**

(ੳ) ਸ਼ਹੀਦਾਂ ਦੇ ਪ੍ਰਸੰਗ ਤੇ ਜੀਵਨੀਆਂ :

1. ਭਾਈ ਮਤੀਦਾਸ ਜੀ 2. ਭਾਈ ਮਨੀ ਸਿੰਘ ਜੀ 3. ਬਾਬਾ ਬੰਦਾ ਸਿੰਘ ਬਹਾਦਰ
4. ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ 5. ਭਾਈ ਤਾਰੂ ਸਿੰਘ ਜੀ

ਨੰ. 40

(ਅ) ਬਹੁਪੱਖੀ ਜਾਣਕਾਰੀ :

1. ਪੰਜ ਪਿਆਰੇ 2. ਚਾਰ ਸਾਹਿਬਜ਼ਾਦੇ 3. ਪੰਜ ਕਕਾਰ
4. ਅੰਮ੍ਰਿਤ (ਖੰਡੇ ਕੀ ਪਾਹੁਲ) 5. ਕੀਰਤਨ ਨੰ.30

(ੲ) ਪਰਿਭਾਸ਼ਾ ਤੇ ਭਾਵ ਪੂਰਵਕ ਸੰਖੇਪ ਜਾਣਕਾਰੀ

1. ਸਿੱਖ ਦੀ ਤਾਰੀਫ਼ 2. ਤਖ਼ਤ ਸਾਹਿਬਾਨ 3. ਕੁਰਹਿਤਾਂ 4. ਤਨਖ਼ਾਹੀਆ
5. ਪਤਿਤ ਨੰ.20

(ਸ) ਦਸ ਪ੍ਰਸ਼ਨਾਂ ਦੇ ਸੰਖੇਪ ਉੱਤਰ ਇਕ ਜਾਂ ਦੋ ਪੰਕਤੀਆਂ ਵਿਚ (ੳ, ਅ, ੲ, ਭਾਗ ਵਿਚੋਂ) ਨੰ.10

# ਤਤਕਰਾ

## ਪਰਚਾ ਦੂਜਾ-ਸਿੱਖ ਇਤਿਹਾਸ ਤੇ ਰਹਿਤ ਮਰਯਾਦਾ


| | |
|---|---|
| ਭਾਈ ਮਤੀ ਦਾਸ ਜੀ | 97 |
| ਭਾਈ ਮਨੀ ਸਿੰਘ ਜੀ | 101 |
| ਬਾਬਾ ਬੰਦਾ ਸਿੰਘ ਬਹਾਦਰ | 109 |
| ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ | 119 |
| ਭਾਈ ਤਾਰੂ ਸਿੰਘ ਜੀ | 125 |
| ਪੰਜ ਪਿਆਰਿਆਂ ਦੀ ਚੋਣ ਅਤੇ ਜੀਵਨ ਇਤਿਹਾਸ | 129 |
| ਅੰਮ੍ਰਿਤ (ਖੰਡੇ ਕੀ ਪਾਹੁਲ) | 134 |
| ਪੰਜ ਕਕਾਰ ਅਤੇ ਇਹਨਾਂ ਦੀ ਮਹੱਤਤਾ | 137 |
| ਕੀਰਤਨ | 140 |
| ਚਾਰ ਸਾਹਿਬਜ਼ਾਦੇ ਜੀਵਨ ਤੇ ਸ਼ਹੀਦੀ | 143 |
| ਸਿੱਖ ਰਹਿਤ ਮਰਯਾਦਾ ਵਿਚ 'ਸਿੱਖ ਦੀ ਤਾਰੀਫ਼' | 148 |
| ਤਖ਼ਤ ਅਤੇ ਤਖ਼ਤ ਸਾਹਿਬਾਨ ਦੀ ਇਤਿਹਾਸਕ ਮਹੱਤਤਾ | 151 |
| ਸਿੱਖ ਰਹਿਤ ਮਰਯਾਦਾ ਅਨੁਸਾਰ ਚਾਰ ਬੱਜਰ ਕੁਰਹਿਤਾਂ | 155 |
| 'ਤਨਖ਼ਾਹੀਆ' | 158 |
| 'ਪਤਿਤ' | 162 |
| ਪ੍ਰਸ਼ਨ ਪੱਤਰ ਦੀ ਰੂਪ ਰੇਖਾ | 164 |
| ਵਿਦਿਆਰਥੀਆਂ ਦੇ ਆਮ ਗਿਆਨ ਲਈ | 166 |
| ਅਰਦਾਸ | 167 |

# ਭਾਈ ਮਤੀ ਦਾਸ ਜੀ

ਅਸੀਂ ਰੋਜ਼ਾਨਾ ਅਰਦਾਸ ਵਿਚ ਜਿਨ੍ਹਾਂ ਸਿੰਘਾਂ ਸਿੰਘਣੀਆਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਬੋਲਦੇ ਹਾਂ ਉਸ ਵਿਚ ''ਆਰਿਆਂ ਨਾਲ ਚਿਰਾਏ ਗਏ'' ਸ਼ਬਦ ਵੀ ਆਉਂਦਾ ਹੈ। ਭਾਈ ਮਤੀ ਦਾਸ ਜੀ ਦਾ ਤਨ ਵੀ ਆਰੇ ਨਾਲ ਚੀਰਿਆ ਗਿਆ ਸੀ। ਹੁਣ ਅਸੀਂ ਉਹਨਾਂ ਦੇ ਜੀਵਨ ਇਤਿਹਾਸ ਸੰਬੰਧੀ ਵਿਚਾਰ ਕਰਾਂਗੇ।

(ੳ) <u>ਭਾਈ ਮਤੀ ਦਾਸ ਜੀ ਦਾ ਜੀਵਨ ਤੇ ਪਿਛੋਕੜ :</u>

ਭਾਈ ਮਤੀ ਦਾਸ ਜੀ ਪਿੰਡ ਕਰਿਆਲਾ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਜੀ ਦਾ ਨਾਮ ਭਾਈ ਹੀਰਾ ਨੰਦ ਤੇ ਦਾਦਾ ਜੀ ਦਾ ਨਾਮ ਸ੍ਰੀ ਦਵਾਰਕਾ ਦਾਸ ਸੀ। ਮਤੀ ਦਾਸ ਦੇ ਪੜਦਾਦਾ ਭਾਈ ਪਰਾਗਾ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖ ਧਰਮ ਧਾਰਨ ਕੀਤਾ। ਫਿਰ ਸਿੱਖ ਧਰਮ ਤੋਂ ਏਨਾ ਪ੍ਰਭਾਵਤ ਹੋਏ ਕਿ ਆਪਣੇ ਪੁੱਤਰ ਹੀਰਾ ਨੰਦ ਅਤੇ ਚਾਰੇ ਪੋਤਰਿਆਂ ਮਤੀ ਦਾਸ, ਸਤੀ ਦਾਸ, ਜਤੀ ਦਾਸ ਤੇ ਸਖੀ ਦਾਸ ਨੂੰ ਵੀ ਚਰਨ ਪਾਹੁਲ ਦੁਆਰਾ ਸਿੱਖ ਸਜਾਇਆ।

ਭਾਈ ਹੀਰਾ ਨੰਦ ਜੀ ਨੇ ਆਪਣੇ ਦੋਵੇਂ ਪੁੱਤਰਾਂ ਮਤੀ ਦਾਸ ਤੇ ਸਤੀ ਦਾਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਕੀਤਾ। ਭਾਈ ਮਤੀ ਦਾਸ ਜੀ ਆਪਣੇ ਪਿਤਾ ਵਾਂਗ ਕਥਨੀ ਤੇ ਕਰਨੀ ਦੇ ਸੂਰੇ ਸਨ। ਚੰਗੀ ਡੀਲ ਡੌਲ ਵਾਲੇ ਤੇ ਦਰਸ਼ਨੀ ਪੁਰਸ਼ ਸਨ। ਹਿਸਾਬ ਕਿਤਾਬ ਵਿਚ ਨਿਪੁੰਨ ਤੇ ਸਰੀਰਕ ਬਲ ਵਿਚ ਯੋਧੇ ਸਨ। ਜਦੋਂ ਬਾਬਾ ਬਕਾਲਾ ਵਿਖੇ ਧੀਰਮੱਲ ਦੇ ਹਮਾਇਤੀ ਸ਼ੀਹਾਂ ਮਸੰਦ ਨੇ ਨੌਵੇਂ ਪਾਤਸ਼ਾਹ ਜੀ ਉੱਪਰ ਗੋਲੀ ਚਲਾਈ ਸੀ ਤਾਂ ਭਾਈ ਮਤੀ ਦਾਸ ਜੀ ਨੇ ਬੜੀ ਦਲੇਰੀ ਨਾਲ ਉਸ ਦਾ ਟਾਕਰਾ ਕੀਤਾ ਸੀ।

ਭਾਈ ਮਤੀ ਦਾਸ ਦੇ ਪਿਤਾ ਜੀ ਭਾਈ ਹੀਰਾ ਨੰਦ ਦੀਵਾਨ ਦਰਗਹ ਮੱਲ ਦੇ ਭਾਈ ਸਨ। ਦਰਗਹ ਮੱਲ ਅੱਠਵੇਂ ਗੁਰੂ ਜੀ ਦੇ ਸਮੇਂ ਦੀਵਾਨ ਦੀ ਪਦਵੀ 'ਤੇ ਰਹੇ। ਜਦ ਨੌਵੇਂ ਪਾਤਸ਼ਾਹ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ ਤਾਂ ਉਹਨਾਂ ਨੇ ਵੀ ਦੀਵਾਨ ਦਰਗਹ ਮੱਲ ਨੂੰ ਦੀਵਾਨ ਦੀ ਪਦਵੀ ਸੌਂਪੀ। ਉਹਨਾਂ ਨੇ ਵਡੇਰੀ ਉਮਰ ਹੋਣ ਕਰਕੇ ਇਹ ਸੇਵਾ ਆਪਣੇ ਭਤੀਜੇ ਭਾਈ ਮਤੀ ਦਾਸ ਨੂੰ ਦੇਣ ਦੀ ਬੇਨਤੀ ਕੀਤੀ। ਭਾਈ ਮਤੀ ਦਾਸ ਜੀ ਫ਼ਾਰਸੀ ਦੇ ਵਿਦਵਾਨ ਸਨ। ਇਸ ਸੰਬੰਧੀ ਸਰੂਪ ਦਾਸ ਭੱਲਾ ਨੇ ਲਿਖਿਆ ਹੈ :-

*ਮਤੀ ਦਾਸ ਗੁਰ ਕੇ ਦੀਵਾਨ, ਸਿੱਖੀ ਕੋ ਪੂਰਨ ਪ੍ਰਮਾਨ॥*

(ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼)

ਇਸ ਤਰ੍ਹਾਂ ਭਾਈ ਮਤੀ ਦਾਸ ਜੀ ਦਾ ਗੁਰੂ ਤੇਗ਼ ਬਹਾਦਰ ਜੀ ਨਾਲ ਏਨਾ ਪਿਆਰ ਸੀ ਕਿ ਜਦ ਸਤਿਗੁਰੂ 1665 ਈ. ਵਿਚ ਪੂਰਬ ਦੀ ਯਾਤਰਾ 'ਤੇ ਪ੍ਰਚਾਰ ਲਈ ਗਏ ਤਾਂ ਭਾਈ ਮਤੀ ਦਾਸ ਤੇ ਉਹਨਾਂ ਦੇ ਛੋਟੇ ਭਾਈ ਸਤੀ ਦਾਸ ਜੀ ਨਾਲ ਹੀ ਸਨ।

ਜਦ ਗੁਰੂ ਜੀ ਪੂਰਬ ਦੀ ਯਾਤਰਾ ਤੋਂ ਪਰਤ ਕੇ ਪੰਜਾਬ ਆਏ ਤਾਂ ਅਨੰਦਪੁਰ ਸਾਹਿਬ ਵਿਖੇ ਕਸ਼ਮੀਰੀ ਬ੍ਰਾਹਮਣ, ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਦਰਬਾਰ ਵਿਚ ਹਾਜ਼ਰ ਹੋਏ। ਉਹਨਾਂ ਨੂੰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਜਬਰੀਂ ਮੁਸਲਮਾਨ ਬਨਾਉਣੇ ਚਾਹੁੰਦਾ ਸੀ। ਗੁਰੂ ਜੀ ਉਹਨਾਂ ਦੇ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਵਾਸਤੇ ਜਦ ਦਿੱਲੀ ਨੂੰ ਰਵਾਨਾ ਹੋਏ ਤਾਂ ਭਾਈ ਮਤੀ ਦਾਸ ਤੇ ਸਤੀ ਦਾਸ ਦੋਨੋਂ ਭਾਈ ਸਾਥ ਗਏ।

(ਅ) <u>ਭਾਈ ਮਤੀ ਦਾਸ ਜੀ ਦੀ ਸ਼ਹੀਦੀ :</u>

ਭਾਈ ਮਤੀ ਦਾਸ ਜੀ ਉਹਨਾਂ ਪੰਜ ਗੁਰਸਿੱਖਾਂ ਵਿੱਚੋਂ ਇਕ ਸਨ ਜੋ ਗੁਰੂ ਤੇਗ਼ ਬਹਾਦਰ ਜੀ ਦੇ ਸਾਥ ਦਿੱਲੀ ਵਿਖੇ ਮੁਗ਼ਲ ਹਕੂਮਤ ਨਾਲ ਹਿੰਦੂ ਧਰਮ ਦੀ ਰੱਖਿਆ ਵਾਸਤੇ ਗੱਲਬਾਤ ਲਈ ਗਏ ਸਨ। ਸਤਿਗੁਰੂ ਆਪਣੇ ਸਿੱਖਾਂ ਸਮੇਤ ਜੁਲਾਈ 1675 ਈ. ਨੂੰ ਅਨੰਦਪੁਰ ਸਾਹਿਬ ਤੋਂ ਚੱਲੇ ਸਨ। ਜਦ ਰਸਤੇ ਵਿਚ ਮੁਗ਼ਲ ਹਕੂਮਤ ਦੇ ਸਿਪਾਹੀਆਂ ਨੇ ਸਤਿਗੁਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਬਾਕੀ ਸੰਗਤ ਨੂੰ ਤਾਂ ਸਤਿਗੁਰਾਂ ਨੇ ਵਾਪਸ ਭੇਜ ਦਿੱਤਾ ਸੀ। ਉਸ ਸਮੇਂ ਪੰਜ ਸਿੱਖ ਜੋ ਨਾਲ ਗਏ ਉਹਨਾਂ ਵਿਚ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਤੇ ਭਾਈ ਜੈਤਾ ਜੀ ਸਨ। ਵਿਚਾਰ ਗੋਸ਼ਟੀ ਵਿਚ ਜਦ ਗੱਲ ਸਿਰੇ ਨਾ ਲੱਗਦੀ ਦਿੱਸੀ ਤਾਂ ਗੁਰੂ ਜੀ ਨੇ ਭਾਈ ਗੁਰਦਿੱਤਾ ਜੀ ਤੇ ਭਾਈ ਜੈਤਾ ਜੀ ਨੂੰ ਜਾਣ ਵਾਸਤੇ ਫੁਰਮਾਇਆ।

ਹੁਣ ਸਿੱਖੀ ਸਿਦਕ ਦੀ ਪਰਖ ਦਾ ਸਮਾਂ ਆਇਆ ਜਦ ਮੁਗ਼ਲ ਹਕੂਮਤ ਦੇ ਦਰਬਾਰੀਆਂ ਨੇ ਪਹਿਲਾਂ ਤਿੰਨਾਂ ਗੁਰਸਿੱਖਾਂ ਨੂੰ ਸ਼ਹੀਦ ਕਰਨ ਦਾ ਫ਼ੈਸਲਾ ਕੀਤਾ। ਮੁਗ਼ਲਾਂ ਦਾ ਭਰਮ ਸੀ ਕਿ ਡਰਾਉਣੀ ਕਿਸਮ ਦੀ ਮੌਤ ਦੇਖ ਕੇ ਗੁਰੂ ਦੇ ਸਿੱਖ ਤੇ ਗੁਰੂ ਸਾਹਿਬ ਡਰ ਕੇ ਈਨ ਮੰਨ ਲੈਣਗੇ। ਇਹ ਸਾਕਾ ਨਵੰਬਰ 1675 ਈ. ਨੂੰ ਵਾਪਰਿਆ, ਜਦ ਔਰੰਗਜ਼ੇਬ ਦੇ ਹੁਕਮ ਨਾਲ ਡਰਾਉਣ ਤੇ ਧਮਕਾਉਣ ਦੇ ਅਨੇਕਾਂ ਯਤਨ ਹੋਏ। ਮੁਗ਼ਲਾਂ ਵੱਲੋਂ ਤਿੰਨ ਸ਼ਰਤਾਂ ਰੱਖੀਆਂ ਗਈਆਂ। ਇਸਲਾਮ ਕਬੂਲ ਕਰੋ ਜਾਂ ਕਰਾਮਾਤ ਦਿਖਾਓ ਜਾਂ ਮੌਤ ਲਈ ਤਿਆਰ ਹੋ ਜਾਉ। ਗੁਰੂ ਜੀ ਨੇ ਆਪਣੇ ਧਰਮ ਨੂੰ ਪ੍ਰਾਣਾਂ ਤੋਂ ਪਿਆਰਾ ਕਿਹਾ, ਕਰਾਮਾਤ ਨੂੰ ਕਹਿਰ ਕਿਹਾ ਤੇ ਮੌਤ ਨੂੰ ਪ੍ਰਵਾਨ ਕੀਤਾ।

ਸਭ ਤੋਂ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਸ਼ਹੀਦ ਕੀਤਾ ਗਿਆ। ਇਹ ਸਾਕਾ ਦਿੱਲੀ ਦੇ ਚਾਂਦਨੀ ਚੌਂਕ ਵਿਚ ਵਾਪਰਿਆ। ਇਕ ਪਾਸੇ ਨੌਵੇਂ ਪਾਤਸ਼ਾਹ ਪਿੰਜਰੇ ਵਿਚ ਕੈਦ

ਕੀਤੇ ਹੋਏ ਸਨ। ਭਾਈ ਮਤੀ ਦਾਸ ਜੀ ਨੂੰ ਦੋਹਾਂ ਫੱਟਿਆਂ ਵਿਚ ਬੰਨ੍ਹਿਆ ਗਿਆ। ਇਹ ਤਰੀਕਾ ਬਹੁਤ ਹੀ ਡਰਾਉਣਾ ਤੇ ਭੈ-ਭੀਤ ਕਰਨ ਵਾਲਾ ਸੀ। ਸਿਰ ਉੱਪਰ ਆਰਾ ਰੱਖਦਿਆਂ ਜੱਲਾਦ ਨੇ ਭਾਈ ਮਤੀ ਦਾਸ ਜੀ ਤੋਂ ਆਖ਼ਰੀ ਖਾਹਿਸ਼ ਪੁੱਛੀ। ਭਾਈ ਮਤੀ ਦਾਸ ਜੀ ਨੇ ਕਿਹਾ ਕਿ ਮੇਰਾ ਮੂੰਹ ਗੁਰਦੇਵ ਪਾਤਸ਼ਾਹ ਦੇ ਪਿੰਜਰੇ ਵੱਲ ਕਰ ਦਿਉ। ਆਪ ਨੇ ਇਹ ਵੀ ਫ਼ੁਰਮਾਇਆ :-

*ਆਰਾ ਪਿਆਰਾ ਲਗਤ ਹੈ ਕਾਰਾ ਕਰੋ ਬਨਾਇ॥*
*ਸੀਸ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਇ॥*

ਆਰਾ ਚੱਲਣਾ ਆਰੰਭ ਹੋਇਆ। ਸਿਰ ਵਿੱਚੋਂ ਰੱਤ ਵਹਿ ਕੇ ਧਰਤੀ ਨੂੰ ਲਾਲੋ ਲਾਲ ਕਰ ਰਹੀ ਸੀ। ਭਾਈ ਜੀ ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ। ਉਹਨਾਂ ਦੀ ਅਵਾਜ਼ ਤਦ ਬੰਦ ਹੋਈ ਜਦ ਸਰੀਰ ਦੋ ਟੋਟੇ ਹੋ ਕੇ ਧਰਤੀ ਉੱਪਰ ਡਿੱਗ ਪਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਮੁਖਾਰਬਿੰਦ ਤੋਂ ਬੋਲੇ—''ਧੰਨ ਸਿੱਖੀ, ਧੰਨ ਸਿੱਖੀ, ਜਦੋਂ ਤੱਕ ਜ਼ਿਮੀਂ ਤੇ ਅਸਮਾਨ, ਚੰਦ ਤੇ ਸੂਰਜ ਕਾਇਮ ਹੈ, ਇਨਕਾ ਨਾਉਂ ਦੁਨੀਆਂ ਮੇਂ ਰੋਸ਼ਨ ਰਹੇਗਾ।''

(ੲ) ਭਾਈ ਮਤੀ ਦਾਸ ਜੀ ਦੇ ਜੀਵਨ ਪ੍ਰਸੰਗ ਤੋਂ ਸਿੱਖਿਆ :

ਸਾਨੂੰ ਆਪਣੇ ਗੁਰੂ ਉੱਪਰ ਏਨਾ ਭਰੋਸਾ ਹੋਵੇ, ਜਿੰਨਾ ਭਾਈ ਮਤੀ ਦਾਸ ਜੀ ਦਾ ਸਤਿਗੁਰਾਂ ਉੱਪਰ ਸੀ। ਅਸੀਂ ਇਹਨਾਂ ਸਿਦਕੀਆਂ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਧਰਮ ਵਿਚ ਪੱਕੇ ਰਹੀਏ। ਬਾਣੀ ਦਾ ਸਿਮਰਨ ਸਾਨੂੰ ਸ਼ਕਤੀ ਬਖ਼ਸ਼ਦਾ ਹੈ। ਸਿੱਖ ਉੱਤੇ ਕੋਈ ਵੀ ਭੀੜ ਪਵੇ ਉਹ ਗੁਰੂ ਤੋਂ ਬੇਮੁਖ ਨਹੀਂ ਹੁੰਦਾ। ਸਿੱਖ ਦਾ ਇਹ ਵਿਸ਼ਵਾਸ ਹੈ :-

*ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਇ॥*

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ : (ੳ) ਭਾਈ ਮਤੀ ਦਾਸ ਜੀ ਦੇ ਜੀਵਨ ਤੇ ਪਿਛੋਕੜ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ : (ਅ) ਭਾਈ ਮਤੀ ਦਾਸ ਜੀ ਦੀ ਸ਼ਹੀਦੀ ਸੰਬੰਧੀ ਚਾਨਣਾ ਪਾਉ।

ਪ੍ਰਸ਼ਨ : (ੲ) ਭਾਈ ਮਤੀ ਦਾਸ ਜੀ ਦੇ ਜੀਵਨ ਪ੍ਰਸੰਗ ਤੋਂ ਕੀ ਸਿੱਖਿਆ ਮਿਲਦੀ ਹੈ ?

## ਸੰਖੇਪ ਉੱਤਰ ਵਾਲੇ ਪ੍ਰਸ਼ਨ

ਪ੍ਰਸ਼ਨ 1 :- ਭਾਈ ਮਤੀ ਦਾਸ ਜੀ ਕਿਥੋਂ ਦੇ ਰਹਿਣ ਵਾਲੇ ਸਨ ?

ਉੱਤਰ :- ਭਾਈ ਮਤੀ ਦਾਸ ਜੀ ਪਿੰਡ ਕਰਿਆਲਾ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਦੇ ਰਹਿਣ ਵਾਲੇ ਸਨ।

ਪ੍ਰਸ਼ਨ 2 :- ਭਾਈ ਮਤੀ ਦਾਸ ਜੀ ਦੇ ਪਿਤਾ ਦਾ ਕੀ ਨਾਮ ਸੀ ?

ਉੱਤਰ :- ਭਾਈ ਮਤੀ ਦਾਸ ਜੀ ਦੇ ਪਿਤਾ ਦਾ ਨਾਮ ਭਾਈ ਹੀਰਾ ਨੰਦ ਸੀ।

ਪ੍ਰਸ਼ਨ 3 :- ਭਾਈ ਮਤੀ ਦਾਸ ਹੋਣੀ ਕਿੰਨੇ ਭਰਾ ਸਨ ?

ਉੱਤਰ :- ਇਹ ਚਾਰ ਭਰਾ ਸਨ— 'ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਜਤੀ ਦਾਸ ਤੇ ਭਾਈ ਸਖੀ ਦਾਸ।'

ਪ੍ਰਸ਼ਨ 4 :- ਦਰਗਹ ਮੱਲ ਕੌਣ ਸਨ ?

ਉੱਤਰ :- ਭਾਈ ਦਰਗਹ ਮੱਲ, ਮਤੀ ਦਾਸ ਦੇ ਪਿਤਾ ਦੇ ਭਾਈ ਅਤੇ ਅੱਠਵੇਂ ਗੁਰੂ ਜੀ ਦੇ ਦੀਵਾਨ ਸਨ।

ਪ੍ਰਸ਼ਨ 5 :- ਦਰਗਹ ਮੱਲ ਤੋਂ ਬਾਅਦ ਨੌਵੇਂ ਪਾਤਸ਼ਾਹ ਜੀ ਦੇ ਦੀਵਾਨ ਕੌਣ ਸਨ ?

ਉੱਤਰ :- ਨੌਵੇਂ ਪਾਤਸ਼ਾਹ ਜੀ ਦੇ ਦੀਵਾਨ ਭਾਈ ਮਤੀ ਦਾਸ ਜੀ ਸਨ।

ਪ੍ਰਸ਼ਨ 6 :- ਭਾਈ ਮਤੀ ਦਾਸ ਜੀ ਬਾਰੇ ਸਰੂਪ ਦਾਸ ਭੱਲਾ ਨੇ ਕੀ ਲਿਖਿਆ ਹੈ ?

ਉੱਤਰ :- *'ਮਤੀ ਦਾਸ ਗੁਰ ਕੇ ਦੀਵਾਨ, ਸਿੱਖੀ ਕੋ ਪੂਰਨ ਪ੍ਰਮਾਨ॥'*

ਪ੍ਰਸ਼ਨ 7 :- ਨੌਵੇਂ ਪਾਤਸ਼ਾਹ ਜੀ ਨਾਲ ਦਿੱਲੀ ਜਾਣ ਵਾਲੇ ਪੰਜ ਗੁਰਸਿੱਖਾਂ ਦੇ ਨਾਮ ਲਿਖੋ।

ਉੱਤਰ :- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਤੇ ਭਾਈ ਜੈਤਾ ਜੀ ਸਨ।

ਪ੍ਰਸ਼ਨ 8 :- ਮੁਗ਼ਲਾਂ ਵੱਲੋਂ ਨੌਵੇਂ ਪਾਤਸ਼ਾਹ ਜੀ ਅੱਗੇ ਕਿਹੜੀਆਂ ਤਿੰਨ ਸ਼ਰਤਾਂ ਰੱਖੀਆਂ ਗਈਆਂ ?

ਉੱਤਰ :- ਇਸਲਾਮ ਕਬੂਲ ਕਰੋ ਜਾਂ ਕਰਾਮਾਤ ਦਿਖਾਓ ਜਾਂ ਮੌਤ ਲਈ ਤਿਆਰ ਹੋ ਜਾਓ।

ਪ੍ਰਸ਼ਨ 9 :- ਭਾਈ ਮਤੀ ਦਾਸ ਜੀ ਨੂੰ ਕਿਵੇਂ ਸ਼ਹੀਦ ਕੀਤਾ ਗਿਆ ?

ਉੱਤਰ :- ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ।

ਪ੍ਰਸ਼ਨ 10 :- ਭਾਈ ਮਤੀ ਦਾਸ ਜੀ ਦੀ ਆਖ਼ਰੀ ਖਾਹਿਸ਼ ਕੀ ਸੀ ?

ਉੱਤਰ :- ਉਹਨਾਂ ਦੀ ਆਖ਼ਰੀ ਖਾਹਿਸ਼ ਸੀ ਕਿ ਆਰੇ ਨਾਲ ਚੀਰਨ ਲੱਗਿਆਂ ਮੇਰਾ ਮੂੰਹ ਨੌਵੇਂ ਸਤਿਗੁਰਾਂ ਦੇ ਪਿੰਜਰੇ ਵੱਲ ਕਰ ਦਿਉ।

ਪ੍ਰਸ਼ਨ 11 :- ਭਾਈ ਮਤੀ ਦਾਸ ਜੀ ਨੇ ਸਿੱਖੀ ਸਿਦਕ ਨਿਭਾਉਂਦਿਆਂ ਕੀ ਫ਼ੁਰਮਾਇਆ ?

ਉੱਤਰ :- *ਆਰਾ ਪਿਆਰਾ ਲਗਤ ਹੈ ਕਾਰਾ ਕਰੋ ਬਨਾਇ॥*
*ਸੀਸ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਇ॥*

ਪ੍ਰਸ਼ਨ 12 :- ਨੌਵੇਂ ਸਤਿਗੁਰਾਂ ਨੇ ਭਾਈ ਮਤੀ ਦਾਸ ਜੀ ਦੇ ਸ਼ਹੀਦ ਹੋਣ ਸਮੇਂ ਕੀ ਫ਼ੁਰਮਾਇਆ ?

ਉੱਤਰ :- ਧੰਨ ਸਿੱਖੀ-ਧੰਨ ਸਿੱਖੀ, ਜਦ ਤਕ ਜ਼ਿਮੀਂ ਤੇ ਅਸਮਾਨ, ਚੰਦ ਤੇ ਸੂਰਜ ਕਾਇਮ ਹੈ, ਇਨਕਾ ਨਾਉਂ ਦੁਨੀਆਂ ਮੇਂ ਰੋਸ਼ਨ ਰਹੇਗਾ।

☆☆☆

# ਭਾਈ ਮਨੀ ਸਿੰਘ ਜੀ

(ੳ) ਭਾਈ ਮਨੀ ਸਿੰਘ ਜੀ ਦਾ ਮੁੱਢਲਾ ਜੀਵਨ ਤੇ ਪਰਿਵਾਰਕ ਪਿਛੋਕੜ :

ਭਾਈ ਮਨੀ ਸਿੰਘ ਦਾ ਜਨਮ ਪੰਵਾਰ ਗੋਤ ਦੇ ਰਾਜਪੂਤ ਭਾਈ ਮਾਈ ਦਾਸ ਦੇ ਘਰ ਮਾਤਾ ਮਧਰੀ ਬਾਈ ਦੇ ਉਦਰ ਤੋਂ 10 ਮਾਰਚ 1644 ਈ. ਨੂੰ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ (ਹੁਣ ਪਾਕਿਸਤਾਨ) ਵਿਖੇ ਹੋਇਆ। ਆਪ ਦਾ ਬਚਪਨ ਦਾ ਨਾਮ ਮਨੀ ਰਾਮ ਸੀ। ਜਦ ਦਸਮ ਪਾਤਸ਼ਾਹ ਜੀ ਨੇ 1699 ਈ. ਦੀ ਵੈਸਾਖੀ ਨੂੰ ਖ਼ਾਲਸਾ ਪੰਥ ਸਾਜਿਆ ਤਾਂ ਆਪ ਅੰਮ੍ਰਿਤ ਛਕ ਕੇ ਮਨੀ ਰਾਮ ਤੋਂ ਮਨੀ ਸਿੰਘ ਸੱਜ ਗਏ।

ਭਾਈ ਮਨੀ ਸਿੰਘ ਜੀ ਦੇ ਪਰਿਵਾਰ ਦਾ ਸੰਬੰਧ ਗੁਰੂ ਘਰ ਨਾਲ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਜੁੜ ਜਾਂਦਾ ਹੈ। ਆਪ ਦੇ ਦਾਦਾ ਭਾਈ ਬੱਲੂ ਜੀ ਛੇਵੇਂ ਪਾਤਸ਼ਾਹ ਜੀ ਦੇ ਪ੍ਰਸਿੱਧ ਜਰਨੈਲ ਸਨ। ਇਹ ਕਿੰਨੇ ਸੁਭਾਗ ਦੀ ਗੱਲ ਹੈ ਕਿ ਭਾਈ ਮਨੀ ਸਿੰਘ ਜੀ ਨੇ ਸੱਤਵੇਂ, ਅੱਠਵੇਂ, ਨੌਵੇਂ ਤੇ ਦਸਵੇਂ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ। ਸੰਨ 1657 ਨੂੰ ਜਦ ਆਪ ਦੀ ਉਮਰ 13 ਸਾਲ ਦੀ ਸੀ ਤਾਂ ਪਿਤਾ ਸ੍ਰੀ ਮਾਈ ਦਾਸ ਜੀ ਦੇ ਨਾਲ ਕੀਰਤਪੁਰ ਸਾਹਿਬ ਵਿਖੇ ਆਪ ਨੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ।

ਆਪ ਦੀ ਉਮਰ 15 ਸਾਲ ਸੀ ਜਦ ਇਹਨਾਂ ਦਾ ਵਿਆਹ ਭਾਈ ਲੱਖੀ ਸ਼ਾਹ ਦੀ ਪੁੱਤਰੀ ਸੀਤੋ ਬਾਈ ਨਾਲ ਹੋਇਆ। ਇਹ ਉਹੋ ਲੱਖੀ ਸ਼ਾਹ ਸੀ ਜਿਸ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਧੜ ਦਾ ਸਸਕਾਰ ਆਪਣੇ ਘਰ ਨੂੰ ਅੱਗ ਲਾ ਕੇ ਕੀਤਾ ਸੀ। ਉਸ ਸਮੇਂ ਉਹ ਕਾਰੋਬਾਰ ਕਰ ਕੇ ਦਿੱਲੀ ਵੱਸੇ ਹੋਏ ਸਨ।

ਭਾਈ ਮਨੀ ਸਿੰਘ ਜੀ ਨੇ ਸੱਤਵੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਸੇਵਾ ਸ਼ੁਰੂ ਕੀਤੀ। ਉਹਨਾਂ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਆਪ ਅੱਠਵੇਂ ਸਤਿਗੁਰਾਂ ਦੀ ਸੇਵਾ ਵਿਚ ਵਿਚਰਦੇ ਰਹੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ ਦਿੱਲੀ ਜਾਣ ਵਾਲੇ ਸਿੱਖਾਂ ਵਿਚ ਆਪ ਸ਼ਾਮਲ ਸਨ। ਜਦ ਅੱਠਵੇਂ ਪਾਤਸ਼ਾਹ ਦਿੱਲੀ ਵਿਖੇ 30 ਮਾਰਚ 1664 ਈ. ਨੂੰ ਜੋਤੀ ਜੋਤ ਸਮਾ ਗਏ ਤਾਂ ਭਾਈ ਮਨੀ ਸਿੰਘ ਜੀ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸੇਵਾ ਵਿਚ ਆ ਹਾਜ਼ਰ ਹੋਏ। ਜਦ ਗੁਰੂ ਤੇਗ਼ ਬਹਾਦਰ ਜੀ ਦਿੱਲੀ ਵਿਖੇ ਤਿਲਕ

ਜੰਞੂ ਦੀ ਰੱਖਿਆ ਲਈ ਸ਼ਹੀਦੀ ਪਾ ਕੇ ਵੱਡਾ ਸਾਕਾ ਕਰ ਗਏ ਤਾਂ ਉਸ ਸਮੇਂ ਭਾਈ ਮਨੀ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਮ ਪਾਤਸ਼ਾਹ ਜੀ ਦੀ ਸੇਵਾ ਵਿਚ ਤਤਪਰ ਸਨ। ਦਸਮ ਪਾਤਸ਼ਾਹ ਜੀ ਦੇ ਕਰ-ਕਮਲਾਂ ਤੋਂ ਹੀ ਆਪ ਨੇ ਅੰਮ੍ਰਿਤਪਾਨ ਕੀਤਾ। ਆਪ ਗੁਰਬਾਣੀ ਦੇ ਪ੍ਰਬੀਨ ਲਿਖਾਰੀ ਤੇ ਗੁਰਮਤਿ ਦੇ ਵਿਦਵਾਨ ਸਨ। ਦਸਮ ਪਾਤਸ਼ਾਹ ਜੀ ਨੇ ਆਪ ਨੂੰ ਗੁਰਬਾਣੀ ਦੇ ਗੁਟਕੇ, ਪੋਥੀਆਂ ਤੇ ਸ੍ਰੀ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਖਣ ਦੀ ਸੇਵਾ ਲਈ ਨਿਯੁਕਤ ਕੀਤਾ। ਭਾਈ ਸੇਵਾ ਸਿੰਘ ਨੇ ਸ਼ਹੀਦ ਬਿਲਾਸ ਵਿਚ ਲਿਖਿਆ ਹੈ :-

*ਆਯੂ ਪੈਂਤੀ ਬਰਸ ਕੀ, ਮਨੀ ਸਿੰਘ ਕੀ ਆਹਿ॥*
*ਲਿਖੇ ਲਿਖਾਏ ਪੋਥੀਆਂ, ਮਨ ਮਹਿ ਬਹੁਤ ਉਤਸ਼ਾਹਿ॥*

ਭਾਈ ਮਨੀ ਸਿੰਘ ਜੀ ਅਨੰਦਪੁਰ ਰਹਿਣ ਸਮੇਂ ਜਿਥੇ ਲਿਖਣ ਦੀ ਸੇਵਾ ਨਿਭਾਉਂਦੇ ਸਨ, ਉਥੇ ਹਰ ਰੋਜ਼ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾ ਕੇ ਵੀ ਨਿਹਾਲ ਕਰਦੇ ਰਹੇ। ਭਾਈ ਮਨੀ ਸਿੰਘ ਜੀ ਦਾ ਖ਼ਾਨਦਾਨ ਗੁਰੂ-ਘਰ ਦੇ ਸੇਵਕਾਂ ਦਾ ਘਰ ਸੀ। ਭਾਈ ਸਾਹਿਬ ਦੇ ਦਾਦਾ ਜੀ, ਦਸ ਭਰਾ, ਆਪ ਦੇ ਪੁੱਤਰ ਤੇ ਪੋਤਰਿਆਂ ਦੀ ਗੁਰੂ-ਘਰ ਲਈ ਕੁਰਬਾਨੀ ਬਹੁਤ ਮਹਾਨ ਹੈ। ਭਾਈ ਮਨੀ ਸਿੰਘ ਜੀ ਨੇ ਆਪਣੇ ਪੰਜ ਪੁੱਤਰ ਬਚਿੱਤਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਤੇ ਅਜਾਇਬ ਸਿੰਘ ਦਸਮ ਪਾਤਸ਼ਾਹ ਜੀ ਨੂੰ ਭੇਟ ਕੀਤੇ। ਸਤਿਗੁਰਾਂ ਨੇ ਇਹਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਅਨੰਦਗੜ੍ਹ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਪਹਾੜੀਆਂ ਵੱਲੋਂ ਭੇਜੇ ਮਸਤ ਹਾਥੀ ਦਾ ਨਾਗਣੀ ਨਾਲ ਮੱਥਾ ਚੀਰਨ ਵਾਲਾ ਸੂਰਮਾ ਭਾਈ ਬਚਿੱਤਰ ਸਿੰਘ ਵੀ ਭਾਈ ਮਨੀ ਸਿੰਘ ਜੀ ਦਾ ਸਪੁੱਤਰ ਸੀ। ਆਪ ਦੇ ਚਾਰ ਸਪੁੱਤਰਾਂ ਨੇ ਚਮਕੌਰ ਦੀ ਜੰਗ ਵਿਚ ਸ਼ਹੀਦੀ ਪਾਈ। ਭਾਈ ਮਨੀ ਸਿੰਘ ਜੀ ਦੀ ਸ਼ਖ਼ਸੀਅਤ ਨਿਰਾਲੀ ਸੀ। ਉਹ ਲੇਖਕ, ਵਿਦਵਾਨ, ਕਥਾ ਵਾਚਕ, ਸੂਰਬੀਰ ਤੇ ਵਧੀਆ ਪ੍ਰਬੰਧਕ ਸਨ। ਇਸ ਸੰਤ-ਸਿਪਾਹੀ ਦਾ ਗੁਰੂ-ਘਰ ਵਿਚ ਹਰ ਪੱਖੋਂ ਨਿਆਰਾ ਯੋਗਦਾਨ ਰਿਹਾ ਹੈ।

### (ਅ) ਭਾਈ ਮਨੀ ਸਿੰਘ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਤੇ ਸ਼ਹੀਦੀ :—

ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਸੰਬੰਧੀ ਥੋੜ੍ਹੀ ਜਿਹੀ ਪਿੱਛੇ ਝਾਤ ਮਾਰੀਏ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1634 ਈ. ਵਿਚ ਸ੍ਰੀ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਚਲੇ ਗਏ ਤੇ ਉਸ ਧਰਤੀ ਨੂੰ ਭਾਗ ਲਾਏ। ਉਹਨਾਂ ਤੋਂ ਬਾਅਦ ਸਰਕਾਰੀ ਮਦਦ ਨਾਲ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਨੇ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਕਰ ਲਿਆ। ਮਿਹਰਵਾਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਹਰਿ ਜੀ ਗੱਦੀ ਮੱਲ ਬੈਠਾ। ਹਰਿ ਜੀ ਦੀ ਮੌਤ ਤੋਂ ਬਾਅਦ ਉਹਦਾ ਵੱਡਾ ਪੁੱਤਰ ਨਿਰੰਜਨ ਰਾਇ ਕਾਬਜ਼ ਹੋ ਗਿਆ। ਫਿਰ

ਤਿੰਨਾਂ ਭਰਾਵਾਂ ਦੀ ਫੁਟ ਪੈਣ ਕਰ ਕੇ ਉਹ ਅੰਮ੍ਰਿਤਸਰ ਛੱਡ ਕੇ ਵੱਖ-ਵੱਖ ਥਾਵਾਂ 'ਤੇ ਚਲੇ ਗਏ।

ਜਦ ਹਰਿ ਜੀ ਦੀ ਸੰਤਾਨ ਅੰਮ੍ਰਿਤਸਰ ਛੱਡ ਗਈ ਤਾਂ ਸ੍ਰੀ ਹਰਿਮੰਦਰ ਸਾਹਿਬ ਦਾ ਕੋਈ ਪ੍ਰਬੰਧਕ ਨਾ ਰਿਹਾ। ਅੰਮ੍ਰਿਤਸਰ ਸ਼ਹਿਰ ਦੀ ਸੰਗਤ 1699 ਈ. ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਪੁੱਜੀ ਤਾਂ ਉਹਨਾਂ ਦੀ ਬੇਨਤੀ ਕਰਨ 'ਤੇ ਕਲਗੀਧਰ ਪਾਤਸ਼ਾਹ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਕੇ ਭੇਜਿਆ। ਉਹਨਾਂ ਦੇ ਨਾਲ ਪੰਜ ਤਿਆਰ-ਬਰ-ਤਿਆਰ ਸਿੰਘ ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ ਭੇਜੇ। ਇਹ ਸਾਰੇ ਗੁਰੂ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੇ ਨਿਸ਼ਾਨ ਸਾਹਿਬ ਲੈ ਕੇ ਅਨੰਦਪੁਰ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਆਏ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਧਾਰਮਿਕ ਮਰਯਾਦਾ ਭਾਈ ਮਨੀ ਸਿੰਘ ਜੀ ਨੇ ਦੁਬਾਰਾ ਗੁਰਮਤਿ ਅਨੁਸਾਰ ਆਰੰਭ ਕਰਵਾਈ।

ਜਦ ਦਸਮੇਸ਼ ਪਿਤਾ ਨੇ 1704 ਈ. ਵਿਚ ਅਨੰਦਪੁਰ ਸਾਹਿਬ ਛੱਡਿਆ ਤਾਂ ਆਪ ਸਤਿਗੁਰਾਂ ਦੀ ਆਗਿਆ ਪਾ ਕੇ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਨੂੰ ਨਾਲ ਲੈ ਕੇ ਦਿੱਲੀ ਪਹੁੰਚੇ। ਫਿਰ ਆਪ ਦਿੱਲੀ ਤੋਂ ਗੁਰੂ ਕੇ ਮਹਿਲਾਂ ਦੇ ਨਾਲ ਦਮਦਮਾ ਸਾਹਿਬ ਆਏ। ਇਥੇ ਹੀ ਦਸਮ ਪਾਤਸ਼ਾਹ ਜੀ ਨੇ ਭਾਈ ਮਨੀ ਸਿੰਘ ਜੀ ਦੀ ਕਲਮ ਤੋਂ ਆਪਣੀ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ। ਇਸ ਵਿਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਦਰਜ ਹੋਈ। ਇਹ ਬੀੜ ਦਮਦਮੀ ਬੀੜ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਸੰਪੂਰਨ ਸਰੂਪ ਹੀ ਸਿੱਖ ਪੰਥ ਵਿਚ ਪ੍ਰਗਟ ਗੁਰਾਂ ਕੀ ਦੇਹ ਦੇ ਰੂਪ ਵਿਚ ਸ਼ੋਭਨੀਕ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਦਮਦਮਾ ਸਾਹਿਬ ਤੋਂ ਦੱਖਣ ਨੂੰ ਚਲੇ ਗਏ ਤਾਂ ਭਾਈ ਮਨੀ ਸਿੰਘ ਤੇ ਹੋਰ ਚਾਰ ਸਿੱਖਾਂ ਨੂੰ ਅੰਮ੍ਰਿਤਸਰ ਵਾਪਸ ਜਾਣ ਲਈ ਵਿਦਾ ਕਰ ਦਿੱਤਾ। ਉਧਰ 1708 ਈ. ਵਿਚ ਦਸਮ ਪਾਤਸ਼ਾਹ ਜੋਤੀ ਜੋਤ ਸਮਾ ਗਏ ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਨਾਲ ਟੱਕਰ ਲੈ ਕੇ ਖ਼ਾਲਸਾ ਰਾਜ ਸਥਾਪਤ ਕੀਤਾ। ਕੁਝ ਸਮਾਂ ਭਾਈ ਮਨੀ ਸਿੰਘ ਝੰਗ ਦੇ ਇਲਾਕੇ ਵਿਚ ਰਹੇ। ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ 1716 ਈ. ਨੂੰ ਹੋਈ। ਉਸ ਤੋਂ ਬਾਅਦ ਤੱਤ ਖ਼ਾਲਸਾ ਤੇ ਬੰਦਈ ਸਿੱਖਾਂ ਵਿਚ ਆਪਸੀ ਮੱਤ-ਭੇਦ ਵਧਣ ਕਰਕੇ ਝਗੜਾ ਚੱਲ ਪਿਆ। ਇਥੇ ਭਾਈ ਮਨੀ ਸਿੰਘ ਜੀ ਨੇ ਪਰਚੀਆਂ ਪਾ ਕੇ ਫ਼ੈਸਲਾ ਕੀਤਾ। ਭਾਈ ਸਾਹਿਬ ਜੀ ਨੇ ਕਈ ਪੁਸਤਕਾਂ ਰਚੀਆਂ, ਜਿਵੇਂ ਗਿਆਨ ਰਤਨਾਵਲੀ ਆਪ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ। ਆਪ ਜੀ ਨੇ ਸ੍ਰੀ ਦਸਮ ਗ੍ਰੰਥ ਦੀ ਵੀ ਸੰਪਾਦਨਾ ਕੀਤੀ।

ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਪਿੱਛੇ ਸਿੱਖ ਪੰਥ ਉਪਰ ਆਈਆਂ

ਔਕੜਾਂ ਸਮੇਂ ਜਿਥੇ ਆਪ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਹੁ-ਰੀਤ ਨਿਭਾਉਂਦੇ ਰਹੇ ਉਥੇ ਕੌਮੀ ਉਨਤੀ ਲਈ ਸਿੰਘਾਂ ਦੀ ਯੋਗ ਅਗਵਾਈ ਤੇ ਸਹਾਇਤਾ ਵੀ ਕਰਦੇ ਰਹੇ। ਇਕ ਪਾਸੇ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਸਿੱਖਾਂ ਨੂੰ ਹਰ ਹੀਲੇ ਖ਼ਤਮ ਕਰਨਾ ਚਾਹੁੰਦਾ ਸੀ। ਭਾਈ ਮਨੀ ਸਿੰਘ ਜੀ ਨੇ 1734 ਈ. ਦੀ ਵਿਸਾਖੀ ਮਨਾਉਣ ਲਈ ਪੰਜ ਹਜ਼ਾਰ ਦੀ ਰਕਮ ਦੇਣ ਦਾ ਇਕਰਾਰ ਕਰਕੇ, ਲਾਹੌਰ ਦੇ ਸੂਬੇਦਾਰ ਤੋਂ ਆਗਿਆ ਲੈ ਲਈ। ਉਧਰ ਜ਼ਕਰੀਆ ਖ਼ਾਂ ਦੀ ਨੀਯਤ ਖੋਟੀ ਸੀ ਕਿ ਜਦੋਂ ਸਿੰਘ ਅੰਮ੍ਰਿਤਸਰ ਵਿਖੇ ਵਿਸਾਖੀ 'ਤੇ ਇਕੱਠੇ ਹੋਣਗੇ ਤਾਂ ਵੱਡਾ ਹਮਲਾ ਕਰਕੇ ਖ਼ਤਮ ਕਰ ਦਿਆਂਗੇ।

ਭਾਈ ਸਾਹਿਬ ਨੇ ਹਕੂਮਤ ਦੀ ਭੈੜੀ ਨੀਯਤ ਦੇਖ ਕੇ ਸਿੱਖਾਂ ਨੂੰ ਅੰਮ੍ਰਿਤਸਰ ਆਉਣ ਤੋਂ ਮਨ੍ਹਾਂ ਕਰ ਦਿੱਤਾ। ਹੁਣ ਹਕੂਮਤ ਨੂੰ ਪੰਜ ਹਜ਼ਾਰ ਦੀ ਰਕਮ ਕਿਥੋਂ ਅਦਾ ਕੀਤੀ ਜਾਣੀ ਸੀ ? ਇਸ ਲਈ ਮੁਗ਼ਲਾਂ ਨੇ ਬਦਲੇ ਦੀ ਭਾਵਨਾ ਨਾਲ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ।

ਇਹ ਘਟਨਾ 1734 ਈ. ਦੀ ਹੈ। ਆਪ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਵਿਖੇ ਸ਼ਾਹੀ ਕਿਲ੍ਹੇ ਦੇ ਲਾਗੇ ਚੌਂਕ ਨਖਾਸ ਵਿਚ ਲਿਆਂਦਾ ਗਿਆ। ਉਥੇ ਉਹਨਾਂ ਨੂੰ ਕਿਹਾ ਗਿਆ ਕਿ ਜਾਂ ਤਾਂ ਮੁਸਲਮਾਨ ਹੋ ਜਾਓ ਅਤੇ ਜੇ ਧਰਮ ਨਹੀਂ ਤਿਆਗਣਾ ਤਾਂ ਤੁਹਾਡਾ ਬੰਦ-ਬੰਦ ਕੱਟ ਦਿੱਤਾ ਜਾਵੇਗਾ। ਇਸ ਬਾਣੀ ਬਾਣੇ ਦੇ ਪ੍ਰਪੱਕ ਯੋਧੇ ਨੇ ਉੱਤਰ ਦਿੱਤਾ ਕਿ ਤੁਸੀਂ ਬੰਦ-ਬੰਦ ਕੱਟੋ, ਪਰ ਗੁਰੂ ਦਾ ਸਿੰਘ ਆਪਣੇ ਧਰਮ ਤੋਂ ਨਹੀਂ ਡੋਲ ਸਕਦਾ। ਭੱਟ ਵਹੀਆਂ ਅਨੁਸਾਰ ਭਾਈ ਸਾਹਿਬ ਦੀ ਉਮਰ ਉਸ ਸਮੇਂ 90 ਸਾਲ ਸੀ। ਜੱਲਾਦਾਂ ਨੇ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ। ਆਪ ਜੀ ਦਾ ਜੀਵਨ ਕਿੰਨਾ ਮਹਾਨ ਹੈ ਜਿਨ੍ਹਾਂ ਨੇ ਹਰ ਸੁਆਸ ਗੁਰੂ ਘਰ ਦੀ ਸੇਵਾ ਤੇ ਧਰਮ ਦੀ ਪਾਲਣਾ ਕਰਨ ਵਿਚ ਲਾਇਆ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਭਾਈ ਮਨੀ ਸਿੰਘ ਜੀ ਦੇ ਮੁੱਢਲੇ ਜੀਵਨ ਤੇ ਪਰਿਵਾਰਕ ਪਿਛੋਕੜ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਅ) ਭਾਈ ਮਨੀ ਸਿੰਘ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਤੇ ਸ਼ਹੀਦੀ ਬਾਰੇ ਲਿਖੋ।

## ਸੰਖੇਪ ਉੱਤਰ ਵਾਲੇ ਪ੍ਰਸ਼ਨ

ਪ੍ਰਸ਼ਨ 1 :- ਭਾਈ ਮਨੀ ਸਿੰਘ ਜੀ ਦਾ ਜਨਮ ਕਦੋਂ ਹੋਇਆ ?

ਉੱਤਰ :- ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ. ਨੂੰ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ (ਪਾਕਿਸਤਾਨ) ਵਿਖੇ ਹੋਇਆ।

ਪ੍ਰਸ਼ਨ 2 :- ਭਾਈ ਮਨੀ ਸਿੰਘ ਜੀ ਦੇ ਮਾਤਾ-ਪਿਤਾ ਦਾ ਨਾਮ ਦੱਸੋ ?

ਉੱਤਰ :- ਭਾਈ ਮਨੀ ਸਿੰਘ ਜੀ ਦੇ ਮਾਤਾ ਦਾ ਨਾਮ ਮਧਰੀ ਬਾਈ ਤੇ ਪਿਤਾ ਦਾ ਨਾਮ ਭਾਈ ਮਾਈ ਦਾਸ ਜੀ ਸੀ।

ਪ੍ਰਸ਼ਨ 3 :- ਭਾਈ ਮਨੀ ਸਿੰਘ ਜੀ ਦਾ ਬਚਪਨ ਦਾ ਕੀ ਨਾਮ ਸੀ ?

ਉੱਤਰ :- ਆਪ ਦਾ ਬਚਪਨ ਦਾ ਨਾਮ ਮਨੀ ਰਾਮ ਸੀ ਤੇ 1699 ਈ. ਨੂੰ ਅੰਮ੍ਰਿਤ ਛਕ ਕੇ ਆਪ ਮਨੀ ਰਾਮ ਤੋਂ ਮਨੀ ਸਿੰਘ ਸਜ ਗਏ।

ਪ੍ਰਸ਼ਨ 4 :- ਭਾਈ ਮਨੀ ਸਿੰਘ ਜੀ ਦੇ ਪਰਿਵਾਰ ਦਾ ਸੰਬੰਧ ਗੁਰੂ-ਘਰ ਨਾਲ ਕਿਵੇਂ ਜੁੜਿਆ ?

ਉੱਤਰ :- ਆਪ ਦੇ ਪਰਿਵਾਰ ਦਾ ਸੰਬੰਧ ਗੁਰੂ-ਘਰ ਨਾਲ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਜੁੜ ਜਾਂਦਾ ਹੈ ਕਿਉਂਕਿ ਆਪ ਦੇ ਦਾਦਾ ਭਾਈ ਬੱਲੂ ਜੀ ਛੇਵੇਂ ਪਾਤਸ਼ਾਹ ਜੀ ਦੇ ਪ੍ਰਸਿੱਧ ਜਰਨੈਲ ਸਨ।

ਪ੍ਰਸ਼ਨ 5 :- ਭਾਈ ਮਨੀ ਸਿੰਘ ਜੀ ਨੇ ਕਿੰਨੇ ਸਤਿਗੁਰਾਂ ਦੇ ਦਰਸ਼ਨ ਕੀਤੇ ?

ਉੱਤਰ :- ਭਾਈ ਮਨੀ ਸਿੰਘ ਜੀ ਨੇ ਚਾਰ ਗੁਰੂ ਸਾਹਿਬਾਨ ਭਾਵ ਸੱਤਵੇਂ, ਅੱਠਵੇਂ, ਨੌਵੇਂ ਤੇ ਦਸਮ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ।

ਪ੍ਰਸ਼ਨ 6 :- ਭਾਈ ਮਨੀ ਸਿੰਘ ਜੀ ਨੇ ਸੱਤਵੇਂ ਪਾਤਸ਼ਾਹ ਜੀ ਦੇ ਪਹਿਲੀ ਵਾਰ ਕਦੋਂ ਦਰਸ਼ਨ ਕੀਤੇ ਸਨ ?

ਉੱਤਰ :- ਭਾਈ ਮਨੀ ਸਿੰਘ ਜੀ ਨੇ 1657 ਈ. ਨੂੰ 13 ਸਾਲ ਦੀ ਉਮਰ ਵਿਚ ਕੀਰਤਪੁਰ ਸਾਹਿਬ ਵਿਖੇ ਆਪਣੇ ਪਿਤਾ ਜੀ ਦੇ ਨਾਲ ਪਹਿਲੀ ਵਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਕੀਤੇ ਸਨ।

ਪ੍ਰਸ਼ਨ 7 :- ਭਾਈ ਮਨੀ ਸਿੰਘ ਜੀ ਦੀ ਸ਼ਾਦੀ ਕਦੋਂ ਹੋਈ ?

ਉੱਤਰ :- ਭਾਈ ਮਨੀ ਸਿੰਘ ਜੀ ਦੀ ਸ਼ਾਦੀ 15 ਸਾਲ ਦੀ ਉਮਰ ਵਿਚ ਭਾਈ ਲੱਖੀ ਸ਼ਾਹ ਜੀ ਦੀ ਸਪੁੱਤਰੀ ਬੀਬੀ ਸੀਤੋ ਬਾਈ ਨਾਲ ਹੋਈ।

ਪ੍ਰਸ਼ਨ 8 :- ਜਦ ਨੌਵੇਂ ਪਾਤਸ਼ਾਹ ਜੀ ਦਿੱਲੀ ਵਿਖੇ ਸ਼ਹੀਦ ਹੋਏ ਤਾਂ ਭਾਈ ਮਨੀ ਸਿੰਘ ਜੀ ਕਿੱਥੇ ਸਨ ?

ਉੱਤਰ :- ਉਸ ਸਮੇਂ ਭਾਈ ਮਨੀ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਦਸਮ ਪਾਤਸ਼ਾਹ ਜੀ ਦੀ ਸੇਵਾ ਵਿਚ ਤਤਪਰ ਸਨ।

ਪ੍ਰਸ਼ਨ 9 :- ਭਾਈ ਮਨੀ ਸਿੰਘ ਜੀ ਬਾਰੇ ਭਾਈ ਸੇਵਾ ਸਿੰਘ ਨੇ ਸ਼ਹੀਦ ਬਿਲਾਸ ਵਿਚ ਕੀ ਲਿਖਿਆ ਹੈ ?

ਉੱਤਰ :- *ਆਯੂ ਪੈਂਤੀ ਬਰਸ ਕੀ, ਮਨੀ ਸਿੰਘ ਕੀ ਆਹਿ॥*
*ਲਿਖੇ ਲਿਖਾਏ ਪੋਥੀਆਂ, ਮਨ ਮਹਿ ਬਹੁਤ ਉਤਸ਼ਾਹਿ॥*

ਪ੍ਰਸ਼ਨ 10 :- ਭਾਈ ਮਨੀ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਖਣ ਦੀ ਸੇਵਾ ਦੇ ਨਾਲ ਹੋਰ ਕੀ ਕਰਦੇ ਸਨ ?

ਉੱਤਰ :- ਭਾਈ ਸਾਹਿਬ ਜੀ ਹਰ ਰੋਜ਼ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾ ਕੇ ਨਿਹਾਲ ਕਰਦੇ ਸਨ।

ਪ੍ਰਸ਼ਨ 11 :- ਭਾਈ ਮਨੀ ਸਿੰਘ ਜੀ ਨੇ ਆਪਣੇ ਕਿੰਨੇ ਸਪੁੱਤਰ ਦਸਮ ਪਾਤਸ਼ਾਹ ਜੀ ਨੂੰ ਭੇਂਟ ਕੀਤੇ ?

ਉੱਤਰ :- ਭਾਈ ਸਾਹਿਬ ਜੀ ਨੇ ਪੰਜ ਪੁੱਤਰ ਭਾਈ ਬਚਿੱਤਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਤੇ ਅਜਾਇਬ ਸਿੰਘ ਦਸਮ ਪਾਤਸ਼ਾਹ ਜੀ ਨੂੰ ਭੇਂਟ ਕੀਤੇ।

ਪ੍ਰਸ਼ਨ 12 :- ਪਹਾੜੀਆਂ ਵੱਲੋਂ ਭੇਜੇ ਮਸਤ ਹਾਥੀ ਦਾ ਨਾਗਣੀ ਨਾਲ ਮੱਥਾ ਚੀਰਨ ਵਾਲਾ ਸੂਰਮਾ ਕੌਣ ਸੀ ?

ਉੱਤਰ :- ਮਸਤ ਹਾਥੀ ਦਾ ਨਾਗਣੀ ਨਾਲ ਮੱਥਾ ਚੀਰਨ ਵਾਲਾ ਸੂਰਮਾ ਭਾਈ ਬਚਿੱਤਰ ਸਿੰਘ ਜੀ, ਭਾਈ ਮਨੀ ਸਿੰਘ ਜੀ ਦਾ ਸਪੁੱਤਰ ਸੀ।

ਪ੍ਰਸ਼ਨ 13 :- ਭਾਈ ਮਨੀ ਸਿੰਘ ਜੀ ਦੀ ਸਖ਼ਸ਼ੀਅਤ ਬਾਰੇ ਦੱਸੋ ?

ਉੱਤਰ :- ਭਾਈ ਮਨੀ ਸਿੰਘ ਜੀ ਮਹਾਨ ਲੇਖਕ, ਵਿਦਵਾਨ, ਕਥਾ ਵਾਚਕ, ਸੂਰਬੀਰ ਤੇ ਵਧੀਆ ਪ੍ਰਬੰਧਕ ਸਨ।

ਪ੍ਰਸ਼ਨ 14 :- ਭਾਈ ਮਨੀ ਸਿੰਘ ਜੀ ਨੇ ਬਤੌਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਦੀ ਸੇਵਾ ਕਦੋਂ ਆਰੰਭ ਕੀਤੀ ?

ਉੱਤਰ :- ਭਾਈ ਮਨੀ ਸਿੰਘ ਜੀ ਨੂੰ 1699 ਈ. ਵਿਚ ਦਸਮ ਪਾਤਸ਼ਾਹ ਜੀ ਨੇ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਦੀ ਬੇਨਤੀ ਕਰਨ 'ਤੇ ਮੁੱਖ ਗ੍ਰੰਥੀ ਥਾਪ ਕੇ ਭੇਜਿਆ।

ਪ੍ਰਸ਼ਨ 15 :- ਜਦੋਂ ਦਸਮ ਪਾਤਸ਼ਾਹ ਜੀ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਮਨੀ ਸਿੰਘ ਜੀ ਨੂੰ ਕੀ ਆਗਿਆ ਹੋਈ ?

ਉੱਤਰ :- ਸਤਿਗੁਰਾਂ ਦੀ ਆਗਿਆ ਪਾ ਕੇ ਭਾਈ ਮਨੀ ਸਿੰਘ ਜੀ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਨੂੰ ਨਾਲ ਲੈ ਕੇ ਦਿੱਲੀ ਪਹੁੰਚੇ।

ਪ੍ਰਸ਼ਨ 16 :- ਭਾਈ ਮਨੀ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ ਵਿਖੇ ਕਿਹੜੀ ਮਹਾਨ ਸੇਵਾ ਨਿਭਾਈ ?

ਉੱਤਰ :- ਦਮਦਮਾ ਸਾਹਿਬ ਵਿਖੇ ਦਸਮ ਪਾਤਸ਼ਾਹ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਆਪਣੀ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ।

ਪ੍ਰਸ਼ਨ 17 :- ਤੱਤ ਖ਼ਾਲਸਾ ਤੇ ਬੰਦਈ ਸਿੱਖਾਂ ਦਾ ਫ਼ੈਸਲਾ ਭਾਈ ਮਨੀ ਸਿੰਘ ਜੀ ਨੇ ਕਿਵੇਂ ਕੀਤਾ ?

ਉੱਤਰ :- ਇਹਨਾਂ ਦੋਹਾਂ ਧਿਰਾਂ ਦੇ ਝਗੜੇ ਦਾ ਨਿਪਟਾਰਾ ਭਾਈ ਸਾਹਿਬ ਜੀ ਨੇ ਸਰੋਵਰ ਵਿਚ ਪਰਚੀਆਂ ਪਾ ਕੇ ਕੀਤਾ।

ਪ੍ਰਸ਼ਨ 18 :- ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦਾ ਕੀ ਕਾਰਨ ਸੀ ?

ਉੱਤਰ :- ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਪਿੱਛੋਂ ਆਪ ਸਿੰਘਾਂ ਦੀ ਯੋਗ ਅਗਵਾਈ ਤੇ ਸਹਾਇਤਾ ਕਰਦੇ ਰਹੇ। ਖ਼ਾਨ ਬਹਾਦਰ ਜ਼ਕਰੀਆ ਖ਼ਾਂ ਸਿੱਖਾਂ ਨੂੰ ਹਰ ਤਰ੍ਹਾਂ ਖ਼ਤਮ ਕਰਨਾ ਚਾਹੁੰਦਾ ਸੀ।

ਪ੍ਰਸ਼ਨ 19 :- ਭਾਈ ਮਨੀ ਸਿੰਘ ਜੀ ਨੂੰ ਕਦੋਂ ਗ੍ਰਿਫ਼ਤਾਰ ਕੀਤਾ ਗਿਆ ?

ਉੱਤਰ :- ਭਾਈ ਸਾਹਿਬ ਨੂੰ 1734 ਈ. ਨੂੰ ਗ੍ਰਿਫ਼ਤਾਰ ਕਰਕੇ ਸ਼ਾਹੀ ਕਿਲ੍ਹੇ ਦੇ ਲਾਗੇ ਲਾਹੌਰ ਵਿਖੇ ਚੌਂਕ ਨਖਾਸ ਵਿਚ ਲਿਆਂਦਾ ਗਿਆ।

~~~~~~~~~~~~~~~~~~~~
~~~~~~~~~~~~~~~~~~~~

ਪ੍ਰਸ਼ਨ 20 :- ਮੁਗ਼ਲਾਂ ਨੇ ਭਾਈ ਮਨੀ ਸਿੰਘ ਜੀ ਦੇ ਸਾਹਮਣੇ ਕਿਹੜੀਆਂ ਸ਼ਰਤਾਂ ਰੱਖੀਆਂ ਸਨ ?

ਉੱਤਰ :- ਇਹ ਦੋ ਸ਼ਰਤਾਂ ਸਨ ਕਿ ਜਾਂ ਤਾਂ ਮੁਸਲਮਾਨ ਹੋ ਜਾਓ ਅਤੇ ਜੇ ਧਰਮ ਨਹੀਂ ਤਿਆਗਣਾ ਤਾਂ ਤੁਹਾਡਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਜਾਵੇਗਾ।

ਪ੍ਰਸ਼ਨ 21 :- ਸ਼ਹੀਦ ਹੋਣ ਸਮੇਂ ਭਾਈ ਮਨੀ ਸਿੰਘ ਜੀ ਦੀ ਉਮਰ ਕਿੰਨੀ ਸੀ ?

ਉੱਤਰ :- ਉਸ ਸਮੇਂ ਭਾਈ ਮਨੀ ਸਿੰਘ ਜੀ ਦੀ ਉਮਰ 90 ਸਾਲ ਸੀ।

☆☆☆

# ਬਾਬਾ ਬੰਦਾ ਸਿੰਘ ਬਹਾਦਰ

(ੳ) ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜੀਵਨ ਤੇ ਪਰਿਵਾਰਕ ਪਿਛੋਕੜ :

ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਜੀ ਦਾ ਇਕ ਵਿਸ਼ੇਸ਼ ਸਥਾਨ ਹੈ। ਆਪ ਨੂੰ ਖ਼ਾਲਸਾ ਰਾਜ ਦਾ ਬਾਨੀ ਕਿਹਾ ਜਾਂਦਾ ਹੈ। ਆਪ ਦਾ ਜਨਮ ਅਕਤੂਬਰ 1670 ਈ. ਨੂੰ ਪੱਛਮੀ ਕਸ਼ਮੀਰ ਜ਼ਿਲ੍ਹਾ ਪੁਣਛ ਦੇ ਨਗਰ ਰਾਜੌਰੀ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਰਾਮਦੇਵ ਸੀ ਤੇ ਆਪ ਦਾ ਬਚਪਨ ਦਾ ਨਾਮ ਲਛਮਣ ਦੇਵ ਰੱਖਿਆ ਗਿਆ। ਇਹ ਰਾਜਪੂਤ ਘਰਾਣੇ ਨਾਲ ਸੰਬੰਧ ਰੱਖਦੇ ਸਨ। ਇਹਨਾਂ ਦੇ ਪਿਤਾ ਕਿਰਸਾਨੀ ਦਾ ਕੰਮ ਕਰਦੇ ਸਨ। ਲਛਮਣ ਦੇਵ ਨੂੰ ਵਾਹੀਕਾਰੀ ਤੇ ਸ਼ਸਤਰਾਂ ਦੀ ਸਿਖਲਾਈ ਦਿੱਤੀ ਗਈ। ਆਪ ਸ਼ਸਤਰ ਵਿੱਦਿਆ ਦੇ ਮਾਹਰ ਹੋ ਗਏ ਤੇ ਇਨ੍ਹਾਂ ਨੂੰ ਸ਼ਿਕਾਰ ਖੇਡਣ ਦਾ ਵੀ ਬਹੁਤ ਸ਼ੌਕ ਸੀ।

ਇਕ ਦਿਨ ਜੰਗਲ ਵਿਚ ਸ਼ਿਕਾਰ ਖੇਡਦਿਆਂ ਲਛਮਣ ਦੇਵ ਨੇ ਇਕ ਹਿਰਨੀ ਮਾਰ ਲਈ। ਜਦ ਉਸ ਹਿਰਨੀ ਦਾ ਪੇਟ ਚੀਰਿਆ ਤਾਂ ਵਿੱਚੋਂ ਦੋ ਬੱਚੇ ਨਿਕਲੇ ਜੋ ਉਹਨਾਂ ਦੀਆਂ ਅੱਖਾਂ ਸਾਹਵੇਂ ਤੜਫ-ਤੜਫ ਕੇ ਮਰ ਗਏ। ਇਸ ਘਟਨਾ ਦਾ ਸਹਿਜ ਰੂਪ ਵਿਚ ਲਛਮਣ ਦੇਵ ਦੇ ਮਨ ਉੱਪਰ ਅਜਿਹਾ ਅਸਰ ਹੋਇਆ ਕਿ ਉਹ ਘਰ-ਬਾਰ ਤਿਆਗ ਕੇ ਸਾਧੂ ਬਣ ਗਿਆ। ਕਈ ਵਾਰੀ ਮਨੁੱਖੀ ਜੀਵਨ ਵਿਚ ਕੋਈ ਘਟਨਾ ਅਜਿਹੀ ਘਟ ਜਾਂਦੀ ਹੈ ਕਿ ਉਸ ਦੀ ਸੋਚ ਹੀ ਬਦਲ ਕੇ ਰੱਖ ਦਿੰਦੀ ਹੈ। ਇਸ ਤਰ੍ਹਾਂ ਹੀ ਲਛਮਣ ਦੇਵ ਨਾਲ ਹੋਇਆ।

ਸਾਧੂ ਹੋ ਕੇ ਪਹਿਲਾਂ ਉਹ ਜਾਨਕੀ ਦਾਸ ਸਾਧੂ ਦਾ ਚੇਲਾ ਬਣ ਗਿਆ। ਫਿਰ ਉਹ ਫਿਰਦਾ-ਫਿਰਦਾ ਕਸੂਰ ਦੇ ਲਾਗੇ ਬਾਬਾ ਰਾਮ ਥੰਮਣ ਦੇ ਸਥਾਨ 'ਤੇ ਗਿਆ ਅਤੇ ਰਾਮ ਦਾਸ ਬੈਰਾਗੀ ਦਾ ਚੇਲਾ ਬਣ ਗਿਆ। ਉਸ ਬੈਰਾਗੀ ਨੇ ਲਛਮਣ ਦਾਸ ਦਾ ਨਾਮ ਬਦਲ ਕੇ ਮਾਧੋ ਦਾਸ ਰੱਖ ਦਿੱਤਾ। ਹੁਣ ਮਾਧੋ ਦਾਸ ਦਾ ਮਨ ਅਜੇ ਵੀ ਬੇਚੈਨ ਸੀ ਤੇ ਉਹ ਦੱਖਣ ਵੱਲ ਨਾਸਿਕ ਦੇ ਨੇੜੇ ਪੰਚਵਟੀ ਦੇ ਜੰਗਲਾਂ ਵਿਚ ਚਲਾ ਗਿਆ। ਇਥੇ ਮਾਧੋ ਦਾਸ ਨੇ ਇਕ ਯੋਗੀ ਔਘੜ ਨਾਥ ਤੋਂ ਯੋਗ ਦੀ ਸਿੱਖਿਆ ਪ੍ਰਾਪਤ ਕੀਤੀ। ਫਿਰ ਅੰਤ ਨੂੰ ਨਾਦੇੜ ਜਾ ਕੇ ਆਪਣਾ ਮੱਠ ਕਾਇਮ ਕਰ ਕੇ ਉਥੇ ਹੀ ਨਿਵਾਸ ਕਰ ਲਿਆ। ਉਥੇ ਮਾਧੋ ਦਾਸ ਨੇ ਕੁਟੀਆ ਬਣਾਈ ਤੇ ਭਜਨ ਕਰਨ ਲੱਗ ਪਿਆ। ਆਸ-ਪਾਸ ਦੇ ਲੋਕਾਂ ਵਿਚ ਉਸ ਦਾ ਤਗੜਾ ਪ੍ਰਭਾਵ ਬਣ ਗਿਆ। ਉਹ ਆਪਣੇ ਡੇਰੇ 'ਤੇ ਆਉਣ ਵਾਲੇ ਸਧਾਰਨ ਸਾਧੂ ਸੰਤਾਂ ਦਾ ਮਖੌਲ ਵੀ ਉਡਾਉਂਦਾ ਸੀ।

ਸਮਾਂ ਬੀਤਦਾ ਗਿਆ। ਇਕ ਐਸੀ ਕਲਾ ਵਰਤੀ ਕਿ ਸਤੰਬਰ 1708 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਯਾਤਰਾ ਦੌਰਾਨ ਮਾਧੋ ਦਾਸ ਦੇ ਡੇਰੇ 'ਤੇ ਗਏ। ਮਾਧੋ ਦਾਸ ਨੇ ਆਪਣੇ ਸੁਭਾਅ ਅਨੁਸਾਰ ਗੁਰੂ ਜੀ ਉੱਪਰ ਪ੍ਰਭਾਵ ਪਾਉਣਾ ਚਾਹਿਆ। ਪਰ ਸਤਿਗੁਰਾਂ ਦੇ ਨੂਰੀ ਮੁੱਖ ਤੇ ਬਾਣੀ ਬਾਣੇ ਦੇ ਪ੍ਰਤਾਪ ਤੋਂ ਏਨਾ ਪ੍ਰਭਾਵਤ ਹੋਇਆ ਕਿ ਮਾਧੋ ਦਾਸ ਦਸਮ ਪਾਤਸ਼ਾਹ ਜੀ ਦੇ ਚਰਨਾਂ 'ਤੇ ਢਹਿ ਪਿਆ। ਮਾਧੋ ਦਾਸ ਪੁਕਾਰ ਉਠਿਆ, ਹੇ ਸਤਿਗੁਰੂ ! ਮੈਨੂੰ ਬਖ਼ਸ਼ੋ, ਮੈਂ ਤੁਹਾਡਾ ਬੰਦਾ ਹਾਂ।' ਕਲਗੀਧਰ ਪਾਤਸ਼ਾਹ ਨੇ ਮੁਸਕਰਾ ਕੇ ਕਿਹਾ, ਹਾਂ ! ਤੂੰ ਸਾਡਾ ਹੀ ਬੰਦਾ ਹੈਂ।'

ਮਾਧੋ ਦਾਸ ਨੇ ਸਤਿਗੁਰਾਂ ਦੇ ਚਰਨਾਂ 'ਚ ਬਹਿ ਕੇ ਸਿੱਖ ਇਤਿਹਾਸ ਸੁਣਿਆਂ। ਪਰ ਚਮਕੌਰ ਸਾਹਿਬ ਤੇ ਸਰਹਿੰਦ ਦਾ ਸਾਕਾ ਸੁਣ ਕੇ ਉਸ ਦਾ ਖ਼ੂਨ ਖੌਲ ਉਠਿਆ। ਉਹ ਪੰਜਾਬ ਵਿਚ ਜਾ ਕੇ ਜ਼ਾਲਮਾਂ ਤੇ ਜਾਬਰਾਂ ਨੂੰ ਸੋਧਣ ਲਈ ਤਿਆਰ ਹੋਇਆ। ਗੁਰੂ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਮ ਗੁਰਬਖਸ਼ ਸਿੰਘ ਰੱਖਿਆ ਗਿਆ। ਪਰ ਮਾਧੋ ਦਾਸ ਨੇ ਆਪਣੇ ਆਪ ਨੂੰ ਗੁਰੂ ਦਾ ਬੰਦਾ ਕਿਹਾ ਸੀ, ਇਸ ਲਈ ਆਪ ਦਾ ਨਾਮ ਬੰਦਾ ਸਿੰਘ ਹੀ ਪ੍ਰਚਲਤ ਹੋਇਆ। ਇਸ ਗੁਰੂ ਦੇ ਬੰਦੇ ਦੀ ਬਹਾਦਰੀ ਦੀਆਂ ਧੁੰਮਾਂ ਪੈਣ ਕਰ ਕੇ ਬੰਦਾ ਸਿੰਘ ਬਹਾਦਰ ਕਰ ਕੇ ਜਾਣਿਆ ਜਾਂਦਾ ਹੈ। ਸਤਿਗੁਰਾਂ ਨੇ ਬਾਬਾ ਬੰਦਾ ਸਿੰਘ ਨੂੰ ਖ਼ਾਲਸੇ ਦੀ ਰਹਿਤ ਤੇ ਇਸ ਨਿਰਮਲ ਪੰਥ ਦੇ ਮਹਾਨ ਅਸੂਲਾਂ ਤੋਂ ਜਾਣੂੰ ਕਰਵਾਇਆ। ਪਾਰਸ ਗੁਰੂ ਦੀ ਛੋਹ ਪ੍ਰਾਪਤ ਕਰ ਕੇ ਇਸ ਸੋਨੇ ਦੀ ਚਮਕ ਤੇ ਦਮਕ ਅੱਗੇ ਜ਼ਾਲਮਾਂ ਦੀਆਂ ਅੱਖਾਂ ਕਿਵੇਂ ਚੁੰਧਿਆ ਗਈਆਂ ? ਇਹ ਅਸੀਂ ਅਗਲੇ ਕਾਂਡ ਵਿਚ ਪੜ੍ਹਦੇ ਹਾਂ।

(ਅ) ਬਾਬਾ ਬੰਦਾ ਸਿੰਘ ਬਹਾਦਰ ਤੇ ਖ਼ਾਲਸਾ ਰਾਜ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਨੂੰ ਪੰਜ ਤੀਰ, ਨਿਸ਼ਾਨ ਸਾਹਿਬ ਤੇ ਇਕ ਨਗਾਰਾ ਬਖ਼ਸ਼ਿਆ। ਗੁਰੂ ਜੀ ਨੇ ਉਹਨਾਂ ਨਾਲ ਪੰਜ ਮੁਖੀ ਸਿੱਖ ਭੇਜੇ। ਇਹ ਮੁਖੀ ਸਿੱਖ ਸਨ—ਭਾਈ ਬਾਜ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਾਮ ਸਿੰਘ। ਗੁਰੂ ਜੀ ਨੇ ਬਾਬਾ ਬੰਦਾ ਸਿੰਘ ਨੂੰ ਸਿੰਘਾਂ ਦਾ ਜਥੇਦਾਰ ਥਾਪਿਆ ਅਤੇ ਜ਼ਾਲਮਾਂ ਤੇ ਜਾਬਰਾਂ ਨੂੰ ਸੋਧਣ ਲਈ ਬਾਬਾ ਬੰਦਾ ਸਿੰਘ ਨੇ ਪੰਜਾਬ ਵੱਲ ਕੂਚ ਕੀਤਾ।

ਗੁਰੂ ਜੀ ਨੇ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਵੀ ਭੇਜੇ ਕਿ ਉਹ ਬਾਬਾ ਬੰਦਾ ਸਿੰਘ ਦੀ ਸਹਾਇਤਾ ਕਰਨ। ਕੁਝ ਮਹੀਨਿਆਂ ਵਿਚ ਹੀ ਬਾਬਾ ਜੀ ਸਿੰਘਾਂ ਸਮੇਤ ਦਿੱਲੀ ਲਾਗੇ ਪੁੱਜ ਗਏ। ਰਸਤੇ ਵਿਚ ਹੀ ਉਹਨਾਂ ਨੂੰ ਦਸਮ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾ ਜਾਣ ਦੀ ਖ਼ਬਰ ਮਿਲੀ।

ਜਦ ਬਾਬਾ ਬੰਦਾ ਸਿੰਘ ਜੀ ਨੇ ਪੰਜਾਬ ਦੀਆਂ ਸੰਗਤਾਂ ਨੂੰ ਗੁਰੂ ਜੀ ਦੇ ਹੁਕਮਨਾਮੇ

ਸੰਬੰਧੀ ਜਾਣੂ ਕਰਵਾਇਆ ਅਤੇ ਪ੍ਰੇਰਿਆ ਕਿ ਤੁਹਾਨੂੰ ਸਰਹਿੰਦ ਤੇ ਚਮਕੌਰ ਦੀ ਗੜ੍ਹੀ ਯਾਦ ਕਰਦੀ ਹੈ। ਇਹ ਸੁਣ ਕੇ ਸਤਿਗੁਰੂ ਦੇ ਪਿਆਰੇ ਸਿੱਖ ਆਪਣਾ ਤਨ, ਮਨ ਤੇ ਧਨ ਵਾਰਨ ਲਈ ਬਾਬਾ ਬੰਦਾ ਸਿੰਘ ਨਾਲ ਆ ਰਲੇ। ਸਾਂਭੀਆਂ ਹੋਈਆਂ ਤੇਗਾਂ ਤੇ ਬਰਛੇ ਹੱਥਾਂ 'ਚ ਲੈ ਕੇ ਮਾਝਾ, ਮਾਲਵਾ, ਦੁਆਬਾ ਜਾਗ ਉਠਿਆ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਬਾਬਾ ਬੰਦਾ ਸਿੰਘ ਦੀ ਫ਼ੌਜ ਦੀ ਗਿਣਤੀ ਜੋ ਸ਼ੁਰੂ ਵਿਚ ਚਾਰ ਹਜ਼ਾਰ ਘੋੜ ਸਵਾਰ ਤੇ ਅੱਠ ਹਜ਼ਾਰ ਪਿਆਦਾ (ਪੈਦਲ ਫ਼ੌਜ) ਸੀ, ਉਹ ਛੇਤੀ ਹੀ ਚਾਲੀ ਹਜ਼ਾਰ ਤੱਕ ਪਹੁੰਚ ਗਈ।

ਸਭ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਨੇ ਨਵੰਬਰ 1709 ਈ. ਨੂੰ ਸਮਾਣੇ ਉੱਪਰ ਹਮਲਾ ਕੀਤਾ ਜੋ ਜੱਲਾਦਾਂ ਦੇ ਸ਼ਹਿਰ ਵਜੋਂ ਜਾਣਿਆ ਜਾਂਦਾ ਸੀ। ਨੌਵੇਂ ਪਾਤਸ਼ਾਹ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਸਮਾਣੇ ਦੇ ਰਹਿਣ ਵਾਲੇ ਸਨ। ਇਹ ਜੱਲਾਦ ਮੌਤ ਦੇ ਘਾਟ ਉਤਾਰੇ ਗਏ।

ਸਮਾਣੇ ਦੇ ਜੱਲਾਦਾਂ ਨੂੰ ਸਜ਼ਾ ਦੇ ਕੇ ਬਾਬਾ ਬੰਦਾ ਸਿੰਘ ਦੀਆਂ ਫ਼ੌਜਾਂ ਨੇ ਘੁੜਾਮ, ਠਸਕਾ, ਸ਼ਾਹਬਾਦ, ਮੁਸਤਫ਼ਾਬਾਦ ਤੇ ਕਪੂਰੀ ਨੂੰ ਫ਼ਤਹਿ ਕੀਤਾ। ਫਿਰ ਸਢੌਰੇ ਦੇ ਹਾਕਮ ਉਸਮਾਨ ਖ਼ਾਨ ਨੂੰ ਸੋਧਿਆ। ਇਸ ਨੇ ਦਸਮ ਪਾਤਸ਼ਾਹ ਜੀ ਦੇ ਸ਼ਰਧਾਲੂ ਪੀਰ ਬੁੱਧੂ ਸ਼ਾਹ ਦਾ ਕਤਲ ਕਰਵਾਇਆ ਸੀ। ਫਿਰ ਬਨੂੜ ਫ਼ਤਹਿ ਕਰ ਕੇ ਸਰਹਿੰਦ 'ਤੇ ਹਮਲਾ ਕਰਨ ਦੀ ਤਿਆਰੀ ਹੋਈ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੇ ਦਸਮ ਪਿਤਾ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਸੀ। ਇਸ ਸਾਕੇ ਦਾ ਸਿੱਖ ਪੰਥ ਵਿਚ ਬਹੁਤ ਵੱਡਾ ਰੋਸ ਸੀ।

ਸਰਹਿੰਦ ਤੋਂ ਦਸ ਕੋਹ ਦੀ ਵਿਥ 'ਤੇ ਚਪੜਚਿੜੀ ਦੇ ਮੈਦਾਨ ਵਿਚ ਮਈ 1710 ਈ. ਨੂੰ ਬਹੁਤ ਭਾਰੀ ਯੁੱਧ ਹੋਇਆ। ਸਿੱਖ ਫ਼ੌਜਾਂ ਵਿਚ ਅਥਾਹ ਜੋਸ਼ ਸੀ। ਇਸ ਯੁੱਧ ਵਿਚ ਵਜ਼ੀਰ ਖ਼ਾਨ ਮਾਰਿਆ ਗਿਆ ਤੇ ਫਿਰ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਪਾਪੀ ਗੰਗੂ ਤੇ ਸੁੱਚਾ ਨੰਦ ਦਾ ਕਤਲ ਹੋਇਆ ਤੇ ਹੋਰਨਾਂ ਦੋਸ਼ੀਆਂ ਨੂੰ ਪੂਰੀ ਸਜ਼ਾ ਦਿੱਤੀ ਗਈ। ਇਸ ਜਿੱਤ ਨਾਲ ਕਰਨਾਲ ਤੋਂ ਲੈ ਕੇ ਲੁਧਿਆਣੇ ਤੱਕ ਸਰਹਿੰਦ ਦਾ ਸੂਬਾ ਬਾਬਾ ਬੰਦਾ ਸਿੰਘ ਦੇ ਕਬਜ਼ੇ ਹੇਠ ਆ ਗਿਆ। ਇਸ ਦੀ ਆਮਦਨ 36 ਲੱਖ ਰੁਪਏ ਸਾਲਾਨਾ ਸੀ ਤੇ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬਾ ਨੀਯਤ ਕੀਤਾ ਗਿਆ। ਸਿੱਖ ਫ਼ੌਜਾਂ ਨੇ ਜਿੱਤ ਦੇ ਜਸ਼ਨ ਮਨਾਏ। ਥੋੜੇ ਸਮੇਂ ਵਿਚ ਹੀ ਲਾਹੌਰ ਤੋਂ ਚੜ੍ਹਦੇ ਪਾਸੇ ਦੇ ਸਾਰੇ ਪੰਜਾਬ ਉਤੇ ਖ਼ਾਲਸਾ ਰਾਜ ਕਾਇਮ ਹੋ ਗਿਆ।

ਬਾਬਾ ਬੰਦਾ ਸਿੰਘ ਜੀ ਨੇ ਗੁਰੂ ਸਾਹਿਬਾਂ ਦੇ ਨਾਂ ਉਪਰ ਸਿੱਕਾ ਚਲਾਇਆ। ਇਸ ਸਿੱਕੇ ਉੱਪਰ ਰਚਨਾ ਦੇ ਭਾਵ ਅਰਥ ਸਨ ਕਿ ਇਹ ਬਖ਼ਸ਼ਿਸ਼ਾਂ ਗੁਰੂ ਨਾਨਕ ਪਾਤਸ਼ਾਹ ਦੀ ਤੇਗ ਨੇ ਬਖ਼ਸ਼ੀਆਂ ਨੇ, ਇਹ ਸ਼ਾਹਾਂ ਦੇ ਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ਤਹਿ ਹੈ ਤੇ ਮਿਹਰਾਂ ਸੱਚੇ ਰੱਬ ਨੇ ਕੀਤੀਆਂ ਹਨ। ਇਸੇ ਤਰ੍ਹਾਂ ਖ਼ਾਲਸਾ ਰਾਜ ਦੀ ਇਕ ਮੋਹਰ ਵੀ

ਤਿਆਰ ਹੋਈ ਜੋ ਖ਼ਾਲਸਾ ਦਰਬਾਰ ਵੱਲੋਂ ਜਾਰੀ ਹੁੰਦੇ ਹਰ ਫ਼ੁਰਮਾਨ ਉਪਰ ਲੱਗਦੀ ਸੀ।

*ਦੇਗੋ ਤੇਗੋ ਫ਼ਤਹਿ ਓ ਨੁਸਰਤਿ ਬੇ-ਦਿਰੰਗ,*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।*

ਇਸ ਮੋਹਰ ਦੇ ਸ਼ਬਦਾਂ ਦਾ ਅਰਥ ਸੀ ਕਿ ਦੇਗ ਤੇਗ ਦੀ ਜਿੱਤ ਤੇ ਸੇਵਾ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕੀਤੀ ਹੈ। ਬਾਬਾ ਬੰਦਾ ਸਿੰਘ ਜੀ ਦੇ ਖ਼ਾਲਸਾ ਰਾਜ ਵਿਚ ਸਭਨਾਂ ਲਈ ਇਨਸਾਫ਼ ਸੀ। ਗ਼ਰੀਬ ਲੋਕਾਂ ਦੀ ਪੂਰੀ ਸਹਾਇਤਾ ਕੀਤੀ। ਬੇਜ਼ਮੀਨੇ ਹਲ ਵਾਹਕਾਂ ਨੂੰ ਜ਼ਮੀਨਾਂ ਦਿਵਾਈਆਂ, ਗਊ ਗ਼ਰੀਬ ਦੇ ਹੱਤਿਆਰਿਆਂ ਨੂੰ ਸਜ਼ਾਵਾਂ ਦਿੱਤੀਆਂ ਅਤੇ ਨਿਮਾਣਿਆਂ ਤੇ ਨਿਤਾਣਿਆਂ ਨੂੰ ਬਹਾਦਰ ਬਣਾ ਕੇ ਸੰਗ ਤੋਰਿਆ। ਬਾਬਾ ਬੰਦਾ ਸਿੰਘ ਬਾਣੀ ਤੇ ਬਾਣੇ ਦਾ ਧਾਰਨੀ ਯੋਧਾ ਸੀ। ਉਹ ''ਨਿਸਚੈ ਕਰਿ ਆਪਣੀ ਜੀਤ ਕਰੋਂ'' ਦੇ ਗੁਰੂ ਬੋਲ ਪਾਲਦਾ ਹੋਇਆ ਤੂਫ਼ਾਨੀ ਲਹਿਰਾਂ ਵਾਂਗ ਚੜ੍ਹਿਆ ਤੇ ਉਸ ਦੀ ਹਰ ਮੈਦਾਨੇ ਫ਼ਤਹਿ ਹੋਈ। ਉਸ ਦੀ ਟੱਕਰ ਜਾਬਰਾਂ ਤੇ ਜ਼ਾਲਮਾਂ ਨਾਲ ਸੀ, ਕਿਸੇ ਵੀ ਧਰਮ ਨਾਲ ਨਹੀਂ ਸੀ। ਖ਼ਾਲਸਾ ਰਾਜ ਵਿਚ ਆਮ ਹਿੰਦੂਆਂ ਤੇ ਮੁਸਲਮਾਨਾਂ ਨਾਲ ਬਹੁਤ ਚੰਗਾ ਵਿਹਾਰ ਕੀਤਾ ਗਿਆ। ਇਹੀ ਬਾਬਾ ਬੰਦਾ ਸਿੰਘ ਦੇ ਖ਼ਾਲਸਾ ਰਾਜ ਦੀ ਵਿਸ਼ੇਸ਼ਤਾ ਸੀ ਜੋ ਅੱਜ ਤੱਕ ਇਤਿਹਾਸ ਵਿਚ ਬਹੁਤ ਮਾਣ ਨਾਲ ਯਾਦ ਕੀਤੀ ਜਾਂਦੀ ਹੈ।

(ੲ) ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ :

ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਦਿੱਲੀ ਦੇ ਤਖ਼ਤ 'ਤੇ ਫ਼ਰੁਖ਼ਸ਼ੀਅਰ ਬੈਠਾ। ਇਹ ਬਹੁਤ ਨਿਰਦਈ ਤੇ ਜ਼ਾਲਮ ਸੀ। ਇਸ ਨੇ ਬਾਬਾ ਬੰਦਾ ਸਿੰਘ ਨੂੰ ਪਕੜਨ ਤੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਨੀਯਤ ਧਾਰੀ ਹੋਈ ਸੀ। ਭਾਵੇਂ ਮੁਗ਼ਲਾਂ ਦੇ ਕਈ ਘੇਰਿਆਂ ਵਿਚੋਂ ਬਾਬਾ ਬੰਦਾ ਸਿੰਘ ਜੀ ਕਈ ਵਾਰ ਟੱਕਰ ਲੈ ਕੇ ਬਚ ਨਿਕਲੇ ਸਨ ਤੇ ਇਹ ਹਾਕਮਾਂ ਲਈ ਬਹੁਤ ਵੱਡੀ ਵੰਗਾਰ ਸੀ।

ਇਹ ਘਟਨਾ 1715 ਈ. ਦੀ ਹੈ ਜਦ ਬਾਬਾ ਬੰਦਾ ਸਿੰਘ ਸਾਥੀਆਂ ਸਮੇਤ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘੇਰੇ ਗਏ। ਉਧਰ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਵੱਡਾ ਘੇਰਾ ਪਾ ਲਿਆ। ਅੰਦਰ ਖਾਣ ਪੀਣ ਦਾ ਸਮਾਨ ਖ਼ਤਮ ਹੋ ਗਿਆ। ਖ਼ਾਲਸਾ ਫ਼ੌਜਾਂ ਨੇ ਦਰੱਖ਼ਤਾਂ ਤੱਕ ਦੇ ਪੱਤੇ ਖਾ ਕੇ ਗੁਜ਼ਾਰਾ ਕੀਤਾ।

ਲੰਬੀ ਘੇਰਾਬੰਦੀ ਤੋਂ ਬਾਅਦ ਦਸੰਬਰ 1715 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਗੜ੍ਹੀ ਤੋਂ ਬਾਹਰ ਯੁੱਧ ਕਰਨ ਲਈ ਨਿਕਲੇ। ਤਿੰਨ ਚਾਰ ਹਜ਼ਾਰ ਸਿੱਖ ਸਿਪਾਹੀ ਮੌਤ ਦੇ ਘਾਟ ਉਤਾਰ ਦਿੱਤੇ ਗਏ। ਮੁਗ਼ਲਾਂ ਦਾ ਟਿੱਡੀ ਦਲ ਬਾਬਾ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿਚ ਕਾਮਯਾਬ ਹੋ ਗਿਆ। ਬਾਬਾ ਬੰਦਾ ਸਿੰਘ ਨਾਲ 700 ਦੇ ਕਰੀਬ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ ਤੇ ਇਹਨਾਂ ਬੰਦੀਆਂ ਵਿਚ ਬਾਬਾ ਜੀ ਦੀ ਪਤਨੀ ਤੇ ਤਿੰਨ

ਸਾਲਾ ਪੁੱਤਰ ਅਜੈ ਸਿੰਘ ਵੀ ਸ਼ਾਮਲ ਸੀ। ਸ਼ਹੀਦ ਹੋਏ ਸਿੱਖਾਂ ਦੇ ਸਿਰ ਮੁਗ਼ਲਾਂ ਨੇ ਨੇਜ਼ਿਆਂ ਉਪਰ ਟੰਗੇ ਹੋਏ ਸਨ।

ਬਾਬਾ ਬੰਦਾ ਸਿੰਘ ਜੀ ਦੀ ਬਹਾਦਰੀ ਦਾ ਭੈਅ ਮੁਗ਼ਲਾਂ ਦੇ ਮਨਾਂ ਵਿਚ ਏਨਾ ਸੀ ਕਿ ਉਹ ਬਾਬਾ ਜੀ ਨੂੰ ਕੈਦ ਕਰ ਕੇ ਵੀ ਉਹਨਾਂ ਤੋਂ ਡਰ ਰਹੇ ਸਨ। ਪੈਰਾਂ ਵਿਚ ਬੇੜੀਆਂ, ਗਲ ਵਿਚ ਫੰਦਾ ਤੇ ਹੱਥਾਂ ਨੂੰ ਹੱਥਕੜੀਆਂ ਲਾ ਕੇ ਬਾਬਾ ਬੰਦਾ ਸਿੰਘ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕੀਤਾ ਗਿਆ। ਫਿਰ ਪਿੰਜਰੇ ਉਪਰ ਕੁਝ ਚੋਣਵੇਂ ਸਿਪਾਹੀਆਂ ਨੂੰ ਪਹਿਰੇ 'ਤੇ ਲਾਇਆ ਗਿਆ। ਉਹਨਾਂ ਨੂੰ ਡਰ ਸੀ ਕਿ ਬੰਦਾ ਸਿੰਘ ਕਰਾਮਾਤੀ ਸ਼ਕਤੀਆਂ ਦਾ ਮਾਲਕ ਹੈ, ਜਿਸ ਨੇ ਬਹੁਤ ਵੱਡੀ ਟੱਕਰ ਲੈ ਕੇ ਖ਼ਾਲਸਾ ਰਾਜ ਸਥਾਪਤ ਕੀਤਾ। ਏਨੀ ਵੱਡੀ ਮੁਗ਼ਲ ਸੈਨਾ ਨਾਲ ਟੱਕਰ ਲੈਣ ਵਾਲਾ ਕਿਸੇ ਦੈਵੀ ਸ਼ਕਤੀ ਦਾ ਮਾਲਕ ਹੈ।

ਫਰਵਰੀ 1716 ਈ. ਨੂੰ ਬਾਬਾ ਬੰਦਾ ਸਿੰਘ ਤੇ ਕੈਦੀ ਸਿੰਘਾਂ ਉੱਪਰ ਸਖ਼ਤੀ ਦਾ ਦੌਰ ਸ਼ੁਰੂ ਹੋਇਆ। ਕੈਦੀ ਸਿੰਘਾਂ ਨੂੰ ਇਸਲਾਮ ਧਰਮ ਕਬੂਲਣ ਲਈ ਕਿਹਾ ਜਾਂਦਾ ਸੀ, ਪਰ ਕਿਸੇ ਇਕ ਨੇ ਵੀ ਸਿੱਖ ਧਰਮ ਤਿਆਗ ਕੇ ਮੁਸਲਮਾਨ ਬਣਨਾ ਪ੍ਰਵਾਨ ਨਾ ਕੀਤਾ। ਹਰ ਇਕ ਸਿੰਘ ਚੜ੍ਹਦੀ ਕਲਾ 'ਚ ਗਾ ਰਿਹਾ ਸੀ :-

*'ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ'*

5 ਮਾਰਚ 1716 ਈ. ਨੂੰ ਸਿੰਘਾਂ ਨੂੰ ਸ਼ਹੀਦ ਕਰਨਾ ਆਰੰਭ ਕੀਤਾ ਗਿਆ। ਮੁਗ਼ਲਾਂ ਦਾ ਮਨਸੂਬਾ ਸੀ ਕਿ ਰੋਜ਼ਾਨਾ 100 ਸਿੰਘ ਸ਼ਹੀਦ ਕੀਤੇ ਜਾਣ। ਸੱਤ ਦਿਨਾਂ ਵਿਚ 700 ਸਿੰਘ ਸ਼ਹੀਦ ਕੀਤਾ ਗਿਆ ਤੇ ਕਿਸੇ ਨੇ ਵੀ ਰਹਿਮ ਦੀ ਅਪੀਲ ਨਾ ਕੀਤੀ। ਸਭਨਾਂ ਨੇ ਚੜ੍ਹਦੀ ਕਲਾ 'ਚ ਰਹਿ ਕੇ ਸ਼ਹੀਦੀਆਂ ਪਾਈਆਂ। ਵੇਖਣ ਵਾਲੇ ਲੋਕ ਹੈਰਾਨ ਸਨ ਕਿ ਏਨੀ ਬਹਾਦਰ ਕੌਮ ਜਿਨ੍ਹਾਂ ਨੂੰ ਮੌਤ ਦਾ ਡਰ ਹੀ ਨਹੀਂ ਹੈ। ਇਹ ਸਭ ਦਸਮ ਪਾਤਸ਼ਾਹ ਜੀ ਦੇ ਬਖ਼ਸ਼ੇ ਬਾਣੇ ਤੇ ਬਾਣੀ ਦਾ ਪ੍ਰਤਾਪ ਸੀ।

ਇਸ ਸਮੇਂ ਇਕ ਅਨੋਖੀ ਘਟਨਾ ਵੀ ਵਾਪਰ ਗਈ ਕਿ ਇਹਨਾਂ ਕੈਦੀ ਸਿੰਘਾਂ ਵਿਚ ਇਕ ਨੌਜਵਾਨ ਸਿੱਖ ਬੱਚਾ ਵੀ ਸੀ। ਉਸ ਦੀ ਮਾਂ ਫ਼ਰੁਖ਼ਸ਼ੀਅਰ ਕੋਲ ਰਹਿਮ ਦੀ ਅਪੀਲ ਲੈ ਕੇ ਗਈ ਕਿ ਉਹਦਾ ਪੁੱਤਰ ਸਿੱਖ ਨਹੀਂ ਹੈ, ਸਗੋਂ ਸਿੱਖ ਉਸ ਨੂੰ ਜਬਰਦਸਤੀ ਆਪਣੇ ਨਾਲ ਲੈ ਕੇ ਗਏ ਹਨ। ਜਦੋਂ ਕਾਤਲਾਂ ਨੇ ਨੌਜਵਾਨ ਨੂੰ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ ਕਿ ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਤਾਂ ਦਸਮ ਪਾਤਸ਼ਾਹ ਜੀ ਦਾ ਸਿੱਖ ਹਾਂ। ਮੈਂ ਆਪਣੇ ਧਰਮ ਭਰਾਵਾਂ ਕੋਲ ਜਾਣ ਲਈ ਕਾਹਲਾ ਹਾਂ, ਇਸ ਲਈ ਮੈਨੂੰ ਛੇਤੀ ਸ਼ਹੀਦ ਕਰੋ।' ਸਿੱਖੀ ਸਿਦਕ ਦੀ ਅਜਿਹੀ ਗੱਲ ਸੁਣ ਕੇ ਮੁਗ਼ਲ ਸਿਪਾਹੀ ਦੰਗ ਰਹਿ ਗਏ।

ਜੂਨ 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਉਪਰ ਜ਼ੁਲਮ ਦਾ ਦੌਰ ਚੱਲਿਆ। ਇਸ ਸਮੇਂ ਤੱਕ ਮੁਗ਼ਲ, ਖ਼ਾਲਸਾ ਰਾਜ ਦੇ ਅਹਿਮ ਟਿਕਾਣਿਆਂ ਤੇ ਖ਼ਜ਼ਾਨੇ ਦਾ ਭੇਤ ਲੈਣਾ ਚਾਹੁੰਦੇ ਸਨ, ਜਿਸ ਵਿਚ ਉਹ ਕਾਮਯਾਬ ਨਾ ਹੋਏ। ਪਹਿਲਾਂ ਬਾਬਾ ਬੰਦਾ ਸਿੰਘ ਦੇ ਮੁੱਖ

ਸਾਥੀ ਭਾਈ ਬਾਜ ਸਿੰਘ ਤੇ ਆਲੀ ਸਿੰਘ ਦਾ ਕਤਲ ਕੀਤਾ ਗਿਆ। ਫਿਰ ਬਾਬਾ ਜੀ ਦੇ ਪੁੱਤਰ ਅਜੈ ਸਿੰਘ ਦਾ ਉਹਨਾਂ ਦੇ ਸਾਹਮਣੇ ਕਤਲ ਕਰਕੇ, ਉਸ ਦਾ ਕਲੇਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਦਸਮ ਪਾਤਸ਼ਾਹ ਜੀ ਦਾ ਸਿਦਕੀ ਸਿੰਘ ਭੋਰਾ ਨਾ ਡੋਲਿਆ, ਸਗੋਂ 'ਤੇਰਾ ਕੀਆ ਮੀਠਾ ਲਾਗੇ' ਕਹਿ ਕੇ ਸਭ ਕੁਝ ਸਵੀਕਾਰ ਕਰ ਲਿਆ। ਫਿਰ ਬਾਬਾ ਬੰਦਾ ਸਿੰਘ ਜੀ ਨੂੰ ਸਖ਼ਤ ਤਸੀਹੇ ਦਿੱਤੇ ਗਏ। ਉਹਨਾਂ ਦੀਆਂ ਅੱਖਾਂ ਕੱਢੀਆਂ ਗਈਆਂ ਤੇ ਲੋਹੇ ਦੀਆਂ ਗਰਮ ਸਲਾਖਾਂ ਲਾ-ਲਾ ਕੇ ਤਨ ਸਾੜਿਆ ਗਿਆ। ਫਿਰ ਬੇਰਹਿਮੀ ਨਾਲ ਹੱਥ ਪੈਰ ਕੱਟ ਦਿੱਤੇ ਗਏ ਅਤੇ ਅੰਤ ਉਹਨਾਂ ਦਾ ਸਿਰ ਧੜ ਤੋਂ ਵੱਖ ਕੀਤਾ ਗਿਆ।

ਬਾਬਾ ਬੰਦਾ ਸਿੰਘ ਜੀ ਦਾ ਜੀਵਨ ਸਾਡੇ ਲਈ ਬਹੁਤ ਵੱਡੀ ਪ੍ਰੇਰਨਾ ਸ਼ਕਤੀ ਹੈ। ਬਾਬਾ ਜੀ ਦੀ ਸ਼ਕਤੀ ਦਾ ਸੋਮਾ ਅੰਮ੍ਰਿਤ ਤੇ ਗੁਰਬਾਣੀ ਸੀ, ਜਿਸ ਕਰ ਕੇ ਉਹ ਏਨੇ ਬਹਾਦਰ ਹੋਏ। ਦਸਮੇਸ਼ ਪਿਤਾ ਜੀ ਦੀ ਬਖ਼ਸ਼ਿਸ਼ ਦੇ ਪਾਤਰ ਇਸ ਮਹਾਨ ਯੋਧੇ ਦੀਆਂ ਵਾਰਾਂ ਜੁਗਾਂ-ਜੁਗਾਂਤਰਾਂ ਤੱਕ ਗਾਈਆਂ ਜਾਂਦੀਆਂ ਰਹਿਣਗੀਆਂ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਤੇ ਪਰਿਵਾਰਕ ਪਿਛੋਕੜ ਬਾਰੇ ਦੱਸੋ।

ਪ੍ਰਸ਼ਨ (ਅ) ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਖ਼ਾਲਸਾ ਰਾਜ ਦੀ ਸਥਾਪਨਾ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ੲ) ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ 'ਤੇ ਨੋਟ ਲਿਖੋ।

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 : ਬਾਬਾ ਬੰਦਾ ਸਿੰਘ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?

ਉੱਤਰ : ਆਪ ਦਾ ਜਨਮ ਅਕਤੂਬਰ 1670 ਈ. ਨੂੰ ਪੱਛਮੀ ਕਸ਼ਮੀਰ, ਜ਼ਿਲ੍ਹਾ ਪੁਣਛ ਦੇ ਨਗਰ ਰਾਜੌਰੀ ਵਿਖੇ ਹੋਇਆ।

ਪ੍ਰਸ਼ਨ 2 :- ਬਾਬਾ ਬੰਦਾ ਸਿੰਘ ਜੀ ਦਾ ਪਹਿਲਾ ਨਾਮ ਕੀ ਸੀ ?

ਉੱਤਰ :- ਉਹਨਾਂ ਦਾ ਪਹਿਲਾ ਨਾਮ ਲਛਮਣ ਦੇਵ ਸੀ।

ਪ੍ਰਸ਼ਨ 3 :- ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਪਿਤਾ ਦਾ ਨਾਮ ਦੱਸੋ ?

ਉੱਤਰ :- ਆਪ ਦੇ ਪਿਤਾ ਜੀ ਦਾ ਨਾਮ ਰਾਮਦੇਵ ਸੀ ਅਤੇ ਆਪ ਰਾਜਪੂਤ ਘਰਾਣੇ ਨਾਲ ਸੰਬੰਧ ਰੱਖਦੇ ਸਨ।

ਪ੍ਰਸ਼ਨ 4 :- ਜੰਗਲ ਵਿਚ ਸ਼ਿਕਾਰ ਖੇਡਦਿਆਂ ਲਛਮਣ ਦਾਸ ਨਾਲ ਕੀ ਵਾਪਰਿਆ ?

ਉੱਤਰ :- ਉਹਨਾਂ ਸ਼ਿਕਾਰ ਖੇਡਦਿਆਂ ਹਿਰਨੀ ਮਾਰ ਲਈ ਤੇ ਜਦ ਉਸ ਦਾ ਪੇਟ ਚੀਰਿਆ ਤਾਂ ਵਿੱਚੋਂ ਦੋ ਬੱਚੇ ਨਿਕਲੇ ਜੋ ਤੜਫ-ਤੜਫ ਕੇ ਮਰ ਗਏ। ਇਸ ਦਾ ਉਹਨਾਂ ਦੇ ਮਨ 'ਤੇ ਅਜਿਹਾ ਅਸਰ ਹੋਇਆ ਕਿ ਉਹ ਘਰ-ਬਾਰ ਤਿਆਗ ਕੇ ਸਾਧੂ ਬਣ ਗਿਆ।

ਪ੍ਰਸ਼ਨ 5 :- ਲਛਮਣ ਦਾਸ ਪਹਿਲਾਂ ਕਿਸ ਦਾ ਚੇਲਾ ਬਣਿਆਂ ?

ਉੱਤਰ :- ਪਹਿਲਾਂ ਉਹ ਜਾਨਕੀ ਦਾਸ ਸਾਧੂ ਦਾ ਚੇਲਾ ਬਣਿਆਂ ਅਤੇ ਫਿਰ ਉਹ ਫਿਰਦਾ-ਫਿਰਦਾ ਕਸੂਰ ਦੇ ਲਾਗੇ ਬਾਬਾ ਰਾਮ ਥੰਮਣ ਦੇ ਸਥਾਨ 'ਤੇ ਗਿਆ ਅਤੇ ਰਾਮ ਦਾਸ ਬੈਰਾਗੀ ਦਾ ਚੇਲਾ ਬਣ ਗਿਆ।

ਪ੍ਰਸ਼ਨ 6 :- ਰਾਮ ਦਾਸ ਬੈਰਾਗੀ ਨੇ ਲਛਮਣ ਦਾਸ ਦਾ ਨਾਮ ਬਦਲ ਕੇ ਕੀ ਰੱਖਿਆ ?

ਉੱਤਰ :- ਉਸ ਨੇ ਲਛਮਣ ਦਾਸ ਦਾ ਨਾਮ ਬਦਲ ਕੇ ਮਾਧੋ ਦਾਸ ਰੱਖ ਦਿੱਤਾ।

ਪ੍ਰਸ਼ਨ 7 :- ਮਾਧੋ ਦਾਸ ਨੇ ਕਿਸ ਯੋਗੀ ਤੋਂ ਯੋਗ ਦੀ ਸਿੱਖਿਆ ਪ੍ਰਾਪਤ ਕੀਤੀ ?

ਉੱਤਰ :- ਮਾਧੋ ਦਾਸ ਦੱਖਣ ਵੱਲ ਨਾਸਿਕ ਦੇ ਨੇੜੇ ਪੰਚਵਟੀ ਦੇ ਜੰਗਲਾਂ ਵਿਚ ਚਲਾ ਗਿਆ ਅਤੇ ਉਸ ਨੇ ਯੋਗੀ ਔਘੜ ਨਾਥ ਤੋਂ ਯੋਗ ਦੀ ਸਿੱਖਿਆ ਪ੍ਰਾਪਤ ਕੀਤੀ।

ਪ੍ਰਸ਼ਨ 8 :- ਭਾਈ ਮਾਧੋ ਦਾਸ ਨੇ ਆਪਣਾ ਮੱਠ ਕਿੱਥੇ ਕਾਇਮ ਕੀਤਾ ?

ਉੱਤਰ :- ਭਾਈ ਮਾਧੋ ਦਾਸ ਨੇ ਨਾਦੇੜ ਜਾ ਕੇ ਆਪਣਾ ਮੱਠ ਕਾਇਮ ਕੀਤਾ ਅਤੇ ਉਥੇ ਹੀ ਨਿਵਾਸ ਕਰ ਲਿਆ। ਉਥੇ ਉਹਨਾਂ ਨੇ ਇਕ ਕੁਟੀਆ ਬਣਾਈ ਤੇ ਭਜਨ ਬੰਦਗੀ ਕਰਨ ਲੱਗ ਪਏ।

ਪ੍ਰਸ਼ਨ 9 :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਦੇ ਡੇਰੇ ਕਦੋਂ ਗਏ ?

ਉੱਤਰ :- ਸਤੰਬਰ 1708 ਈ. ਵਿਚ ਆਪਣੀ ਯਾਤਰਾ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਦੇ ਡੇਰੇ 'ਤੇ ਗਏ।

ਪ੍ਰਸ਼ਨ 10 :- ਦਸਮ ਪਾਤਸ਼ਾਹ ਜੀ ਦੇ ਚਰਨਾਂ 'ਤੇ ਢਹਿ ਕੇ ਮਾਧੋ ਦਾਸ ਨੇ ਕੀ ਕਿਹਾ ?

ਉੱਤਰ :- ਉਹਨਾਂ ਕਿਹਾ, ਹੇ ਸਤਿਗੁਰੂ ! ਮੈਨੂੰ ਬਖ਼ਸ਼ੋ, ਮੈਂ ਤੁਹਾਡਾ ਬੰਦਾ ਹਾਂ।

ਪ੍ਰਸ਼ਨ 11 :- ਦਸਮੇਸ਼ ਪਿਤਾ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਉਸ ਦਾ ਨਾਮ ਕੀ ਰੱਖਿਆ ?

ਉੱਤਰ :- ਗੁਰੂ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਮ ਗੁਰਬਖਸ਼ ਸਿੰਘ ਰੱਖਿਆ। ਮਾਧੋ ਦਾਸ ਜੀ ਆਪਣੇ ਆਪ ਨੂੰ ਗੁਰੂ ਦਾ ਬੰਦਾ ਹੀ ਕਹਿੰਦਾ ਰਿਹਾ, ਇਸ ਲਈ ਉਹਨਾਂ ਦਾ ਨਾਮ ਬੰਦਾ ਸਿੰਘ ਕਰਕੇ ਹੀ ਜਾਣਿਆ ਜਾਂਦਾ ਹੈ।

ਪ੍ਰਸ਼ਨ 12 :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਨੂੰ ਕੀ ਬਖ਼ਸ਼ਿਸ਼ਾਂ ਕੀਤੀਆਂ ?

ਉੱਤਰ :- ਗੁਰੂ ਜੀ ਨੇ ਬਾਬਾ ਬੰਦਾ ਸਿੰਘ ਨੂੰ ਪੰਜ ਤੀਰ, ਨਿਸ਼ਾਨ ਸਾਹਿਬ ਤੇ ਇਕ ਨਗਾਰਾ ਬਖ਼ਸ਼ਿਆ ਤੇ ਸਿੰਘਾਂ ਦਾ ਜਥੇਦਾਰ ਥਾਪ ਕੇ ਜਾਬਰਾਂ ਤੇ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਤੋਰਿਆ।

ਪ੍ਰਸ਼ਨ 13 :- ਬਾਬਾ ਬੰਦਾ ਸਿੰਘ ਨੇ ਸਮਾਣੇ ਉੱਪਰ ਹਮਲਾ ਕਿਉਂ ਕੀਤਾ ?

ਉੱਤਰ :- ਸਮਾਣਾ ਜੱਲਾਦਾਂ ਦੇ ਸ਼ਹਿਰ ਵਜੋਂ ਜਾਣਿਆਂ ਜਾਂਦਾ ਸੀ। ਨੌਵੇਂ ਪਾਤਸ਼ਾਹ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਇਥੋਂ ਦੇ ਰਹਿਣ ਵਾਲੇ ਸਨ। ਇਹ ਜੱਲਾਦ ਮੌਤ ਦੇ ਘਾਟ ਉਤਾਰੇ ਗਏ।

ਪ੍ਰਸ਼ਨ 14 :- ਬਾਬਾ ਬੰਦਾ ਸਿੰਘ ਦੀਆਂ ਫ਼ੌਜਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਕਦੋਂ ਖੜਕਾਈ ?

ਉੱਤਰ :- ਮਈ 1710 ਈ. ਨੂੰ ਸਰਹਿੰਦ ਤੋਂ ਦਸ ਕੋਹ ਦੀ ਵਿਥ 'ਤੇ ਚਪੜਚਿੜੀ ਦੇ ਮੈਦਾਨ ਵਿਚ ਭਾਰੀ ਯੁੱਧ ਹੋਇਆ। ਇਥੇ ਸੂਬਾ ਸਰਹਿੰਦ ਵਜ਼ੀਰ ਖ਼ਾਨ ਮਾਰਿਆ ਗਿਆ। ਫਿਰ ਸਿੱਖ ਫ਼ੌਜਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ।

ਪ੍ਰਸ਼ਨ 15 :- ਬਾਬਾ ਬੰਦਾ ਸਿੰਘ ਦਾ ਖ਼ਾਲਸਾ ਰਾਜ ਕਿਹੋ ਜਿਹਾ ਸੀ ?

ਉੱਤਰ :- ਖ਼ਾਲਸਾ ਰਾਜ ਵਿਚ ਸਭਨਾਂ ਲਈ ਇਨਸਾਫ਼ ਸੀ। ਗ਼ਰੀਬ ਲੋਕਾਂ ਦੀ ਪੂਰੀ ਸਹਾਇਤਾ ਕੀਤੀ ਗਈ। ਬੇਜ਼ਮੀਨੇ ਹਲ ਵਾਹਕਾਂ ਨੂੰ ਜ਼ਮੀਨਾਂ ਦਿਵਾਈਆਂ, ਗਊ ਗਰੀਬ ਦੇ ਹੱਤਿਆਰਿਆਂ ਨੂੰ ਸਜ਼ਾਵਾਂ ਦਿੱਤੀਆਂ ਤੇ ਹਰੇਕ ਨੂੰ ਆਪੋ ਆਪਣੇ ਧਰਮ ਅਨੁਸਾਰ ਜੀਵਨ ਜੀਣ ਦਾ ਅਧਿਕਾਰ ਦਿੱਤਾ ਗਿਆ।

ਪ੍ਰਸ਼ਨ 16 :- ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਦਿੱਲੀ ਦੇ ਤਖ਼ਤ 'ਤੇ ਕੌਣ ਬੈਠਾ ?

ਉੱਤਰ :- ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਦਿੱਲੀ ਦੇ ਤਖ਼ਤ 'ਤੇ ਫ਼ਰੁਖ਼ਸ਼ੀਅਰ ਬੈਠਾ। ਇਹ ਬਹੁਤ ਨਿਰਦਈ ਤੇ ਜ਼ਾਲਮ ਸੀ।

ਪ੍ਰਸ਼ਨ 17:- ਬਾਬਾ ਬੰਦਾ ਸਿੰਘ ਸਾਥੀਆਂ ਸਮੇਤ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਕਦੋਂ ਘੇਰੇ ਗਏ ?

ਉੱਤਰ :- ਇਹ ਘਟਨਾ 1715 ਈ. ਦੀ ਹੈ। ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਵੱਡਾ ਘੇਰਾ ਪਾ ਲਿਆ। ਲੰਮੀ ਘੇਰਾਬੰਦੀ ਤੋਂ ਬਾਅਦ ਦਸੰਬਰ 1715 ਈ. ਨੂੰ ਬਾਬਾ ਬੰਦਾ ਸਿੰਘ ਗੜ੍ਹੀ ਤੋਂ ਬਾਹਰ ਯੁੱਧ ਕਰਨ ਲਈ ਨਿਕਲੇ। ਅਨੇਕਾਂ ਸਿੱਖ ਸਿਪਾਹੀ ਲੜਦੇ ਸ਼ਹੀਦ ਹੋਏ ਤੇ ਮੁਗ਼ਲਾਂ ਦਾ ਟਿੱਡੀ ਦਲ ਬਾਬਾ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿਚ ਕਾਮਯਾਬ ਹੋ ਗਿਆ।

ਪ੍ਰਸ਼ਨ 18 :- ਬਾਬਾ ਬੰਦਾ ਸਿੰਘ ਤੇ ਕੈਦੀ ਸਿੰਘਾਂ ਉੱਪਰ ਸਖ਼ਤੀ ਦਾ ਦੌਰ ਕਦੋਂ ਸ਼ੁਰੂ ਹੋਇਆ ?

ਉੱਤਰ :- ਫਰਵਰੀ 1716 ਈ. ਨੂੰ ਸਖ਼ਤੀ ਦਾ ਦੌਰ ਸ਼ੁਰੂ ਹੋਇਆ। ਕੈਦੀ ਸਿੰਘਾਂ ਨੂੰ ਇਸਲਾਮ ਧਰਮ ਕਬੂਲਣ ਲਈ ਕਿਹਾ ਜਾਂਦਾ ਸੀ, ਪਰ ਕਿਸੇ ਇਕ ਨੇ ਵੀ ਸਿੱਖ ਧਰਮ ਤਿਆਗ ਕੇ ਮੁਸਲਮਾਨ ਬਣਨਾ ਪ੍ਰਵਾਨ ਨਾ ਕੀਤਾ।

ਪ੍ਰਸ਼ਨ 19 :– ਬਾਬਾ ਬੰਦਾ ਸਿੰਘ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਸਮੇਂ ਵਾਪਰੀ ਇਕ ਅਨੋਖੀ ਘਟਨਾ ਦਾ ਵਰਨਣ ਕਰੋ।

ਉੱਤਰ :– ਇਕ ਨੌਜਵਾਨ ਸਿੱਖ ਬੱਚੇ ਦੀ ਮਾਂ ਫ਼ਰੁਖ਼ਸ਼ੀਅਰ ਕੋਲ ਰਹਿਮ ਦੀ ਅਪੀਲ ਲੈ ਕੇ ਗਈ ਕਿ ਮੇਰਾ ਪੁੱਤ ਸਿੱਖ ਨਹੀਂ ਹੈ। ਜਦ ਜ਼ਾਲਮਾਂ ਨੇ ਨੌਜਵਾਨ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਦਸਮ ਪਾਤਸ਼ਾਹ ਜੀ ਦਾ ਸਿੱਖ ਹਾਂ।

ਪ੍ਰਸ਼ਨ 20 :– ਬਾਬਾ ਬੰਦਾ ਸਿੰਘ ਬਹਾਦਰ ਨੂੰ ਕਦੋਂ ਤੇ ਕਿਵੇਂ ਸ਼ਹੀਦ ਕੀਤਾ ਗਿਆ ?

ਉੱਤਰ :– ਜੂਨ 1716 ਈ. ਨੂੰ ਬਾਬਾ ਬੰਦਾ ਸਿੰਘ ਉੱਪਰ ਜ਼ੁਲਮ ਦਾ ਦੌਰ ਚੱਲਿਆ। ਬਾਬਾ ਜੀ ਦੇ ਪੁੱਤਰ ਅਜੈ ਸਿੰਘ ਦਾ ਉਹਨਾਂ ਦੇ ਸਾਹਮਣੇ ਕਤਲ ਕਰਕੇ, ਉਸ ਦਾ ਕਲੇਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਤੁੰਨਿਆਂ ਗਿਆ। ਉਹਨਾਂ ਦੀਆਂ ਅੱਖਾਂ ਕੱਢੀਆਂ ਗਈਆਂ, ਲੋਹੇ ਦੀਆਂ ਗਰਮ ਸਲਾਖਾਂ ਨਾਲ ਤਨ ਸਾੜਿਆ ਗਿਆ। ਫਿਰ ਬੇਰਹਿਮੀ ਨਾਲ ਹੱਥ ਪੈਰ ਕੱਟੇ ਤੇ ਅੰਤ ਉਹਨਾਂ ਦਾ ਸਿਰ ਧੜ ਤੋਂ ਵੱਖ ਕੀਤਾ ਗਿਆ। ਮਿਤੀ 16 ਜੂਨ 1716 ਈ. ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਦਾ ਦਿਨ ਸੀ।

☆☆☆

# ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ

(ੳ) ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀਵਨ ਤੇ ਸ਼ਹੀਦੀ

ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦੋਨੋਂ ਪਿਉ-ਪੁੱਤਰ ਸਨ। ਇਹਨਾਂ ਦੋਹਾਂ ਨੂੰ ਲਾਹੌਰ ਦੇ ਸੂਬੇਦਾਰ ਵੱਲੋਂ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ ਸੀ।

ਸੁਬੇਗ ਸਿੰਘ ਪਿੰਡ ਜੰਬਰ ਜ਼ਿਲ੍ਹਾ ਲਾਹੌਰ ਦੇ ਰਹਿਣ ਵਾਲੇ ਸਨ। ਆਪ ਚੰਗੇ ਪੜ੍ਹੇ ਲਿਖੇ ਤੇ ਫ਼ਾਰਸੀ ਦੇ ਵਿਦਵਾਨ ਸਨ। ਆਪ ਸਰਕਾਰੀ ਨੌਕਰੀ 'ਤੇ ਠੇਕੇਦਾਰੀ ਵੀ ਕਰਦੇ ਸਨ। ਲਾਹੌਰ ਦਾ ਸੂਬਾ ਜ਼ਕਰੀਆ ਖ਼ਾਂ ਇਹਨਾਂ ਦੀ ਚੰਗੀ ਇੱਜ਼ਤ ਕਰਦਾ ਸੀ।

ਸੰਨ 1733 ਦੀ ਘਟਨਾ ਹੈ ਜਦ ਜ਼ਕਰੀਆ ਖ਼ਾਂ ਨੇ ਦਿੱਲੀ ਦੇ ਬਾਦਸ਼ਾਹ ਨੂੰ ਲਿਖਿਆ ਸੀ ਕਿ ਸਿੱਖਾਂ ਉੱਪਰ ਅੱਤ ਦੀ ਸਖ਼ਤੀ ਕਰ ਕੇ ਵੇਖ ਲਈ ਹੈ, ਪਰ ਗੱਲ ਵੱਸ ਵਿਚ ਨਹੀਂ ਆਉਂਦੀ। ਇਹ ਲੋਕ ਮੁਕਾਇਆਂ ਨਹੀਂ ਮੁੱਕ ਸਕਦੇ। ਮੇਰੀ ਸਲਾਹ ਹੈ ਕਿ ਇਹਨਾਂ ਨਾਲ ਨਰਮੀ ਵਾਲਾ ਸਲੂਕ ਕਰਕੇ ਵੇਖ ਲਈਏ। ਇਸ ਲਈ ਇਹਨਾਂ ਨੂੰ ਜਗੀਰ ਦਿੱਤੀ ਜਾਵੇ ਅਤੇ ਇਹਨਾਂ ਦੇ ਜਥੇਦਾਰ ਨੂੰ ਖ਼ਿਤਾਬ ਦਿੱਤਾ ਜਾਵੇ। ਬਾਦਸ਼ਾਹ ਨੇ ਇਹ ਸਲਾਹ ਮੰਨ ਲਈ। ਜ਼ਕਰੀਆ ਖ਼ਾਂ ਨੇ ਆਪਣੇ ਵੱਲੋਂ ਭਾਈ ਸੁਬੇਗ ਸਿੰਘ ਨੂੰ ਵਕੀਲ ਬਣਾ ਕੇ ਭੇਜਿਆ ਕਿਉਂਕਿ ਸੁਬੇਗ ਸਿੰਘ ਸਰਕਾਰੀ ਸੇਵਾ 'ਤੇ ਹੁੰਦਾ ਹੋਇਆ ਵੀ ਖ਼ਾਲਸੇ ਨਾਲ ਚੰਗੇ ਸੰਬੰਧ ਬਣਾਈ ਰੱਖਦਾ ਸੀ।

ਭਾਈ ਸੁਬੇਗ ਸਿੰਘ 1733 ਈ. ਦੀ ਵਿਸਾਖੀ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਹਾਜ਼ਰ ਹੋਇਆ। ਵਿਸਾਖੀ ਦਾ ਤਿਉਹਾਰ ਕਰਕੇ ਖ਼ਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਜੋੜ ਮੇਲਾ ਮਨਾ ਰਿਹਾ ਸੀ। ਇਸ ਇਕੱਠ ਵਿਚ ਖ਼ਾਲਸੇ ਨੇ ਪਹਿਲਾਂ ਭਾਈ ਸੁਬੇਗ ਸਿੰਘ ਨੂੰ ਤਨਖ਼ਾਹ ਲਾਈ, ਕਿਉਂਕਿ ਉਹ ਸਰਕਾਰ ਨੂੰ ਮਿਲਵਰਤਨ ਦੇ ਰਿਹਾ ਸੀ। ਭਾਈ ਸਾਹਿਬ ਨੇ ਤਨਖ਼ਾਹ ਲਵਾਉਣ ਪਿੱਛੋਂ ਖ਼ਾਲਸੇ ਅੱਗੇ ਨਵਾਬ ਵੱਲੋਂ ਦਿਆਲਪੁਰ, ਕੰਗਣਪੁਰ ਤੇ ਝਬਾਲ ਦੇ ਪਰਗਣਿਆਂ ਦੀ ਜਾਗੀਰ, ਜਿਸ ਦੀ ਸਾਲਾਨਾ ਆਮਦਨ ਇਕ ਲੱਖ ਰੁਪਏ ਸੀ ਅਤੇ ਕੀਮਤੀ ਖ਼ਿਲਤ (ਪੁਸ਼ਾਕ) ਪੇਸ਼ ਕੀਤੀ। ਖ਼ਾਲਸੇ ਵੱਲੋਂ ਜਥੇਦਾਰ ਦਰਬਾਰਾ ਸਿੰਘ ਨੇ ਪਹਿਲਾਂ ਇਹ ਸਭ ਕੁਝ ਠੁਕਰਾ ਦਿੱਤਾ। ਫਿਰ ਭਾਈ ਸੁਬੇਗ ਸਿੰਘ ਦੇ ਕਹਿਣ 'ਤੇ ਖ਼ਾਲਸੇ ਨੇ ਵਿਚਾਰ ਕਰਕੇ ਜਾਗੀਰ ਲੈਣੀ ਪ੍ਰਵਾਨ ਕਰ ਲਈ, ਪਰ ਨਵਾਬੀ ਲੈਣ ਲਈ ਕੋਈ ਤਿਆਰ ਨਾ ਹੋਇਆ। ਅਖ਼ੀਰ ਭਾਈ ਸੁਬੇਗ ਸਿੰਘ ਨੇ ਕਿਹਾ, "ਖ਼ਾਲਸਾ ਜੀ ! ਇਹ ਨਵਾਬੀ ਮੋੜੋ ਨਾ, ਤੁਸੀਂ ਕਿਸੇ ਸੇਵਾਦਾਰ ਨੂੰ ਬਖ਼ਸ਼ ਦਿਉ।

ਉਸ ਸਮੇਂ ਸ੍ਰ. ਕਪੂਰ ਸਿੰਘ ਫੈਜ਼ਲਪੁਰੀਆ ਸੰਗਤਾਂ ਨੂੰ ਪੱਖਾ ਝੱਲ ਰਿਹਾ ਸੀ। ਇਹ ਸਿੰਘ ਤਬੇਲੇ ਵਿਚ ਘੋੜਿਆਂ ਦੇ ਦਾਣੇ ਪਾਣੀ ਤੇ ਪੱਠੇ ਦੱਥੇ ਦੀ ਸੇਵਾ ਕਰਦਾ ਹੁੰਦਾ ਸੀ। ਖ਼ਾਲਸੇ ਨੇ ਮਤਾ ਕਰਕੇ ਇਹ ਨਵਾਬੀ ਤੇ ਜਾਗੀਰ ਉਸ ਨੂੰ ਦੇ ਦਿੱਤੀ। ਸ੍ਰ. ਕਪੂਰ ਸਿੰਘ ਨੇ ਨਿਮਰਤਾ ਨਾਲ ਕਿਹਾ, ''ਜੀਅ ਤਾਂ ਮੇਰਾ ਵੀ ਨਹੀਂ ਮੰਨਦਾ, ਪਰ ਖ਼ਾਲਸਾ ਪੰਥ ਦੇ ਹੁਕਮ ਅੱਗੇ ਮੈਂ ਇਨਕਾਰੀ ਵੀ ਨਹੀਂ ਹੋ ਸਕਦਾ। ਮੈਂ ਪ੍ਰਵਾਨ ਤਾਂ ਕਰ ਲਵਾਂਗਾ, ਪਰ ਇਸ ਸਨਦ ਤੇ ਖ਼ਿਲਤ ਨੂੰ ਪੰਜ ਸਿੰਘ ਆਪਣੇ ਚਰਨ ਛੁਹਾ ਦੇਣ।

ਉਧਰ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਦਾ ਸਿੰਘਾਂ ਨਾਲ ਮੇਲ ਜੋਲ ਕਰਨਾ ਇਕ ਸਿਆਸੀ ਚਾਲ ਸੀ। ਥੋੜ੍ਹਾ ਚਿਰ ਪਿੱਛੋਂ ਹੀ 1734 ਈ. ਵਿਚ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਹੋਈ। ਜਦ 1739 ਈ. ਵਿਚ ਨਾਦਰ ਸ਼ਾਹ ਨੇ ਹਿੰਦੁਸਤਾਨ ਲੁੱਟਿਆ ਤਾਂ ਸਿੰਘਾਂ ਨੇ ਉਹਨੂੰ ਕਰਾਰੇ ਹੱਥ ਵਿਖਾਏ। ਗ਼ੁੱਸੇ ਵਿਚ ਨਾਦਰ ਸ਼ਾਹ ਨੇ ਜ਼ਕਰੀਆ ਖ਼ਾਂ ਨੂੰ ਸਿੰਘਾਂ ਉੱਪਰ ਹੋਰ ਸਖ਼ਤੀ ਕਰਨ ਲਈ ਕਿਹਾ। ਜਦੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਸਿਰ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਵੱਢ ਕੇ ਲੈ ਗਏ ਤਾਂ ਜ਼ਕਰੀਆ ਖ਼ਾਂ ਹੋਰ ਭੜਕ ਉਠਿਆ।

ਇਧਰ ਭਾਈ ਸੁਬੇਗ ਸਿੰਘ ਦਾ ਇਕਲੌਤਾ ਪੁੱਤਰ ਸ਼ਾਹਬਾਜ਼ ਸਿੰਘ ਅਠਾਰਾਂ ਕੁ ਸਾਲ ਦਾ ਸੋਹਣਾ ਜਵਾਨ ਸੀ। ਉਹ ਇਕ ਮਦਰੱਸੇ ਵਿਚ ਕਾਜ਼ੀ ਪਾਸੋਂ ਫ਼ਾਰਸੀ ਪੜ੍ਹਦਾ ਸੀ। ਕਾਜ਼ੀ ਨੇ ਇਸ ਸਿੱਖ ਨੌਜਵਾਨ ਨੂੰ ਮੁਸਲਮਾਨ ਬਨਾਉਣਾ ਚਾਹਿਆ, ਪਰ ਉਸ ਨੇ ਨਾਂਹ ਕਰ ਦਿੱਤੀ। ਕਾਜ਼ੀ ਨੇ ਈਰਖਾ ਵੱਸ ਲਾਹੌਰ ਸ਼ਿਕਾਇਤ ਕਰ ਦਿੱਤੀ ਕਿ ਸ਼ਾਹਬਾਜ਼ ਸਿੰਘ ਨੇ ਇਸਲਾਮ ਦੀ ਨਿਰਾਦਰੀ ਕੀਤੀ ਹੈ ਤੇ ਹਜ਼ਰਤ ਮੁਹੰਮਦ ਸਾਹਿਬ ਦੇ ਖਿਲਾਫ਼ ਬੁਰੇ ਲਫ਼ਜ਼ ਕਹੇ ਹਨ। ਇਹ ਘਟਨਾ 1745 ਈ. ਦੀ ਹੈ। ਜ਼ਕਰੀਆ ਖ਼ਾਂ ਨੇ ਭਾਈ ਸੁਬੇਗ ਸਿੰਘ ਦੀ ਪਿਛਲੀ ਸੇਵਾ ਸਭ ਭੁਲਾ ਦਿੱਤੀ ਅਤੇ ਭਾਈ ਸੁਬੇਗ ਸਿੰਘ ਤੇ ਉਹਨਾਂ ਦੇ ਪੁੱਤਰ ਸ਼ਾਹਬਾਜ਼ ਸਿੰਘ ਦੋਹਾਂ ਪਿਉ ਪੁੱਤਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹਨਾਂ ਉੱਪਰ ਦੋਸ਼ ਮੜ੍ਹ ਦਿੱਤਾ ਕਿ ਇਹ ਸਰਕਾਰ ਦੇ ਵਿਰੋਧੀ ਹਨ।

ਇਹਨਾਂ ਦੋਹਾਂ ਦੇ ਫੜ੍ਹੇ ਜਾਣ ਤੋਂ ਬਾਅਦ ਜ਼ਕਰੀਆ ਖ਼ਾਂ ਛੇਤੀ ਹੀ ਮਰ ਗਿਆ। ਜ਼ਕਰੀਆ ਖ਼ਾਂ ਦਾ ਪੁੱਤਰ ਯਹੀਆ ਖ਼ਾਂ ਆਪਣੇ ਪਿਉ ਨਾਲੋਂ ਵੀ ਵਧੇਰੇ ਕੱਟੜ ਤੇ ਜ਼ਾਲਮ ਸੀ। ਯਹੀਆ ਖ਼ਾਂ ਨੇ ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਸਿੱਖ ਧਰਮ ਛੱਡ ਕੇ ਇਸਲਾਮ ਕਬੂਲ ਕਰਨ ਲਈ ਕਿਹਾ ਤੇ ਇਸ ਕੰਮ ਲਈ ਬਹੁਤ ਹੱਥਕੰਡੇ ਵਰਤੇ। ਦੋਵੇਂ ਪਿਉ-ਪੁੱਤ ਸਿੱਖੀ ਵਿਚ ਅਡੋਲ ਰਹੇ ਤੇ ਉਹਨਾਂ ਚੜ੍ਹਦੀ ਕਲਾ 'ਚ ਜਵਾਬ ਦਿੱਤਾ ਕਿ ਅਸੀਂ ਆਪਣਾ ਸਿੱਖ ਧਰਮ ਨਹੀਂ ਤਿਆਗ ਸਕਦੇ।

ਯਹੀਆ ਖ਼ਾਂ ਦੇ ਹੁਕਮ ਨਾਲ ਪਹਿਲਾਂ ਭਾਈ ਸੁਬੇਗ ਸਿੰਘ ਨੂੰ ਚਰਖੜੀ 'ਤੇ ਚਾੜ੍ਹਿਆ ਗਿਆ। ਭਾਵੇਂ ਇਹ ਬਹੁਤ ਦੁਖਦਾਇਕ ਸੀ, ਪਰ ਸੁਬੇਗ ਸਿੰਘ ਨੇ ਸਿੱਖੀ ਸਿਦਕ ਨਾ

ਹਾਰਿਆ। ਫਿਰ ਜ਼ਾਲਮਾਂ ਨੇ ਪਿਤਾ ਦੇ ਸਾਹਮਣੇ ਉਸ ਦੇ ਪੁੱਤਰ ਸ਼ਾਹਬਾਜ਼ ਸਿੰਘ ਨੂੰ ਚਰਖੜੀ 'ਤੇ ਚਾੜ੍ਹਿਆ। ਪਰ ਦੋਨਾਂ ਵਿਚੋਂ ਕੋਈ ਵੀ ਨਾ ਡੋਲਿਆ। ਫਿਰ ਦੋਵੇਂ ਚਰਖੜੀਆਂ ਚੱਲੀਆਂ ਤੇ ਕਈ ਵਾਰ ਚਰਖੜੀ ਰੋਕ ਕੇ ਦੋਨਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਇਹ ਗੁਰੂ ਦੇ ਸਿਦਕੀ ਸਿੱਖ ਵਾਹਿਗੁਰੂ-ਵਾਹਿਗੁਰੂ ਦੀ ਧੁਨ ਅਲਾਪਦੇ ਸਿਦਕ ਵਿਚ ਪੱਕੇ ਰਹੇ। ਚਰਖੜੀਆਂ ਦੀਆਂ ਤਿੱਖੀਆਂ ਛੁਰੀਆਂ ਗਿੜਦੀਆਂ ਗਈਆਂ ਤੇ ਪਿਉ-ਪੁੱਤਰ ਦੇ ਮੁੱਖੋਂ ਵਾਹਿਗੁਰੂ ਦੀਆਂ ਧੁਨਾਂ ਵੀ ਸਹਿਜੇ-ਸਹਿਜੇ ਬੰਦ ਹੋ ਗਈਆਂ। ਅਸੀਂ ਰੋਜ਼ਾਨਾ ਅਰਦਾਸ ਵਿਚ ਚਰਖੜੀਆਂ 'ਤੇ ਚੜ੍ਹੇ ਸਿੰਘਾਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਬੋਲਦੇ ਹਾਂ। ਸਿੱਖ ਧਰਮ ਵਿਚ ਇਹਨਾਂ ਪਿਉ ਪੁੱਤਾਂ ਦੀ ਸ਼ਹੀਦੀ ਇਕ ਨਿਆਰੀ ਗਾਥਾ ਹੈ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ- (ੳ) ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ ਦੇ ਜੀਵਨ ਤੇ ਸ਼ਹੀਦੀ ਉੱਪਰ ਚਾਨਣਾ ਪਾਓ।

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 :- ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦਾ ਆਪਸੀ ਕੀ ਰਿਸ਼ਤਾ ਸੀ ?

ਉੱਤਰ :- ਇਹ ਦੋਨੋਂ ਪਿਉ-ਪੁੱਤਰ ਸਨ। ਭਾਈ ਸੁਬੇਗ ਸਿੰਘ ਪਿਤਾ ਸੀ ਅਤੇ ਸ਼ਾਹਬਾਜ਼ ਸਿੰਘ ਉਹਨਾਂ ਦਾ ਪੁੱਤਰ ਸੀ।

ਪ੍ਰਸ਼ਨ 2 :- ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਕਿਵੇਂ ਸ਼ਹੀਦ ਕੀਤਾ ਗਿਆ ?

ਉੱਤਰ :- ਇਹਨਾਂ ਦੋਹਾਂ ਨੂੰ ਲਾਹੌਰ ਦੇ ਸੂਬੇਦਾਰ ਵੱਲੋਂ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

ਪ੍ਰਸ਼ਨ 3 :- ਭਾਈ ਸੁਬੇਗ ਸਿੰਘ ਕਿਥੋਂ ਦੇ ਰਹਿਣ ਵਾਲੇ ਸਨ ?

ਉੱਤਰ :- ਭਾਈ ਸੁਬੇਗ ਸਿੰਘ ਪਿੰਡ ਜੰਬਰ, ਜ਼ਿਲ੍ਹਾ ਲਾਹੌਰ ਦੇ ਰਹਿਣ ਵਾਲੇ ਸਨ। ਆਪ ਚੰਗੇ ਪੜ੍ਹੇ ਲਿਖੇ ਤੇ ਫ਼ਾਰਸੀ ਦੇ ਵਿਦਵਾਨ ਸਨ।

ਪ੍ਰਸ਼ਨ 4 :- ਸੰਨ 1733 ਵਿਚ ਜ਼ਕਰੀਆ ਖ਼ਾਂ ਨੇ ਦਿੱਲੀ ਦੇ ਬਾਦਸ਼ਾਹ ਨੂੰ ਕੀ ਸਲਾਹ ਦਿੱਤੀ ?

ਉੱਤਰ :- ਉਸ ਨੇ ਲਿਖਿਆ ਕਿ ਸਿੱਖਾਂ ਉੱਪਰ ਅੱਤ ਦੀ ਸਖ਼ਤੀ ਕਰਕੇ ਵੇਖ ਲਈ ਹੈ। ਇਹ ਲੋਕ ਮੁਕਾਇਆਂ ਨਹੀਂ ਮੁੱਕ ਸਕਦੇ। ਹੁਣ ਇਹਨਾਂ ਨਾਲ ਨਰਮੀ ਵਾਲਾ ਸਲੂਕ ਕਰਕੇ ਵੇਖ ਲਈਏ।

ਪ੍ਰਸ਼ਨ 5 :- ਖ਼ਾਲਸੇ ਨਾਲ ਚੰਗੇ ਸੰਬੰਧ ਬਨਾਉਣ ਲਈ ਜ਼ਕਰੀਆ ਖ਼ਾਂ ਨੇ ਕਿਸ ਨੂੰ ਭੇਜਿਆ ?

ਉੱਤਰ :- ਜ਼ਕਰੀਆ ਖ਼ਾਂ ਨੇ ਆਪਣੇ ਵੱਲੋਂ ਭਾਈ ਸੁਬੇਗ ਸਿੰਘ ਨੂੰ ਵਕੀਲ ਬਣਾ ਕੇ ਭੇਜਿਆ ਕਿਉਂਕਿ ਸੁਬੇਗ ਸਿੰਘ ਸਰਕਾਰੀ ਸੇਵਾ 'ਤੇ ਹੁੰਦਾ ਹੋਇਆ ਵੀ ਖ਼ਾਲਸੇ ਨਾਲ ਚੰਗੇ ਸੰਬੰਧ ਬਣਾਈ ਰੱਖਦਾ ਸੀ।

ਪ੍ਰਸ਼ਨ 6 :- ਭਾਈ ਸੁਬੇਗ ਸਿੰਘ ਨੇ ਖ਼ਾਲਸਾ ਪੰਥ ਨਾਲ ਕਿੱਥੇ ਮੇਲ ਕੀਤਾ ?

ਉੱਤਰ :- ਭਾਈ ਸੁਬੇਗ ਸਿੰਘ 1733 ਈ. ਦੀ ਵਿਸਾਖੀ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਹਾਜ਼ਰ ਹੋਇਆ ਸੀ। ਵਿਸਾਖੀ ਦਾ ਤਿਉਹਾਰ ਕਰਕੇ ਖ਼ਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੋੜ ਮੇਲਾ ਮਨਾ ਰਿਹਾ ਸੀ।

ਪ੍ਰਸ਼ਨ 7 :- ਭਾਈ ਸੁਬੇਗ ਸਿੰਘ ਨੇ ਖ਼ਾਲਸੇ ਅੱਗੇ ਕੀ ਪੇਸ਼ ਕੀਤਾ ?

ਉੱਤਰ :- ਭਾਈ ਸਾਹਿਬ ਨੇ ਖ਼ਾਲਸੇ ਅੱਗੇ ਨਵਾਬ ਵੱਲੋਂ ਦਿਆਲਪੁਰ, ਕੰਗਣਪੁਰ ਤੇ ਝਬਾਲ ਦੇ ਪਰਗਣਿਆਂ ਦੀ ਜਗੀਰ, ਜਿਸ ਦੀ ਸਾਲਾਨਾ ਆਮਦਨ ਇਕ ਲੱਖ ਰੁਪਏ ਸੀ ਅਤੇ ਕੀਮਤੀ ਖ਼ਿਲਤ (ਪੁਸ਼ਾਕ) ਪੇਸ਼ ਕੀਤੀ।

ਪ੍ਰਸ਼ਨ 8 :- ਜਦ ਖ਼ਾਲਸੇ ਨੇ ਨਵਾਬੀ ਲੈਣ ਤੋਂ ਇਨਕਾਰ ਕਰ ਦਿੱਤਾ ਤਾਂ ਨਵਾਬੀ ਕਿਸ ਨੂੰ ਦਿੱਤੀ ਗਈ ?

ਉੱਤਰ :- ਉਸ ਸਮੇਂ ਸ੍ਰ. ਕਪੂਰ ਸਿੰਘ ਫੈਜ਼ਲਪੁਰੀਆ ਸੰਗਤਾਂ ਨੂੰ ਪੱਖਾ ਝੱਲ ਰਿਹਾ ਸੀ। ਇਹ ਸਿੰਘ ਤਬੇਲੇ ਵਿਚ ਘੋੜਿਆਂ ਦੇ ਦਾਣੇ ਪਾਣੀ ਤੇ ਪੱਠੇ ਦੱਥੇ ਦੀ ਸੇਵਾ ਕਰਦਾ ਹੁੰਦਾ ਸੀ। ਖ਼ਾਲਸੇ ਨੇ ਮਤਾ ਕਰਕੇ ਇਹ ਨਵਾਬੀ ਤੇ ਜਾਗੀਰ ਉਸ ਨੂੰ ਦੇ ਦਿੱਤੀ।

ਪ੍ਰਸ਼ਨ 9 :- ਭਾਈ ਸ਼ਾਹਬਾਜ਼ ਸਿੰਘ ਉੱਪਰ ਕੀ ਇਲਜ਼ਾਮ ਲਾਇਆ ਗਿਆ ?

ਉੱਤਰ :- ਭਾਈ ਸ਼ਾਹਬਾਜ਼ ਸਿੰਘ ਅਠਾਰਾਂ ਕੁ ਸਾਲ ਦਾ ਸੋਹਣਾ ਜਵਾਨ ਸੀ। ਉਹ ਇਕ ਮਦਰੱਸੇ ਵਿਚ ਕਾਜ਼ੀ ਪਾਸੋਂ ਫ਼ਾਰਸੀ ਪੜ੍ਹਦਾ ਸੀ। ਕਾਜ਼ੀ ਨੇ ਇਸ ਨੂੰ ਮੁਸਲਮਾਨ ਬਨਾਉਣਾ ਚਾਹਿਆ, ਪਰ ਉਸ ਨੇ ਨਾਂਹ ਕਰ ਦਿੱਤੀ। ਕਾਜ਼ੀ ਨੇ ਲਾਹੌਰ ਝੂਠੀ ਸ਼ਿਕਾਇਤ ਕਰ ਦਿੱਤੀ ਕਿ ਸ਼ਾਹਬਾਜ਼ ਸਿੰਘ ਨੇ ਇਸਲਾਮ ਦੀ ਨਿਰਾਦਰੀ ਕੀਤੀ ਹੈ।

ਪ੍ਰਸ਼ਨ 10 :- ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਕਦੋਂ ਤੇ ਕਿਸ ਦੇ ਹੁਕਮ ਨਾਲ ਗ੍ਰਿਫ਼ਤਾਰ ਕੀਤਾ ਗਿਆ ?

ਉੱਤਰ :- ਇਹ ਘਟਨਾ 1745 ਈ. ਦੀ ਹੈ। ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਜ਼ਕਰੀਆ ਖ਼ਾਂ ਦੇ ਹੁਕਮ ਨਾਲ ਗ੍ਰਿਫ਼ਤਾਰ ਕੀਤਾ ਗਿਆ ਅਤੇ ਇਹਨਾਂ ਉੱਪਰ ਦੋਸ਼ ਮੜ੍ਹ ਦਿੱਤਾ ਕਿ ਇਹ ਸਰਕਾਰ ਦੇ ਵਿਰੋਧੀ ਹਨ।

ਪ੍ਰਸ਼ਨ 11 :- ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਕਿਸ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ?

ਉੱਤਰ :- ਇਹਨਾਂ ਪਿਉ-ਪੁੱਤਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਜ਼ਕਰੀਆ ਖ਼ਾਂ ਛੇਤੀ ਹੀ ਮਰ ਗਿਆ। ਉਸ ਦਾ ਪੁੱਤਰ ਯਹੀਆ ਖ਼ਾਂ ਪਿਉ ਨਾਲੋਂ ਵੀ ਜ਼ਾਲਮ ਸੀ। ਯਹੀਆ ਖਾਂ ਨੇ ਪਿਉ-ਪੁੱਤਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ, ਪਰ ਉਹਨਾਂ ਜਵਾਬ ਦਿੱਤਾ ਕਿ ਅਸੀਂ ਸਿੱਖ ਧਰਮ ਤਿਆਗ ਕੇ ਮੁਸਲਮਾਨ ਨਹੀਂ ਬਣ ਸਕਦੇ।

ਪ੍ਰਸ਼ਨ 12 :- ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਨੂੰ ਕਿਵੇਂ ਸ਼ਹੀਦ ਕੀਤਾ ਗਿਆ ?

ਉੱਤਰ :- ਯਹੀਆ ਖ਼ਾਂ ਦੇ ਹੁਕਮ ਨਾਲ ਪਹਿਲਾਂ ਭਾਈ ਸੁਬੇਗ ਸਿੰਘ ਨੂੰ ਚਰਖੜੀ 'ਤੇ ਚਾੜ੍ਹਿਆ ਗਿਆ, ਪਰ ਉਹ ਸਿਦਕੋਂ ਨਾ ਡੋਲਿਆ। ਫਿਰ ਪਿਤਾ ਦੇ ਸਾਹਮਣੇ ਪੁੱਤਰ ਨੂੰ ਚਰਖੜੀ 'ਤੇ ਚਾੜ੍ਹਿਆ ਗਿਆ। ਫਿਰ ਦੋਵੇਂ ਚਰਖੜੀਆਂ ਚੱਲੀਆਂ ਤੇ ਚਰਖੜੀਆਂ ਰੋਕ ਕੇ ਵੀ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ, ਪਰ ਗੁਰੂ ਦੇ ਸਿੰਘ ਧਰਮ ਤੋਂ ਨਹੀਂ ਡੋਲੇ। ਇਸ ਤਰ੍ਹਾਂ ਚਰਖੜੀਆਂ ਦੀਆਂ ਤਿੱਖੀਆਂ ਛੁਰੀਆਂ ਨਾਲ ਪਿਉ-ਪੁੱਤ ਸ਼ਹੀਦ ਹੋ ਗਏ।

✯✯✯

# ਭਾਈ ਤਾਰੂ ਸਿੰਘ ਜੀ

(ੳ) ਭਾਈ ਤਾਰੂ ਸਿੰਘ ਜੀ ਦਾ ਜੀਵਨ ਤੇ ਸ਼ਹੀਦੀ :

ਜਦ ਅਸੀਂ ਰੋਜ਼ਾਨਾ ਅਰਦਾਸ ਵਿਚ ਇਹ ਸ਼ਬਦ ਬੋਲਦੇ ਹਾਂ, 'ਜਿਹਨਾਂ ਖੋਪਰੀਆਂ ਲੁਹਾਈਆਂ' ਤਾਂ ਸਾਡਾ ਧਿਆਨ ਸ਼ਹੀਦ ਭਾਈ ਤਾਰੂ ਸਿੰਘ ਜੀ ਵੱਲ ਜਾਂਦਾ ਹੈ। ਜਦ ਜ਼ਕਰੀਆ ਖ਼ਾਂ ਲਾਹੌਰ ਦਾ ਗਵਰਨਰ ਸੀ ਤਾਂ ਉਸ ਦਾ ਸਮਾਂ 1726 ਈ. ਤੋਂ 1745 ਈ. ਤੱਕ ਰਿਹਾ। ਇਸ ਸਮੇਂ ਵਿਚ ਹੀ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਹੋਈ।

ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਵਸਨੀਕ ਸਨ। ਇਹਨਾਂ ਦੀ ਉਮਰ ਛੋਟੀ ਹੀ ਸੀ ਜਦ ਪਿਤਾ ਜੀ ਅਕਾਲ ਚਲਾਣਾ ਕਰ ਗਏ। ਪਰਿਵਾਰ ਵਿਚ ਮਾਂ ਤੇ ਭੈਣ ਹੀ ਹੋਰ ਦੋ ਜੀਅ ਸਨ। ਭਾਈ ਤਾਰੂ ਸਿੰਘ ਦੀ ਮਾਤਾ ਬਹੁਤ ਭਜਨ ਬੰਦਗੀ ਤੇ ਗੁਰਸਿੱਖੀ ਦੀ ਰਹਿਤ 'ਚ ਜੀਵਨ ਬਸਰ ਕਰਨ ਵਾਲੀ ਔਰਤ ਸੀ। ਗੁਰਮਤਿ ਦੀ ਧਾਰਨੀ ਮਾਤਾ ਨੇ ਆਪਣੇ ਪੁੱਤਰ ਨੂੰ ਬਚਪਨ ਤੋਂ ਹੀ ਗੁਰਬਾਣੀ ਨਾਲ ਜੋੜਿਆ ਅਤੇ ਗੁਰਸਿੱਖੀ ਲਈ ਪਿਆਰ ਪੈਦਾ ਕੀਤਾ।

ਭਾਈ ਤਾਰੂ ਸਿੰਘ ਜੀ ਜੁਆਨੀ ਦੀ ਉਮਰੇ ਖੇਤੀਬਾੜੀ ਦੀ ਕਿਰਤ ਕਰਦੇ ਸਨ। ਇਕ ਪਾਸੇ ਨਵਾਬ ਜ਼ਕਰੀਆ ਖ਼ਾਂ ਸਿੰਘਾਂ ਦਾ ਖੁਰਾ ਖੋਜ ਮਿਟਾਉਣਾ ਚਾਹੁੰਦਾ ਸੀ। ਸਮੇਂ ਦੇ ਹਾਲਾਤਾਂ ਨੂੰ ਦੇਖ ਕੇ ਕੁਝ ਸਿੰਘ ਜਾਂ ਤਾਂ ਜੰਗਲਾਂ ਵਿਚ ਚਲੇ ਗਏ ਅਤੇ ਜਾਂ ਬੀਕਾਨੇਰ ਵੱਲ ਚਲੇ ਗਏ। ਇਨ੍ਹਾਂ ਵਿਚੋਂ ਕੁਝ ਅਣਖੀਲੇ ਯੋਧੇ ਸਿਰ ਧੜ ਦੀ ਬਾਜ਼ੀ ਲਾ ਕੇ ਮੁਗ਼ਲ ਹਕੂਮਤ ਨਾਲ ਟੱਕਰ ਵੀ ਲੈਂਦੇ ਸਨ। ਭਾਈ ਤਾਰੂ ਸਿੰਘ ਦਾ ਨੇਮ ਸੀ ਕਿ ਘਰੋਂ ਰੋਟੀਆਂ ਪਕਵਾ ਕੇ ਰਾਤੀਂ ਜੰਗਲਾਂ ਵਿਚ ਖ਼ਾਲਸੇ ਨੂੰ ਜਾ ਛਕਾਉਂਦੇ। ਭਾਈ ਜੀ ਹਰ ਪੱਖੋਂ ਸਿੰਘਾਂ ਦੀ ਸਹਾਇਤਾ ਕਰਦੇ ਸਨ।

ਇਕ ਦਿਨ ਨਵਾਬ ਜ਼ਕਰੀਆ ਖ਼ਾਂ ਨੇ ਦਰਬਾਰੀਆਂ ਨੂੰ ਪੁੱਛਿਆ ਕਿ ਜੰਗਲਾਂ ਵਿਚ ਲੁਕੇ ਫਿਰਦੇ ਸਿੱਖ ਕਿਵੇਂ ਜਿਉਂਦੇ ਫਿਰ ਰਹੇ ਹਨ ? ਜੰਗਲਾਂ ਵਿਚ ਸਾਗ ਪੱਤ ਖਾ ਕੇ ਕਿਵੇਂ ਗੁਜ਼ਾਰਾ ਹੋ ਸਕਦਾ ਹੈ ? ਇਸ ਸਮੇਂ ਜੰਡਿਆਲੇ ਦੇ ਨਿਰੰਜਨੀਏ ਮਹੰਤ ਹਰਿਭਗਤ ਨੇ ਜ਼ਕਰੀਆ ਖ਼ਾਂ ਪਾਸ ਚੁਗਲੀ ਕੀਤੀ ਕਿ ਭਾਈ ਤਾਰੂ ਸਿੰਘ ਹਕੂਮਤ ਵਿਰੋਧੀ ਸਿੰਘਾਂ ਨੂੰ ਰੋਟੀ ਖਵਾਉਂਦਾ ਤੇ ਸਹਾਇਤਾ ਕਰਦਾ ਹੈ। ਇਹ ਸੁਣ ਕੇ ਗ਼ੁੱਸੇ ਵਿਚ ਆਏ ਸੂਬੇ ਨੇ ਉਸੇ ਵੇਲੇ ਭਾਈ ਤਾਰੂ ਸਿੰਘ ਨੂੰ ਫੜ੍ਹ ਕੇ ਲਿਆਉਣ ਦਾ ਹੁਕਮ ਕੀਤਾ।

ਮੁਗ਼ਲ ਸਿਪਾਹੀਆਂ ਨੇ ਪੂਹਲਾ ਪਿੰਡ ਪਹੁੰਚ ਕੇ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਸਿਪਾਹੀ ਉਹਨਾਂ ਨੂੰ ਪਕੜ ਕੇ ਲਾਹੌਰ ਪਹੁੰਚੇ ਅਤੇ ਜੇਲ੍ਹ ਵਿਚ ਬੰਦ ਕਰ ਦਿੱਤਾ। ਕੈਦ ਵਿਚ ਉਹਨਾਂ ਨੂੰ ਲਾਲਚ ਤੇ ਡਰਾਵੇ ਦੇ ਕੇ ਮੁਸਲਮਾਨ ਬਣਨ ਲਈ ਜ਼ੋਰ ਲਾਇਆ ਗਿਆ। ਭਾਈ ਤਾਰੂ ਸਿੰਘ ਨੇ ਸਭ ਲਾਲਚ ਤੇ ਡਰਾਵੇ ਠੁਕਰਾ ਦਿੱਤੇ। ਉਹਨਾਂ ਦਲੇਰੀ ਨਾਲ ਉੱਤਰ ਦਿੱਤਾ ਕਿ ਸਿੱਖੀ ਕਿਸੇ ਵੀ ਕੀਮਤ 'ਤੇ ਤਿਆਗੀ ਨਹੀਂ ਜਾ ਸਕਦੀ।

ਭਾਈ ਸਾਹਿਬ ਨੂੰ ਉਹਨਾਂ ਦੇ ਕੇਸ ਕਤਲ ਕਰਨ ਦੀ ਸਜ਼ਾ ਸੁਣਾਈ ਗਈ। ਗੁਰੂ ਦੇ ਸਿੱਖ ਨੇ ਦਲੇਰੀ ਨਾਲ ਉੱਤਰ ਦਿੱਤਾ ਕਿ 'ਗੁਰੂ ਦਾ ਸਿੱਖ ਆਪਣੀ ਜਾਨ ਤਾਂ ਵਾਰ ਸਕਦਾ ਹੈ, ਪਰ ਕੇਸਾਂ ਦੀ ਬੇਅਦਬੀ ਨਹੀਂ ਸਹਾਰ ਸਕਦਾ।'' ਜਦ ਭਾਈ ਸਾਹਿਬ ਆਪਣੇ ਧਰਮ 'ਤੇ ਅਡੋਲ ਰਹੇ ਤਾਂ ਉਹਨਾਂ ਨੂੰ ਸ਼ਹੀਦ ਕਰਨ ਦਾ ਹੁਕਮ ਹੋਇਆ। ਇਹ ਸਾਕਾ ਜੁਲਾਈ 1745 ਈ. ਦਾ ਹੈ। ਲਾਹੌਰ ਦੇ ਨਖਾਸ ਚੌਂਕ ਵਿਚ ਭਾਈ ਤਾਰੂ ਸਿੰਘ ਦੀ ਖੋਪਰੀ, ਕੇਸਾਂ ਸਮੇਤ ਰੰਬੀ ਨਾਲ ਲਾਹੀ ਗਈ। ਆਪ ਸ਼ਾਂਤ ਚਿੱਤ ਬੈਠੇ ਅਕਾਲ ਦੇ ਭਾਣੇ ਵਿਚ ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ।

ਇਸ ਸਿੱਖ ਦੀ ਚੜ੍ਹਦੀ ਕਲਾ ਦਾ ਰਾਜ਼ ਦੇਖੋ ਕਿ ਭਾਈ ਤਾਰੂ ਸਿੰਘ ਜੀ ਖੋਪਰੀ ਉਤਰੀ ਤੋਂ ਬਾਅਦ ਵੀ ਕਈ ਦਿਨ ਜੀਵਤ ਰਹੇ। ਉਧਰ ਜ਼ਕਰੀਆ ਖ਼ਾਂ ਇਕ ਭੈੜੇ ਰੋਗ ਨਾਲ ਪਿਸ਼ਾਬ ਦਾ ਬੰਨ੍ਹ ਪੈ ਕੇ ਮਰ ਗਿਆ। ਜ਼ਕਰੀਆ ਖ਼ਾਂ ਦੇ ਮਰਨ ਤੋਂ ਬਾਅਦ ਭਾਈ ਤਾਰੂ ਸਿੰਘ ਦੀ ਆਤਮਾ ਨੇ ਉਡਾਰੀ ਲਾਈ। ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਣਾ ਇਸੇ ਨੂੰ ਕਿਹਾ ਜਾਂਦਾ ਹੈ। ਭਾਈ ਸਾਹਿਬ ਕੌਮੀ ਵਾਰਸਾਂ ਲਈ ਇਹ ਪੂਰਨੇ ਪਾ ਗਏ। ਪਾਕਿਸਤਾਨ ਬਣਨ ਤੋਂ ਪਹਿਲਾਂ ਭਾਈ ਜੀ ਦੇ ਯਾਦਗਰੀ ਸਥਾਨ, ਸ਼ਹੀਦ ਗੰਜ ਲਾਹੌਰ ਵਿਖੇ ਭਾਰੀ ਦੀਵਾਨ ਸਜਿਆ ਕਰਦਾ ਸੀ। ਭਾਈ ਤਾਰੂ ਸਿੰਘ ਜੀ ਦੀ ਕੁਰਬਾਨੀ ਜੁੱਗਾਂ ਜੁਗਾਂਤਰਾਂ ਤੱਕ ਸਿੱਖ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਰਹੇਗੀ। ਇਸ ਇਤਿਹਾਸ ਨੂੰ ਜਿਹੜਾ ਵੀ ਪੜ੍ਹੇਗਾ, ਉਹ ਆਪਣੇ ਕੇਸਾਂ ਦੀ ਬੇਅਦਬੀ ਨਹੀਂ ਹੋਣ ਦੇਵੇਗਾ। ਭਾਈ ਸਾਹਿਬ ਦਾ ਇਤਿਹਾਸ ਸਾਡੇ ਲਈ ਪ੍ਰੇਰਕ ਸ਼ਕਤੀ ਹੈ।

(ਅ) ਭਾਈ ਤਾਰੂ ਸਿੰਘ ਜੀ ਦੇ ਜੀਵਨ ਇਤਿਹਾਸ ਤੋਂ ਸਿੱਖਿਆ :

ਭਾਈ ਤਾਰੂ ਸਿੰਘ ਜੀ ਦਾ ਜੀਵਨ ਸੰਪੂਰਨ ਗੁਰਸਿੱਖ ਦਾ ਜੀਵਨ ਸੀ। ਉਹਨਾਂ ਦਾ ਜੀਵਨ ਜਿਥੇ ਕਿਰਤ ਕਰਨ, ਨਾਮ ਜਪਣ, ਵੰਡ ਛਕਣ ਦੀ ਮਿਸਾਲ ਹੈ, ਉਥੇ ਸਿੱਖੀ ਸਿਦਕ ਤੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਣ ਦੀ ਵੀ ਮਿਸਾਲ ਹੈ। ਉਹ ਗੁਰੂ ਬਖ਼ਸ਼ੇ ਸਿਧਾਂਤਾਂ ਉੱਪਰ ਡਟ ਕੇ ਪਹਿਰਾ ਦੇਣ ਵਾਲਾ ਅਡੋਲ ਯੋਧਾ ਸੀ। ਉਹਨਾਂ ਨੇ ਆਪਣੀ ਧਰਮ ਦੀ ਕਿਰਤ ਕਰਦਿਆਂ ਭੀੜ ਸਮੇਂ ਖ਼ਾਲਸੇ ਦੀ ਸੇਵਾ ਕਰਨੀ ਆਪਣਾ ਫ਼ਰਜ਼ ਸਮਝਿਆ। ਇਹ ਕੌਮੀਅਤ ਦੀ ਭਾਵਨਾ ਹੈ।

ਭਾਈ ਤਾਰੂ ਸਿੰਘ ਜੀ ਦੇ ਜੀਵਨ ਇਤਿਹਾਸ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਇਕ ਸਿੱਖ ਨੂੰ ਕੇਸ ਆਪਣੀ ਜਾਨ ਤੋਂ ਵੀ ਪਿਆਰੇ ਹੁੰਦੇ ਹਨ। ਕੇਸ-ਗੁਰੂ ਦੀ ਮੋਹਰ ਹਨ।

ਮੋਹਰ ਤੋਂ ਬਿਨਾਂ ਪਹਿਚਾਣ ਵੀ ਕੋਈ ਨਹੀਂ ਹੁੰਦੀ। ਕੇਸ ਦਾੜ੍ਹੀ ਮਰਦ ਦੀ ਪਹਿਚਾਣ ਹਨ ਤੇ ਇਕ ਸਿੱਖ ਇਸ ਮਰਦਊਪੁਣੇ ਨੂੰ ਜੀਵਨ ਵਿਚ ਜੀਅ ਕੇ ਦੱਸਦਾ ਹੈ। ਇਹ ਵੀ ਸੱਚ ਹੈ ਕਿ ਜੇਕਰ ਇਕ ਇਸਤਰੀ ਦੇ ਚੇਹਰੇ ਉੱਪਰ ਵਾਲ ਫੁੱਟ ਪੈਣ ਤਾਂ ਉਹ ਸਮਾਜ ਵਿਚ ਆਪਣੇ ਆਪ ਨੂੰ ਕਰੂਪ ਸਮਝਦੀ ਹੈ। ਹੁਣ ਇਹ ਗੱਲ ਮਰਦ ਵੀ ਸਮਝੇ ਕਿ ਉਹ ਬਿਨਾਂ ਦਾੜ੍ਹੀ ਤੋਂ ਕਰੂਪ ਹੈ। ਕੇਸ ਕੁਦਰਤ ਦੀ ਦਾਤ ਹਨ। ਇਹ ਅਧਿਆਤਮਿਕ ਸ਼ਕਤੀ, ਧਰਮੀ ਸਰੂਪ ਤੇ ਖ਼ਾਲਸੇ ਦੀ ਰਹਿਤ ਦਾ ਜ਼ਰੂਰੀ ਅੰਗ ਹਨ। ਜਿਵੇਂ ਕੋਈ ਅੰਗ ਕੱਟੇ ਜਾਣ ਸਮੇਂ ਮਨੁੱਖ ਅਪਾਹਜ ਕਿਹਾ ਜਾਂਦਾ ਹੈ, ਇਸੇ ਤਰ੍ਹਾਂ ਕੇਸਾਂ ਤੋਂ ਬਗੈਰ ਸਿੱਖ ਵੀ ਅਪਾਹਜ ਤੇ ਅਧੂਰਾ ਮੰਨਿਆ ਜਾਂਦਾ ਹੈ। ਇਹ ਨਿਆਰਾ ਸਰੂਪ ਹੀ ਸੰਸਾਰ ਪੱਧਰ 'ਤੇ ਸਿੱਖ ਕੌਮ ਦੀ ਨਿਆਰੀ ਪਹਿਚਾਣ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਥੋਂ ਤੱਕ ਪ੍ਰੇਰਨਾ ਦਿੱਤੀ ਹੈ :-

*'ਬਿਨਾਂ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ'*

ਭਾਵ ਸ਼ਸਤਰ ਤੇ ਕੇਸਾਂ ਤੋਂ ਬਿਨਾਂ ਮਨੁੱਖ ਭੇਡ ਦੇ ਸਮਾਨ ਹੈ। ਇਹਨਾਂ ਤੋਂ ਬਿਨ੍ਹਾਂ ਉਹ ਮਰਦ ਅਖਵਾਉਣ ਦਾ ਹੱਕਦਾਰ ਨਹੀਂ ਹੈ। ਇਸ ਲਈ ਹਰ ਸਿੱਖ ਨੂੰ ਆਪਣੇ ਸਿੱਖੀ ਸਰੂਪ ਉੱਪਰ ਫ਼ਖਰ ਤੇ ਮਾਣ ਕਰਨਾ ਚਾਹੀਦਾ ਹੈ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਸਿੱਖੀ ਸਿਦਕ ਤੇ ਦ੍ਰਿੜ੍ਹ ਵਿਸ਼ਵਾਸ ਦਾ ਵੱਡਾ ਥੰਮ੍ਹ ਹੈ। ਥੰਮ੍ਹ ਸਦਾ ਹੀ ਡੋਲਦੇ ਵਿਸ਼ਵਾਸ ਵਾਲਿਆਂ ਨੂੰ ਥੰਮ੍ਹ ਕੇ ਰੱਖਦਾ ਹੈ। ਜੁੱਗਾਂ ਜੁਗਾਂਤਰਾਂ ਤੱਕ ਇਹ ਬੋਲ ਸਭ ਲੋਕਾਈ ਨੂੰ ਪ੍ਰੇਰਦੇ ਰਹਿਣਗੇ ਕਿ ਗੁਰੂ ਦਾ ਸਿੱਖ ਆਪਣੀ ਜਾਨ ਤਾਂ ਦੇ ਸਕਦਾ ਹੈ, ਪਰ ਕੇਸਾਂ ਦੀ ਬੇਅਦਬੀ ਨਹੀਂ ਸਹਾਰ ਸਕਦਾ। ਇਹ ਗਰਜਵੇਂ ਤੇ ਗੜ੍ਹਕਵੇਂ ਬੋਲ ਸਾਡੀ ਪ੍ਰੇਰਕ ਸ਼ਕਤੀ ਤੇ ਸਵੈਮਾਣ ਹਨ ਕਿ ਅਸੀਂ ਭਾਈ ਤਾਰੂ ਸਿੰਘ ਜੀ ਦੇ ਵਾਰਸ ਹਾਂ। ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤ-ਪੁੱਤਰੀਆਂ ਹੋਣ 'ਤੇ ਮਾਣ ਹੈ। ਹੁਣ ਕੋਈ ਜ਼ਕਰੀਆ ਖ਼ਾਂ ਸਾਡੇ ਕੇਸਾਂ ਵੱਲ ਬੁਰੀ ਨਜ਼ਰ ਨਾਲ ਨਹੀਂ ਤੱਕਦਾ, ਪਰ ਅਸੀਂ ਆਪ ਹੀ ਜ਼ਕਰੀਆ ਖ਼ਾਂ ਬਣ ਕੇ ਆਪਣੇ ਕੇਸਾਂ ਦੇ ਕਾਤਲ ਵੀ ਨਾ ਬਣੀਏ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਸਾਨੂੰ ਵੰਗਾਰਦੀ ਹੈ ਕਿ ਅਸੀਂ ਕੇਸ ਕਟਾਉਣੇ ਫੈਸ਼ਨ ਨਾ ਸਮਝੀਏ ਸਗੋਂ ਕੇਸ ਰੱਖਣੇ ਤੇ ਸੰਵਾਰਨੇ ਫੈਸ਼ਨ ਸਮਝੀਏ। ਸੋਹਣੀ ਦਸਤਾਰ ਸਜਾਉਣੀ ਸਾਡਾ ਫੈਸ਼ਨ ਹੋਵੇ। ਅਸੀਂ ਆਪਣੇ ਗੁਰੂ ਜੀ ਦੇ ਕੇਸਾਧਾਰੀ ਹੀਰੋ ਹਾਂ। ਇਹ ਸਵੈਮਾਣ ਤੇ ਸਵੈ-ਵਿਸ਼ਵਾਸ ਹਰੇਕ ਸਿੱਖ ਵਿਦਿਆਰਥੀ ਦੇ ਮਨ ਵਿਚ ਹੋਣਾ ਜ਼ਰੂਰੀ ਹੈ। ਭਾਈ ਤਾਰੂ ਸਿੰਘ ਜੀ ਦੇ ਜੀਵਨ ਇਤਿਹਾਸ ਦੀ ਇਹੋ ਮਹਾਨ ਸਿੱਖਿਆ ਤੇ ਸੰਦੇਸ਼ ਹੈ।

### ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਭਾਈ ਤਾਰੂ ਸਿੰਘ ਜੀ ਦੇ ਜੀਵਨ ਤੇ ਸ਼ਹੀਦੀ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਅ) ਭਾਈ ਤਾਰੂ ਸਿੰਘ ਜੀ ਦੇ ਜੀਵਨ ਇਤਿਹਾਸ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 :- ਭਾਈ ਤਾਰੂ ਸਿੰਘ ਜੀ ਕਿੱਥੋਂ ਦੇ ਰਹਿਣ ਵਾਲੇ ਸਨ ?

ਉੱਤਰ :- ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਵਸਨੀਕ ਸਨ।

ਪ੍ਰਸ਼ਨ 2 :- ਭਾਈ ਤਾਰੂ ਸਿੰਘ ਜੀ ਕਿਹੜੀ ਕਿਰਤ ਕਰਦੇ ਸਨ ?

ਉੱਤਰ :- ਭਾਈ ਤਾਰੂ ਸਿੰਘ ਜੀ ਪਿਤਾ ਪੁਰਖੀ ਖੇਤੀਬਾੜੀ ਦੀ ਕਿਰਤ ਕਰਦੇ ਸਨ।

ਪ੍ਰਸ਼ਨ 3 :- ਖ਼ਾਲਸੇ ਉੱਪਰ ਮੁਗ਼ਲ ਹਕੂਮਤ ਦੀ ਸਖ਼ਤੀ ਸਮੇਂ ਭਾਈ ਤਾਰੂ ਸਿੰਘ ਜੀ ਸਿੰਘਾਂ ਦੀ ਕਿਵੇਂ ਮਦਦ ਕਰਦੇ ਸਨ ?

ਉੱਤਰ :- ਭਾਈ ਤਾਰੂ ਸਿੰਘ ਜੀ ਦਾ ਨੇਮ ਸੀ ਕਿ ਘਰੋਂ ਰੋਟੀਆਂ ਪਕਵਾ ਕੇ ਰਾਤੀਂ ਜੰਗਲਾਂ ਵਿਚ ਖ਼ਾਲਸੇ ਨੂੰ ਜਾ ਛਕਾਉਂਦੇ ਤੇ ਹਰ ਪੱਖੋਂ ਸਿੰਘਾਂ ਦੀ ਸਹਾਇਤਾ ਕਰਦੇ ਸਨ।

ਪ੍ਰਸ਼ਨ 4 :- ਜਦ ਨਵਾਬ ਜ਼ਕਰੀਆ ਖ਼ਾਂ ਨੇ ਦਰਬਾਰੀਆਂ ਨੂੰ ਪੁੱਛਿਆ ਕਿ ਜੰਗਲਾਂ ਵਿਚ ਸਿੱਖ ਕਿਵੇਂ ਗੁਜ਼ਾਰਾ ਕਰਦੇ ਹਨ ਤਾਂ ਉਸ ਸਮੇਂ ਕਿਸ ਨੇ ਕੀ ਉੱਤਰ ਦਿੱਤਾ ?

ਉੱਤਰ :- ਉਸ ਸਮੇਂ ਜੰਡਿਆਲੇ ਦੇ ਨਿਰੰਜਨੀਏ ਮਹੰਤ ਹਰਿਭਗਤ ਨੇ ਜ਼ਕਰੀਆ ਖ਼ਾਂ ਪਾਸ ਚੁਗਲੀ ਕੀਤੀ ਕਿ ਭਾਈ ਤਾਰੂ ਸਿੰਘ ਹਕੂਮਤ ਵਿਰੋਧੀ ਸਿੰਘਾਂ ਨੂੰ ਰੋਟੀ ਖਵਾਉਂਦਾ ਤੇ ਸਹਾਇਤਾ ਕਰਦਾ ਹੈ।

ਪ੍ਰਸ਼ਨ 5 :- ਜਦ ਭਾਈ ਤਾਰੂ ਸਿੰਘ ਜੀ ਨੂੰ ਕੈਦ ਕਰਕੇ ਮੁਸਲਮਾਨ ਬਣਨ ਲਈ ਜ਼ੋਰ ਲਾਇਆ ਗਿਆ ਤਾਂ ਉਹਨਾਂ ਕੀ ਉੱਤਰ ਦਿੱਤਾ ?

ਉੱਤਰ :- ਭਾਈ ਤਾਰੂ ਸਿੰਘ ਜੀ ਨੇ ਸਭ ਲਾਲਚ ਤੇ ਡਰਾਵੇ ਠੁਕਰਾ ਦਿੱਤੇ ਅਤੇ ਦਲੇਰੀ ਨਾਲ ਉੱਤਰ ਦਿੱਤਾ ਕਿ ਸਿੱਖੀ ਕਿਸੇ ਵੀ ਕੀਮਤ 'ਤੇ ਤਿਆਗੀ ਨਹੀਂ ਜਾ ਸਕਦੀ।

ਪ੍ਰਸ਼ਨ 6 :- ਮੁਗ਼ਲਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਕਿਹੜੀ ਸਜ਼ਾ ਸੁਣਾਈ ?

ਉੱਤਰ :- ਉਹਨਾਂ ਨੇ ਭਾਈ ਤਾਰੂ ਸਿੰਘ ਜੀ ਦੇ ਕੇਸ ਕਤਲ ਕਰਨ ਦੀ ਸਜ਼ਾ ਸੁਣਾਈ, ਪਰ ਭਾਈ ਜੀ ਨੇ ਕਿਹਾ ਕਿ ਗੁਰੂ ਦਾ ਸਿੱਖ ਆਪਣੀ ਜਾਨ ਤਾਂ ਵਾਰ ਸਕਦਾ ਹੈ, ਪਰ ਕੇਸਾਂ ਦੀ ਬੇਅਦਬੀ ਨਹੀਂ ਸਹਾਰ ਸਕਦਾ।

ਪ੍ਰਸ਼ਨ 7 :- ਭਾਈ ਤਾਰੂ ਸਿੰਘ ਜੀ ਨੂੰ ਕਦੋਂ ਅਤੇ ਕਿੱਥੇ ਸ਼ਹੀਦ ਕੀਤਾ ਗਿਆ ?

ਉੱਤਰ :- 1745 ਈ. ਵਿਚ ਲਾਹੌਰ ਦੇ ਨਖਾਸ ਚੌਂਕ ਵਿਖੇ ਭਾਈ ਤਾਰੂ ਸਿੰਘ ਦੀ ਖੋਪਰੀ ਕੇਸਾਂ ਸਮੇਤ ਰੰਬੀ ਨਾਲ ਲਾਹੀ ਗਈ। ਆਪ ਸ਼ਾਂਤ ਚਿਤ ਬੈਠੇ ਅਕਾਲ ਦੇ ਭਾਣੇ ਵਿਚ ਜਪੁ ਜੀ ਦਾ ਪਾਠ ਕਰਦੇ ਰਹੇ।

ਪ੍ਰਸ਼ਨ 8 :- ਭਾਈ ਤਾਰੂ ਸਿੰਘ ਜੀ ਨੂੰ ਮੌਤ ਦੀ ਸਜ਼ਾ ਦੇਣ ਵਾਲੇ ਜ਼ਕਰੀਆ ਖ਼ਾਂ ਨਾਲ ਕੀ ਵਾਪਰਿਆ ?

ਉੱਤਰ :- ਜ਼ਕਰੀਆ ਖ਼ਾਂ ਇਕ ਭੈੜੇ ਰੋਗ ਨਾਲ ਪਿਸ਼ਾਬ ਦਾ ਬੰਨ੍ਹ ਪੈ ਕੇ ਮਰ ਗਿਆ। ਭਾਈ ਤਾਰੂ ਸਿੰਘ ਜੀ ਖੋਪਰੀ ਲੱਥੀ ਤੋਂ ਵੀ ਕਈ ਦਿਨ ਜੀਵਤ ਰਹੇ। ਜ਼ਕਰੀਆ ਖ਼ਾਂ ਦੇ ਮਰਨ ਤੋਂ ਬਾਅਦ ਭਾਈ ਤਾਰੂ ਸਿੰਘ ਜੀ ਦੀ ਆਤਮਾ ਨੇ ਉਡਾਰੀ ਲਾਈ।

# ਪੰਜ ਪਿਆਰਿਆਂ ਦੀ ਚੋਣ ਤੇ ਜੀਵਨ ਇਤਿਹਾਸ

(ੳ) ਪੰਜ ਪਿਆਰਿਆਂ ਦੀ ਚੋਣ (ਖਾਲਸਾ ਪੰਥ ਦੀ ਸਾਜਣਾ)

1699 ਈ. ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਕੀਤੀ ਤੇ ਖ਼ਾਲਸਾ ਪੰਥ ਸਾਜਿਆ। ਵਿਸਾਖੀ ਤੋਂ ਪਹਿਲਾਂ ਗੁਰੂ ਜੀ ਨੇ ਸੰਗਤਾਂ ਦੇ ਨਾਂ ਹੁਕਮਨਾਮੇ ਭੇਜੇ ਕਿ ਇਸ ਵਾਰੀ ਵਿਸਾਖੀ ਦੇ ਜੋੜ ਮੇਲੇ 'ਤੇ ਵੱਧ ਤੋਂ ਵੱਧ ਇਕੱਠ ਹੋਵੇ। ਹੁਕਮ ਮੰਨ ਕੇ ਸੰਗਤਾਂ ਵੱਡੀ ਗਿਣਤੀ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੀਆਂ। ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਵਾਲੀ ਥਾਂ 'ਤੇ ਭਾਰੀ ਦੀਵਾਨ ਸਜਿਆ। ਉਥੇ ਤੰਬੂ ਕਨਾਤਾਂ ਲੱਗੇ ਹੋਏ ਸਨ।

ਜਦ ਕੀਰਤਨ ਦਾ ਭੋਗ ਪਿਆ ਤਾਂ ਗੁਰੂ ਜੀ ਹੱਥ ਵਿਚ ਲਿਸ਼ਕਦੀ ਤਲਵਾਰ ਲੈ ਕੇ ਪੂਰੇ ਜੋਸ਼ ਵਿਚ ਤੰਬੂ ਤੋਂ ਬਾਹਰ ਆਏ। ਗੁਰੂ ਜੀ ਸੰਗਤਾਂ ਨੂੰ ਸੰਬੋਧਨ ਕਰਕੇ ਕਹਿਣ ਲੱਗੇ ਕਿ ਮੈਨੂੰ ਇਕ ਸੀਸ ਦੀ ਲੋੜ ਹੈ। ਇਹ ਤਲਵਾਰ ਇਕ ਸਿੱਖ ਦੇ ਲਹੂ ਦੀ ਪਿਆਸੀ ਹੈ। ਜਦ ਇਹ ਮੰਗ ਸਤਿਗੁਰਾਂ ਨੇ ਦੂਜੀ ਤੀਜੀ ਵਾਰ ਦੁਹਰਾਈ ਤਾਂ ਭਾਈ ਦਇਆ ਰਾਮ ਜੀ ਲਾਹੌਰ ਦੇ ਨਿਵਾਸੀ ਨੇ ਆਪਣਾ ਸੀਸ ਪੇਸ਼ ਕੀਤਾ। ਉਹਨਾਂ ਨਿਮਰਤਾ ਨਾਲ ਕਿਹਾ, ਪਾਤਸ਼ਾਹ ! ਇਹ ਸੀਸ ਤੁਹਾਡਾ ਹੈ, ਜਿਸ ਲੇਖੇ ਚਾਹੋ ਸਫ਼ਲ ਕਰੋ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ। ਤਲਵਾਰ ਚੱਲਣ ਤੇ ਧੜ ਦੇ ਡਿੱਗਣ ਦੀ ਆਵਾਜ਼ ਆਈ। ਗੁਰੂ ਜੀ ਲਹੂ ਲਿਬੜੀ ਤਲਵਾਰ ਲੈ ਕੇ ਫਿਰ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸੀਸ ਦੀ ਮੰਗ ਕੀਤੀ। ਇਸ ਤਰ੍ਹਾਂ ਵਾਰੀ ਵਾਰੀ ਭਾਈ ਧਰਮ ਦਾਸ ਜੀ, ਭਾਈ ਹਿੰਮਤ ਰਾਇ ਜੀ, ਭਾਈ ਮੋਹਕਮ ਚੰਦ ਤੇ ਭਾਈ ਸਾਹਿਬ ਚੰਦ ਜੀ ਨੇ ਆਪਣੇ ਸੀਸ ਭੇਟ ਕੀਤੇ। ਇਹ ਪਰਖ ਗੁਰੂ ਜੀ ਨੇ ਅੱਸੀ ਹਜ਼ਾਰ ਦੇ ਕਰੀਬ ਸੰਗਤਾਂ ਦੇ ਇਕੱਠ ਵਿੱਚੋਂ ਕੀਤੀ।

ਫਿਰ ਗੁਰੂ ਜੀ ਕੁਝ ਸਮੇਂ ਬਾਅਦ ਤੰਬੂ ਤੋਂ ਬਾਹਰ ਆਏ ਅਤੇ ਬੀਰ ਰਸ ਨਾਲ ਭਰਪੂਰ ਸਨ। ਆਪ ਦੇ ਨਾਲ ਸੁੰਦਰ ਪੁਸ਼ਾਕਿਆਂ ਵਿਚ ਉਹ ਪੰਜੇ ਗੁਰੂ ਦੇ ਲਾਲ ਸਨ, ਜਿਨ੍ਹਾਂ ਨੇ ਸੀਸ ਭੇਂਟ ਕੀਤੇ ਸਨ। ਫਿਰ ਗੁਰੂ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ਸਰਬ ਲੋਹ ਦੇ ਬਾਟੇ ਵਿਚ ਪਵਿੱਤਰ ਜਲ ਪਾਇਆ, ਮਾਤਾ ਜੀਤੋ ਜੀ ਨੇ ਪਤਾਸੇ ਪਾਏ। ਸਤਿਗੁਰਾਂ ਨੇ ਬੀਰ ਆਸਣ 'ਚ ਬੈਠ ਕੇ ਵਿਚ ਸੱਜੇ ਹੱਥ ਨਾਲ ਖੰਡਾ ਫੇਰਦਿਆਂ ਪੰਜਾਂ ਬਾਣੀਆਂ (ਸ੍ਰੀ ਜਪੁ ਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵੱਯੇ, ਚੌਪਈ ਸਾਹਿਬ, ਸ੍ਰੀ ਆਨੰਦ

ਸਾਹਿਬ) ਦਾ ਪਾਠ ਕੀਤਾ। ਪਹਿਲਾਂ ਪੰਜਾਂ ਪਿਆਰਿਆਂ ਨੂੰ ਛਕਾਇਆ। ਪੰਜ-ਪੰਜ ਚੂਲੇ ਛਕਾਏ, ਪੰਜ-ਪੰਜ ਛੱਟੇ ਨੇਤਰਾਂ 'ਚ ਪਾਏ, ਪੰਜ-ਪੰਜ ਚੂਲੇ ਸੀਸ 'ਚ ਪਾਏ ਗਏ। ਹਰ ਵਾਰੀ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਗਈ। ਇਸੇ ਨੂੰ ਗੁਰੂ ਜੀ ਨੇ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ਕਿਹਾ ਹੈ। ਪੰਜਾਂ ਦੇ ਨਾਮ ਨਾਲ 'ਸਿੰਘ' ਸ਼ਬਦ ਲਗਾਇਆ ਗਿਆ।

ਫਿਰ ਗੁਰੂ ਜੀ ਨੇ ਫ਼ੁਰਮਾਇਆ ਕਿ ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ। ਪੰਜਾਂ ਕਕਾਰਾਂ ਦੀ ਰਹਿਤ ਵਿਚ ਪੱਕੇ ਰਹਿਣਾ ਹੈ। ਤੁਹਾਡੀਆਂ ਪਿਛਲੀਆਂ ਜਾਤਾਂ, ਗੋਤਾਂ ਸਭ ਖ਼ਤਮ। ਅੱਜ ਤੋਂ ਤੁਸੀਂ ਵਾਹਿਗੁਰੂ ਦਾ ਖ਼ਾਲਸਾ ਹੋ। ਸਦਾ ਇਕ ਵਾਹਿਗੁਰੂ ਦੀ ਓਟ ਰੱਖਣੀ ਤੇ ਹੋਰ ਕਿਸੇ ਦੇਵੀ ਦੇਵਤੇ, ਗੋਰ, ਮੜ੍ਹੀ, ਮੱਠ ਆਦਿ ਨੂੰ ਭੁੱਲ ਕੇ ਵੀ ਨਹੀਂ ਮੰਨਣਾ। ਫਿਰ ਗੁਰੂ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਆਪ ਅੰਮ੍ਰਿਤਪਾਨ ਕੀਤਾ ਤੇ ਸ੍ਰੀ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਸਜੇ। ਇਸੇ ਸੰਬੰਧ ਵਿਚ ਭਾਈ ਗੁਰਦਾਸ ਜੀ ਦੂਜੇ ਨੇ ਲਿਖਿਆ ਹੈ :-

*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।*

ਸਤਿਗੁਰਾਂ ਨੇ ਆਪਣੇ ਖ਼ਾਲਸੇ ਨੂੰ ਆਪਣਾ ਖ਼ਾਸ ਰੂਪ ਕਿਹਾ ਹੈ। ਖ਼ਾਲਸਾ ਮੇਰਾ ਖ਼ਾਸ ਰੂਪ ਹੈ ਤੇ ਮੈਂ ਖ਼ਾਲਸੇ ਵਿਚ ਹੀ ਨਿਵਾਸ ਕਰਦਾ ਹਾਂ।

*ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹਉ ਕਰਉ ਨਿਵਾਸ॥*

ਪੰਜਾਂ ਪਿਆਰਿਆਂ ਦੀ ਚੋਣ ਦਾ ਇਹ ਦਿਨ ਸਮੂਹ ਖ਼ਾਲਸਾ ਪੰਥ ਹਰ ਵਿਸਾਖੀ ਨੂੰ ਬਹੁਤ ਹੀ ਧੂਮ-ਧਾਮ ਨਾਲ ਮਨਾਉਂਦਾ ਹੈ। ਖ਼ਾਲਸੇ ਦੇ ਪ੍ਰਗਟ ਦਿਹਾੜੇ 'ਤੇ ਸਾਨੂੰ ਮਾਣ ਹੈ। ਅਸੀਂ ਰੋਜ਼ਾਨਾ ਪੰਜਾਂ ਪਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਬੋਲਦੇ ਹਾਂ।

(ਅ) ਪੰਜਾਂ ਪਿਆਰਿਆਂ ਦਾ ਜੀਵਨ ਇਤਿਹਾਸ :

ਖ਼ਾਲਸਾ ਪੰਥ ਦੀ ਸਾਜਨਾ ਸਮੇਂ 1699 ਈ. ਦੀ ਵਿਸਾਖੀ ਨੂੰ ਜਿਨ੍ਹਾਂ ਪੰਜਾਂ ਸਿੱਖਾਂ ਨੇ ਆਪਣੇ ਸੀਸ ਦਸਮ ਪਾਤਸ਼ਾਹ ਜੀ ਨੂੰ ਭੇਟ ਕੀਤੇ, ਉਹਨਾਂ ਨੂੰ ਗੁਰੂ ਜੀ ਨੇ ਕਿਹਾ ਕਿ ਇਹ ਮੇਰੇ ਪੰਜ ਪਿਆਰੇ ਹਨ। ਪੰਜਾਂ ਪਿਆਰਿਆਂ ਦੇ ਨਾਮ ਇਹ ਹਨ—

1. ਭਾਈ ਦਇਆ ਸਿੰਘ ਜੀ।
2. ਭਾਈ ਧਰਮ ਸਿੰਘ ਜੀ।
3. ਭਾਈ ਹਿੰਮਤ ਸਿੰਘ ਜੀ।
4. ਭਾਈ ਮੋਹਕਮ ਸਿੰਘ ਜੀ।
5. ਭਾਈ ਸਾਹਿਬ ਸਿੰਘ ਜੀ।

## ਭਾਈ ਦਇਆ ਸਿੰਘ ਜੀ :-

ਆਪ ਦਾ ਪਹਿਲਾ ਨਾਮ ਭਾਈ ਦਇਆ ਰਾਮ ਸੀ। ਆਪ ਜੀ ਦਾ ਜਨਮ ਭਾਈ ਸੁੱਧੇ ਖੱਤਰੀ ਦੇ ਘਰ ਮਾਤਾ ਦਿਆਲੀ ਜੀ ਦੀ ਕੁੱਖੋਂ, ਸੰਨ 1669 ਈ. ਨੂੰ ਲਾਹੌਰ ਵਿਖੇ ਹੋਇਆ। ਜਦ 1699 ਈ. ਦੀ ਵਿਸਾਖੀ ਵਾਲੇ ਦਿਨ ਦਸਮ ਪਾਤਸ਼ਾਹ ਜੀ ਨੇ ਇਕ ਸਿੱਖ ਦੇ ਸੀਸ ਦੀ ਮੰਗ ਕੀਤੀ ਤਾਂ ਸਭ ਤੋਂ ਪਹਿਲਾਂ ਭਾਈ ਦਇਆ ਰਾਮ ਜੀ ਨੇ ਆਪਣਾ ਸੀਸ ਭੇਂਟ ਕੀਤਾ। ਉਸ ਸਮੇਂ ਆਪ ਦੀ ਉਮਰ 30 ਸਾਲ ਸੀ। ਫਿਰ ਆਪ ਗੁਰੂ ਜੀ ਤੋਂ ਅੰਮ੍ਰਿਤ ਛਕ ਕੇ ਦਇਆ ਰਾਮ ਤੋਂ ਦਇਆ ਸਿੰਘ ਹੋਏ ਤੇ ਪੰਜਾਂ ਪਿਆਰਿਆਂ ਦੇ ਜਥੇਦਾਰ ਥਾਪੇ ਗਏ। ਅੰਮ੍ਰਿਤ ਛਕਣ ਤੋਂ ਬਾਅਦ ਆਪ ਹਮੇਸ਼ਾਂ ਗੁਰੂ ਜੀ ਦੀ ਹਜ਼ੂਰੀ ਵਿਚ ਰਹੇ ਅਤੇ ਧਰਮ ਯੁੱਧਾਂ ਵਿਚ ਜੂਝੇ। ਗੁਰੂ ਜੀ ਨੇ ਜਦ ਫ਼ਤਹਿ ਦਾ ਖ਼ਤ (ਜ਼ਫ਼ਰਨਾਮਾ) ਲਿਖਿਆ ਤਾਂ ਉਹ ਵੀ ਔਰੰਗਜ਼ੇਬ ਨੂੰ ਦੇਣ ਲਈ ਦੱਖਣ ਵੱਲ ਭਾਈ ਦਇਆ ਸਿੰਘ ਜੀ ਗਏ ਸਨ। ਆਪ ਗੁਰੂ ਜੀ ਦੇ ਨਾਲ ਅੰਤ ਤੱਕ ਸ੍ਰੀ ਹਜ਼ੂਰ ਸਾਹਿਬ ਰਹੇ ਅਤੇ ਉਥੇ ਹੀ 1708 ਈ. ਵਿਚ ਆਪ ਨੇ ਅਕਾਲ ਚਲਾਣਾ ਕੀਤਾ।

## ਭਾਈ ਧਰਮ ਸਿੰਘ ਜੀ :-

ਆਪ ਦਾ ਪਹਿਲਾ ਨਾਮ ਭਾਈ ਧਰਮ ਦਾਸ ਸੀ। ਆਪ ਦਾ ਜਨਮ ਦਿੱਲੀ (ਹਸਤਨਾਪੁਰ) ਨਿਵਾਸੀ ਭਾਈ ਸੰਤ ਰਾਮ ਜੀ ਦੇ ਘਰ ਮਾਤਾ ਸਾਭੋ ਜੀ ਦੀ ਕੁੱਖ ਤੋਂ 1666 ਈ. ਨੂੰ ਹੋਇਆ। ਸੰਨ 1699 ਦੀ ਵਿਸਾਖੀ ਨੂੰ ਪੰਜਾਂ ਪਿਆਰਿਆਂ ਦੀ ਚੋਣ ਸਮੇਂ ਜਦ ਦਸਮ ਪਾਤਸ਼ਾਹ ਜੀ ਨੇ ਦੂਜੇ ਸੀਸ ਦੀ ਮੰਗ ਕੀਤੀ ਤਾਂ ਆਪ ਨੇ ਸੀਸ ਭੇਟ ਕੀਤਾ। ਉਸ ਸਮੇਂ ਆਪ ਦੀ ਉਮਰ 33 ਸਾਲ ਦੀ ਸੀ। ਗੁਰੂ ਜੀ ਪਾਸੋਂ ਅੰਮ੍ਰਿਤ ਛਕ ਕੇ ਆਪ ਭਾਈ ਧਰਮ ਦਾਸ ਤੋਂ ਭਾਈ ਧਰਮ ਸਿੰਘ ਹੋਏ। ਆਪ ਵੀ ਗੁਰੂ ਜੀ ਦੀ ਹਜ਼ੂਰੀ ਵਿਚ ਸਦਾ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਕਾਰਜਸ਼ੀਲ ਰਹੇ ਅਤੇ ਆਪ ਜੀ ਦਾ ਅਕਾਲ ਚਲਾਣਾ ਵੀ 1708 ਈ. ਨੂੰ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਇਆ।

## ਭਾਈ ਹਿੰਮਤ ਸਿੰਘ ਜੀ :-

ਆਪ ਦਾ ਪਹਿਲਾ ਨਾਮ ਹਿੰਮਤ ਰਾਇ ਸੀ। ਆਪ ਜੀ ਦਾ ਜਨਮ ਜਗਨਨਾਥਪੁਰੀ (ਉੜੀਸਾ) ਵਿਖੇ ਭਾਈ ਗੁਲਜ਼ਾਰੀ ਜੀ ਦੇ ਘਰ ਮਾਤਾ ਧੰਨੋ ਜੀ ਦੀ ਕੁੱਖ ਤੋਂ 1661 ਈ. ਨੂੰ ਹੋਇਆ। ਜਦ ਦਸਮ ਪਾਤਸ਼ਾਹ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਸਮੇਂ ਤੀਜੇ ਸੀਸ ਦੀ ਮੰਗ ਕੀਤੀ ਤਾਂ ਆਪ ਨੇ ਗੁਰੂ ਜੀ ਨੂੰ ਸੀਸ ਭੇਟ ਕੀਤਾ। ਉਸ ਸਮੇਂ ਆਪ ਦੀ ਉਮਰ 38 ਸਾਲ ਸੀ। ਗੁਰੂ ਜੀ ਤੋਂ ਅੰਮ੍ਰਿਤ ਛਕ ਕੇ ਆਪ ਹਿੰਮਤ ਰਾਇ ਤੋਂ ਭਾਈ ਹਿੰਮਤ ਸਿੰਘ ਜੀ ਹੋਏ। ਆਪ ਸਤਿਗੁਰਾਂ ਦੀ ਹਜ਼ੂਰੀ ਵਿਚ ਹਮੇਸ਼ਾਂ ਸੇਵਾ ਵਿਚ ਤਤਪਰ ਰਹੇ ਅਤੇ ਧਰਮ ਯੁੱਧ ਵਿਚ ਜੂਝਦੇ ਹੋਏ ਚਮਕੌਰ ਦੀ ਜੰਗ ਵਿਚ 1704 ਈ. ਨੂੰ ਸ਼ਹੀਦ ਹੋਏ।

## ਭਾਈ ਮੋਹਕਮ ਸਿੰਘ ਜੀ :-

ਆਪ ਦਾ ਪਹਿਲਾ ਨਾਮ ਮੋਹਕਮ ਚੰਦ ਸੀ। ਆਪ ਦਾ ਜਨਮ ਦਵਾਰਕਾ ਨਿਵਾਸੀ ਭਾਈ ਤੀਰਥ ਚੰਦ ਜੀ ਦੇ ਘਰ ਮਾਤਾ ਦੇਵਾਂ ਬਾਈ ਜੀ ਦੀ ਕੁੱਖ ਤੋਂ 1663 ਈ. ਨੂੰ ਹੋਇਆ। ਜਦ ਗੁਰੂ ਜੀ ਨੇ ਪੰਜ ਪਿਆਰਿਆਂ ਦੀ ਚੋਣ ਸਮੇਂ ਚੌਥੇ ਸੀਸ ਦੀ ਮੰਗ ਕੀਤੀ ਤਾਂ ਇਹਨਾਂ ਨੇ ਆਪਣਾ ਸੀਸ ਭੇਟ ਕੀਤਾ। ਉਸ ਸਮੇਂ ਆਪ ਦੀ ਉਮਰ 36 ਸਾਲ ਸੀ। ਗੁਰੂ ਜੀ ਪਾਸੋਂ ਅੰਮ੍ਰਿਤ ਛਕ ਕੇ ਆਪ ਮੋਹਕਮ ਚੰਦ ਤੋਂ ਭਾਈ ਮੋਹਕਮ ਸਿੰਘ ਜੀ ਹੋਏ। ਉਸ ਤੋਂ ਬਾਅਦ ਆਪ ਸਦਾ ਹੀ ਸਤਿਗੁਰਾਂ ਦੀ ਹਜ਼ੂਰੀ ਵਿਚ ਰਹੇ। ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਆਪ ਵੀ ਧਰਮ ਯੁੱਧ ਵਿਚ ਜੂਝਦੇ ਹੋਏ 1704 ਈ. ਨੂੰ ਚਮਕੌਰ ਦੀ ਜੰਗ ਵਿਚ ਸ਼ਹੀਦੀ ਜਾਮ ਪੀ ਗਏ।

## ਭਾਈ ਸਾਹਿਬ ਸਿੰਘ ਜੀ :-

ਆਪ ਦਾ ਪਹਿਲਾ ਨਾਮ ਭਾਈ ਸਾਹਿਬ ਚੰਦ ਸੀ। ਆਪ ਦਾ ਜਨਮ ਬਿਦਰ (ਆਂਧਰਾ ਪ੍ਰਦੇਸ਼) ਦੇ ਨਿਵਾਸੀ ਭਾਈ ਚਮਨੇ ਜੀ ਦੇ ਘਰ ਮਾਤਾ ਸੋਨਾ ਬਾਈ ਜੀ ਦੀ ਕੁੱਖ ਤੋਂ 1662 ਈਸਵੀ ਨੂੰ ਹੋਇਆ। ਜਦ ਗੁਰੂ ਜੀ ਨੇ ਪੰਜਵੇਂ ਸੀਸ ਦੀ ਮੰਗ ਕੀਤੀ ਤਾਂ ਆਪ ਨੇ ਗੁਰੂ ਜੀ ਨੂੰ ਸੀਸ ਭੇਟ ਕੀਤਾ। ਉਸ ਸਮੇਂ ਆਪ ਦੀ ਉਮਰ 37 ਸਾਲ ਸੀ। ਆਪ ਦੀ ਬਹਾਦਰੀ ਦਾ ਵੇਰਵਾ ਤਾਂ ਭੰਗਾਣੀ ਦੇ ਯੁੱਧ ਸਮੇਂ ਤੋਂ ਮਿਲਦਾ ਹੈ ਜੋ ਦਸਮ ਪਾਤਸ਼ਾਹ ਜੀ ਨੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ। ਆਪ ਵੀ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਧਰਮ ਯੁੱਧ ਵਿਚ ਜੂਝਦੇ ਹੋਏ 1704 ਈ. ਨੂੰ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਪੰਜਾਂ ਪਿਆਰਿਆਂ ਦੀ ਚੋਣ ਸੰਬੰਧੀ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਅ) ਪੰਜਾਂ ਪਿਆਰਿਆਂ ਦੇ ਜੀਵਨ ਇਤਿਹਾਸ ਉੱਪਰ ਚਾਨਣਾ ਪਾਓ।

## ਸੰਖੇਪ ਉੱਤਰ ਵਾਲੇ ਪ੍ਰਸ਼ਨ–

ਪ੍ਰਸ਼ਨ 1 :– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਕਦੋਂ ਸਾਜਿਆ ?

ਉੱਤਰ :– 1699 ਈ. ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਸਾਜਿਆ।

ਪ੍ਰਸ਼ਨ 2 :– ਪੰਜਾਂ ਪਿਆਰਿਆਂ ਦੀ ਚੋਣ ਸਮੇਂ ਸਭ ਤੋਂ ਪਹਿਲਾਂ ਕਿਸ ਸਿੱਖ ਨੇ ਆਪਣਾ ਸੀਸ ਭੇਟ ਕੀਤਾ ?

ਉੱਤਰ :–ਪੰਜਾਂ ਪਿਆਰਿਆਂ ਦੀ ਚੋਣ ਸਮੇਂ ਸਭ ਤੋਂ ਪਹਿਲਾਂ ਭਾਈ ਦਇਆ ਰਾਮ ਜੀ ਲਾਹੌਰ ਨਿਵਾਸੀ ਨੇ ਆਪਣਾ ਸੀਸ ਗੁਰੂ ਜੀ ਨੂੰ ਭੇਟ ਕੀਤਾ।

ਪ੍ਰਸ਼ਨ 3 :– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਕਿਹੜੀਆਂ ਬਾਣੀਆਂ ਦਾ ਪਾਠ ਕੀਤਾ ?

ਉੱਤਰ :– ਸਤਿਗੁਰਾਂ ਨੇ ਸ੍ਰੀ ਜਪੁ ਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵੱਯੇ, ਚੌਪਈ ਸਾਹਿਬ ਤੇ ਸ੍ਰੀ ਅਨੰਦ ਸਾਹਿਬ ਦਾ ਪਾਠ ਕਰਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ।

ਪ੍ਰਸ਼ਨ 4 :– ਜ਼ਫ਼ਰਨਾਮਾ ਤੋਂ ਕੀ ਭਾਵ ਹੈ ?

ਉੱਤਰ :– 'ਜ਼ਫ਼ਰਨਾਮਾ' ਫ਼ਾਰਸੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ 'ਫ਼ਤਹਿ ਦਾ ਖ਼ਤ'। ਇਹ ਦਸਮ ਪਾਤਸ਼ਾਹ ਜੀ ਨੇ ਔਰੰਗਜ਼ੇਬ ਬਾਦਸ਼ਾਹ ਨੂੰ ਲਿਖਿਆ ਸੀ ਅਤੇ ਭਾਈ ਦਇਆ ਸਿੰਘ ਜੀ ਔਰੰਗਜ਼ੇਬ ਨੂੰ ਦੱਖਣ ਵੱਲ ਦੇ ਕੇ ਆਏ ਸਨ।

ਪ੍ਰਸ਼ਨ 5 :– ਪੰਜਾਂ ਪਿਆਰਿਆਂ ਵਿੱਚੋਂ ਕਿਹੜੇ ਤਿੰਨ ਪਿਆਰੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ ?

ਉੱਤਰ :– ਚਮਕੌਰ ਦੀ ਜੰਗ ਵਿਚ ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਸ਼ਹੀਦ ਹੋਏ ਸਨ।

★★★

# ਅੰਮ੍ਰਿਤ (ਖੰਡੇ ਕੀ ਪਾਹੁਲ)

(ੳ) ਅੰਮ੍ਰਿਤ ਅਤੇ ਅੰਮ੍ਰਿਤ ਦੀ ਮਹਾਨਤਾ

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। ਪਹਿਲਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਆਪ ਛਕਾਇਆ ਅਤੇ ਫਿਰ ਪੰਜਾਂ ਪਾਸੋਂ ਆਪ ਅੰਮ੍ਰਿਤਪਾਨ ਕੀਤਾ। ਇਤਿਹਾਸ ਗਵਾਹ ਹੈ ਕਿ ਉਸ ਦਿਨ ਵੀਹ ਹਜ਼ਾਰ ਦੇ ਕਰੀਬ ਸਿੱਖਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅੱਜ ਵੀ ਦਸਮ ਪਿਤਾ ਵੱਲੋਂ ਬਖ਼ਸ਼ੀ ਮਰਯਾਦਾ ਅਨੁਸਾਰ ਅੰਮ੍ਰਿਤ ਦਾ ਬਾਟਾ ਤਿਆਰ ਹੁੰਦਾ ਹੈ ਅਤੇ ਅੰਮ੍ਰਿਤ ਅਭਿਲਾਖੀ ਪੰਜ ਪਿਆਰਿਆਂ ਪਾਸੋਂ ਅੰਮ੍ਰਿਤਪਾਨ ਕਰਦੇ ਹਨ।

ਪੁਰਾਤਨ ਸਮੇਂ ਤੋਂ ਭਾਰਤੀ ਲੋਕਾਂ ਵਿਚ ਅੰਮ੍ਰਿਤ ਨੂੰ ਸ਼ਕਤੀ ਮੰਨਿਆ ਗਿਆ ਹੈ ਜੋ ਮੁਰਦੇ ਨੂੰ ਅਮਰ ਕਰ ਦਿੰਦਾ ਹੈ। ਅੰਮ੍ਰਿਤ ਨਵਾਂ ਜਨਮ ਤੇ ਜੀਵਨ ਦੇਣ ਵਾਲੀ ਦਾਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਅਤੇ ਉਹਨਾਂ ਦੀ ਸ਼ਕਤੀ ਦੇ ਚਮਤਕਾਰ ਸਾਰੇ ਸੰਸਾਰ ਨੇ ਵੇਖੇ ਹਨ। ਅੰਮ੍ਰਿਤ ਤਿਆਰ ਕਰਨ ਸਮੇਂ ਵਰਤਿਆ ਜਾਣ ਵਾਲਾ ਜਲ (ਪਾਣੀ) ਠੰਡਕ ਤੇ ਪਵਿੱਤਰਤਾ ਬਖਸ਼ਦਾ ਹੈ। ਪਤਾਸੇ—ਮਿਠਾਸ ਤੇ ਬਰਾਬਰੀ ਦਾ ਸੰਕੇਤ ਹਨ। ਬਾਟਾ—ਸਾਡੇ ਹਿਰਦੇ ਦੀ ਤਰ੍ਹਾਂ ਹੈ। ਖੰਡਾ—ਭਗਤੀ ਤੇ ਸ਼ਕਤੀ ਦਾ ਪ੍ਰਤੀਕ ਹੈ। ਇਨ੍ਹਾਂ ਵਿਚ ਸਾਰੀ ਸ਼ਕਤੀ ਬਾਣੀ ਦੀ ਹੈ ਜੋ ਅੰਮ੍ਰਿਤ ਤਿਆਰ ਕਰਦਿਆਂ ਪੜ੍ਹੀ ਜਾਂਦੀ ਹੈ।

ਅਸੀਂ ਅੰਮ੍ਰਿਤ ਛਕ ਕੇ ਅੰਮ੍ਰਿਤ ਵਰਗਾ ਜੀਵਨ ਬਤੀਤ ਕਰਨਾ ਹੈ। ਅੰਮ੍ਰਿਤ ਛਕ ਕੇ ਉਚ-ਨੀਚ, ਜਾਤ-ਪਾਤ ਦੇ ਭੇਦ-ਭਾਵ ਨਹੀਂ ਮੰਨਣੇ। ਅੰਮ੍ਰਿਤ ਛਕਣ ਨਾਲ ਮਨੁੱਖ ਖ਼ਾਲਸਾ ਬਣ ਜਾਂਦਾ ਹੈ। ਉਸ ਦੀ ਪਹਿਲੀ ਕੁਲ, ਜਾਤ ਸਭ ਖ਼ਤਮ ਹੋ ਜਾਂਦੀ ਹੈ। ਇਹ ਅਮਲੀ ਰੂਪ ਵਿਚ ਸਾਂਝੀਵਾਲਤਾ ਦਾ ਉਪਦੇਸ਼ ਹੈ। ਇਕੋ ਬਾਟੇ ਵਿਚ ਸਭਨਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਸਭਨਾਂ ਦੇ ਧਰਮ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਧਰਮ ਦੀ ਮਾਤਾ—ਮਾਤਾ ਸਾਹਿਬ ਕੌਰ ਜੀ, ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਤੇ ਨਾਨਕੇ ਗੁਰੂ ਕਾ ਲਾਹੌਰ ਹੁੰਦੇ ਹਨ।

ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਆਪਣੇ ਗੁਰੂ ਅੱਗੇ ਆਤਮ-ਸਮਰਪਣ ਹੈ। ਅੰਮ੍ਰਿਤ ਛਕਣਾ ਗੁਰੂ ਅੱਗੇ ਪ੍ਰਣ ਹੈ। ਜਿਸ ਨਾਲ ਭਰਮ ਭੇਖਾਂ ਤੋਂ ਉੱਪਰ ਉੱਠ ਕੇ ਸਿੱਖ ਸਰਬੱਤ ਦਾ ਭਲਾ ਮੰਗਦਾ ਹੋਇਆ ਪਵਿੱਤਰ ਜੀਵਨ ਜਿਉਂਦਾ ਹੈ।

ਖ਼ਾਲਸੇ ਨੂੰ ਪੰਜ ਪਿਆਰੇ ਇਕ ਵਾਰੀ ਅੰਮ੍ਰਿਤ ਦੀ ਵਿਧੀ ਸਮਝਾ ਦਿੰਦੇ ਹਨ। ਫਿਰ ਖ਼ਾਲਸਾ ਅੰਮ੍ਰਿਤ ਵੇਲੇ ਉੱਠਦਾ ਹੈ, ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਦਾ ਹੈ। ਖੰਡੇ ਦਾ ਅੰਮ੍ਰਿਤ ਤੇ ਬਾਣੀ ਦਾ ਅੰਮ੍ਰਿਤ ਮੂਲ ਰੂਪ ਵਿਚ ਇਕ ਹਨ। ਖੰਡੇ ਦਾ ਅੰਮ੍ਰਿਤ ਬਾਹਰੀ ਭਿੰਨ-ਭੇਦ ਮਿਟਾਉਂਦਾ ਹੈ ਅਤੇ ਬਾਣੀ ਦਾ ਅੰਮ੍ਰਿਤ ਅੰਦਰਲੀ ਕੂੜ ਦੀ ਦੀਵਾਰ ਨੂੰ ਤੋੜਦਾ ਹੈ। ਬਾਣੀ ਦੇ ਅੰਮ੍ਰਿਤ ਨਾਲ ਮਨ ਕਰਕੇ ਬਲ ਮਿਲਦਾ ਹੈ ਤੇ ਮਨੁੱਖ ਉੱਚਾ ਹੁੰਦਾ ਹੈ। ਖੰਡੇ ਦਾ ਅੰਮ੍ਰਿਤ ਤਨ ਨੂੰ ਤਗੜਿਆਂ ਕਰਦਾ ਤੇ ਬਲਵਾਨ ਬਣਾਉਂਦਾ ਹੈ। ਅੰਮ੍ਰਿਤਧਾਰੀ ਸਿੰਘ ਨੂੰ ਗੁਰੂ ਜੀ ਨੇ ਆਪਣਾ ਖ਼ਾਸ ਰੂਪ ਕਹਿ ਕੇ ਪਿਆਰ ਦਿੱਤਾ ਹੈ। ਖ਼ਾਲਸਾ ਇਕ ਅਕਾਲ ਦਾ ਪੁਜਾਰੀ ਹੈ, ਉਹ ਹੋਰ ਕਿਸੇ ਦੇਵੀ, ਦੇਵਤੇ, ਕਬਰ, ਮੜ੍ਹੀ, ਮਸਾਣ, ਧਾਗੇ-ਤਵੀਤ, ਟੂਣਾ-ਟਾਮਣ, ਭਰਮ-ਪਾਖੰਡ, ਭੂਤ-ਪ੍ਰੇਤ ਤੇ ਫੋਕਟ ਕਰਮਾਂ ਨੂੰ ਨਹੀਂ ਮੰਨਦਾ। ਇਸ ਲਈ ਇਹ ਸਤਿਗੁਰਾਂ ਦੀ ਮਹਾਨ ਬਖ਼ਸ਼ਿਸ਼ ਹੈ ਕਿ ਕੋਈ ਵੀ ਮਨੁੱਖ ਅੰਮ੍ਰਿਤ ਛਕ ਕੇ ਖ਼ਾਲਸਾ ਸਜ ਸਕਦਾ ਹੈ। ਇਸ ਲਈ ਹਰ ਸਿੱਖ ਨੂੰ ਅੰਮ੍ਰਿਤ ਛਕ ਕੇ ਦਸਮੇਸ਼ ਪਿਤਾ ਜੀ ਦੀ ਬਖ਼ਸ਼ਿਸ਼ ਦੇ ਪਾਤਰ ਬਣਨਾ ਚਾਹੀਦਾ ਹੈ।

ਅੰਮ੍ਰਿਤ ਦੀ ਮਹਾਨਤਾ ਕੀ ਹੈ ? ਗੁਰ-ਇਤਿਹਾਸ ਵਿਚ ਇਸ ਦਾ ਜ਼ਿਕਰ ਆਉਂਦਾ ਹੈ। ਜਦ ਇਕ ਵਾਰੀ ਭਾਈ ਡੱਲੇ ਨੇ ਦਸਮ ਪਾਤਸ਼ਾਹ ਜੀ ਤੋਂ ਵਰ ਮੰਗਿਆ ਤਾਂ ਸਤਿਗੁਰਾਂ ਫ਼ੁਰਮਾਇਆ ਕਿ ਦੁਨੀਆਂ ਦੇ ਸਾਰੇ ਸੁੱਖ ਦਿੱਤੇ ਜਾ ਸਕਦੇ ਹਨ, ਪਰ ਸਾਡੇ ਨਾਲ ਸਾਂਝ ਤਦ ਹੀ ਹੋ ਸਕਦੀ ਹੈ ਜੇ ਅੰਮ੍ਰਿਤਪਾਨ ਕਰੇਂਗਾ। ਅਗਲੇ ਦਿਨ ਭਾਈ ਡੱਲੇ ਨੇ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ ਸੀ। ਇਸ ਲਈ ਜਿਨ੍ਹਾਂ ਸਿੱਖਾਂ ਨੇ ਅੰਮ੍ਰਿਤ ਨਹੀਂ ਛਕਿਆ, ਉਹਨਾਂ ਨੂੰ ਵੀ ਅੰਮ੍ਰਿਤ ਛਕ ਲੈਣਾ ਚਾਹੀਦਾ ਹੈ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਅੰਮ੍ਰਿਤ ਬਾਰੇ ਤੁਸੀਂ ਕੀ ਜਾਣਦੇ ਹੋ ਅਤੇ ਅੰਮ੍ਰਿਤ ਦੀ ਮਹਾਨਤਾ ਉੱਪਰ ਚਾਨਣਾ ਪਾਓ।

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 :- ਪੁਰਾਤਨ ਸਮੇਂ ਤੋਂ ਭਾਰਤੀ ਲੋਕ ਅੰਮ੍ਰਿਤ ਨੂੰ ਕੀ ਮੰਨਦੇ ਹਨ ?

ਉੱਤਰ :- ਪੁਰਾਤਨ ਸਮੇਂ ਤੋਂ ਭਾਰਤੀ ਲੋਕਾਂ ਵਿਚ ਅੰਮ੍ਰਿਤ ਨੂੰ ਸ਼ਕਤੀ ਮੰਨਿਆ ਗਿਆ ਹੈ ਜੋ ਮੁਰਦੇ ਨੂੰ ਅਮਰ ਕਰ ਦਿੰਦਾ ਹੈ।

ਪ੍ਰਸ਼ਨ 2 :- ਅੰਮ੍ਰਿਤ ਤਿਆਰ ਕਰਨ ਸਮੇਂ ਵਰਤੀਆਂ ਜਾਣ ਵਾਲੀਆਂ ਸਭ ਵਸਤਾਂ ਦੇ ਭਾਵ ਅਰਥ ਕੀ ਹਨ ?

ਉੱਤਰ :- ਜਲ — ਠੰਡਕ ਤੇ ਪਵਿੱਤਰਤਾ ਬਖਸ਼ਦਾ ਹੈ। ਪਤਾਸੇ — ਮਿਠਾਸ ਤੇ ਬਰਾਬਰੀ ਦਾ ਸੰਕੇਤ ਹਨ। ਬਾਟਾ — ਸਾਡੇ ਹਿਰਦੇ ਦੀ ਤਰ੍ਹਾਂ ਹੈ। ਖੰਡਾ — ਭਗਤੀ ਤੇ ਸ਼ਕਤੀ ਦਾ ਪ੍ਰਤੀਕ ਹੈ। ਇਸ ਵਿਚ ਸਾਰੀ ਸ਼ਕਤੀ ਬਾਣੀ ਦੀ ਹੈ ਜੋ ਅੰਮ੍ਰਿਤ ਤਿਆਰ ਕਰਦਿਆਂ ਪੜ੍ਹੀ ਜਾਂਦੀ ਹੈ।

ਪ੍ਰਸ਼ਨ 3 :- ਖੰਡੇ ਦਾ ਅੰਮ੍ਰਿਤ ਛਕਣ ਤੋਂ ਕੀ ਭਾਵ ਹੈ ?

ਉੱਤਰ :- ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਆਪਣੇ ਗੁਰੂ ਅੱਗੇ ਆਤਮ-ਸਮਰਪਣ ਹੈ। ਹਰੇਕ ਸਿੰਘ ਤੇ ਸਿੰਘਣੀ ਨੇ ਭਰਮਾਂ ਭੇਖਾਂ ਤੋਂ ਉੱਪਰ ਉਠ ਕੇ, ਸਰਬੱਤ ਦਾ ਭਲਾ ਮੰਗਦੇ ਹੋਏ, ਵਾਹਿਗੁਰੂ ਦਾ ਖ਼ਾਲਸਾ ਬਣ ਕੇ ਪਵਿੱਤਰ ਜੀਵਨ ਜੀਉਣਾ ਹੈ।

ਪ੍ਰਸ਼ਨ 4 :- ਖੰਡੇ ਦਾ ਅੰਮ੍ਰਿਤ ਤੇ ਬਾਣੀ ਦਾ ਅੰਮ੍ਰਿਤ ਦੋਵੇਂ ਮੂਲ ਰੂਪ ਵਿਚ ਇਕ ਕਿਵੇਂ ਹਨ ?

ਉੱਤਰ :- ਖੰਡੇ ਦਾ ਅੰਮ੍ਰਿਤ ਬਾਹਰੀ ਭਿੰਨ-ਭੇਦ ਮਿਟਾਉਂਦਾ ਹੈ ਅਤੇ ਬਾਣੀ ਦਾ ਅੰਮ੍ਰਿਤ ਅੰਦਰਲੀ ਕੂੜ ਦੀ ਦੀਵਾਰ ਨੂੰ ਤੋੜਦਾ ਹੈ। ਇਕ ਸਿੱਖ ਲਈ ਇਹ ਦੋਨੋਂ ਹੀ ਜ਼ਰੂਰੀ ਹਨ।

ਪ੍ਰਸ਼ਨ 5 :- ਅੰਮ੍ਰਿਤ ਦੀ ਮਹਾਨਤਾ ਦੱਸਦਿਆਂ ਦਸਮ ਪਾਤਸ਼ਾਹ ਜੀ ਨੇ ਭਾਈ ਡੱਲੇ ਨੂੰ ਕੀ ਕਿਹਾ ਸੀ ?

ਉੱਤਰ :- ਸਤਿਗੁਰਾਂ ਫ਼ੁਰਮਾਇਆ ਕਿ ਦੁਨੀਆਂ ਦੇ ਸਾਰੇ ਸੁੱਖ ਦਿੱਤੇ ਜਾ ਸਕਦੇ ਹਨ, ਪਰ ਸਾਡੇ ਨਾਲ ਸਾਂਝ ਤਦ ਹੀ ਹੋ ਸਕਦੀ ਹੈ ਜੇ ਅੰਮ੍ਰਿਤਪਾਨ ਕਰੇਂਗਾ।

☆☆☆

# ਪੰਜ ਕਕਾਰ

(ੳ) ਪੰਜ ਕਕਾਰ ਅਤੇ ਪੰਜ ਕਕਾਰਾਂ ਦੀ ਮਹਾਨਤਾ

ਇਕ ਅੰਮ੍ਰਿਤਧਾਰੀ ਸਿੱਖ ਲਈ ਪੰਜ ਕਕਾਰ ਸਦਾ ਲਈ ਆਪਣੇ ਅੰਗ-ਸੰਗ ਰੱਖਣੇ ਜ਼ਰੂਰੀ ਹਨ। ਇਹਨਾਂ ਨੂੰ ਕਕਾਰ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਪੰਜੇ ਸ਼ਬਦ 'ਕ' ਅੱਖਰ ਨਾਲ ਸ਼ੁਰੂ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਮਹਾਨ ਬਖ਼ਸ਼ਿਸ਼ਾਂ ਹਨ, ਜਿਨ੍ਹਾਂ ਨੂੰ ਧਾਰਨ ਕਰਕੇ ਇਕ ਸਿੱਖ ਸ੍ਵੈ-ਮਾਣ ਨਾਲ ਦਸਮ ਪਿਤਾ ਜੀ ਦਾ ਵਾਰਸ ਹੋਣ 'ਤੇ ਫ਼ਖ਼ਰ ਕਰਦਾ ਹੈ। ਪੰਜ ਕਕਾਰ ਇਹ ਹਨ— ਕੇਸ, ਕੰਘਾ, ਕੜਾ, ਕਛਹਿਰਾ ਤੇ ਕਿਰਪਾਨ।

(1) ਕੇਸ :-

'ਕੇਸ' ਕਰਤਾਰ ਦੀ ਮਨੁੱਖ ਨੂੰ ਦਿੱਤੀ ਕੀਮਤੀ ਦਾਤ ਹੈ ਜੋ ਉਸ ਦੀ ਸੁੰਦਰਤਾ ਤੇ ਸ਼ਕਤੀ ਵਿਚ ਵਾਧਾ ਕਰਦੀ ਹੈ। ਇਕ ਸਿੱਖ ਵਾਸਤੇ ਪਹਿਲਾ ਜ਼ਰੂਰੀ ਕਕਾਰ ਕੇਸ ਹਨ। ਕੇਸਾਂ ਨੂੰ ਗੁਰੂ ਜੀ ਦੀ ਮੋਹਰ ਵੀ ਕਿਹਾ ਜਾਂਦਾ ਹੈ। ਸਿੱਖ ਆਪਣੇ ਸਰੀਰ ਦੇ ਕਿਸੇ ਹਿੱਸੇ ਤੋਂ ਵੀ ਕੇਸ ਅਲੱਗ ਨਹੀਂ ਕਰਦਾ। ਕੇਸ ਕਟਵਾਉਣ ਵਾਲਾ ਸਿੱਖ 'ਪਤਿਤ' ਅਖਵਾਉਂਦਾ ਹੈ। ਸਿੱਖੀ ਸਰੂਪ ਦੀ ਪਹਿਲੀ ਪਹਿਚਾਣ ਕੇਸ ਹਨ। ਗੁਰੂ ਦਾ ਸੱਚਾ ਸਿੱਖ ਆਪਣੇ ਕੇਸਾਂ ਨੂੰ ਜਾਨ ਤੋਂ ਵੱਧ ਪਿਆਰ ਕਰਦਾ ਹੈ।

(2) ਕੰਘਾ :-

ਪੰਜ ਕਕਾਰਾਂ ਵਿਚੋਂ ਦੂਜਾ ਕਕਾਰ 'ਕੰਘਾ' ਹੈ। ਦਸਮ ਪਿਤਾ ਜੀ ਨੇ ਜਿੱਥੇ ਕੇਸਾਂ ਨੂੰ ਸ਼੍ਰੋਮਣੀ ਕਿਹਾ ਉਥੇ ਇਹਨਾਂ ਦੀ ਸੰਭਾਲ ਲਈ ਕੰਘਾ ਵੀ ਜ਼ਰੂਰੀ ਹੈ। ਇਹ ਆਮ ਕੰਘੀ ਤੋਂ ਵੱਖਰਾ ਲੱਕੜ ਦਾ ਬਣਿਆ ਹੁੰਦਾ ਹੈ। ਸਿੱਖ-ਸਿੱਖਣੀ ਨੂੰ ਹੁਕਮ ਹੈ ਕਿ ਉਹ ਸਵੇਰੇ-ਸ਼ਾਮ ਦੋਨੋਂ ਵੇਲੇ ਕੰਘੇ ਨਾਲ ਕੇਸ ਵਾਹਵੇ। ਅੰਮ੍ਰਿਤਧਾਰੀ ਸਿੰਘ ਕੰਘੇ ਨੂੰ ਹਮੇਸ਼ਾ ਕੇਸਾਂ ਵਿਚ ਰੱਖਦੇ ਹਨ। ਇਕ ਵਿਸ਼ੇਸ਼ਤਾ ਲੱਕੜ ਦੇ ਕੰਘੇ ਦੀ ਹੋਰ ਵੀ ਹੈ ਕਿ ਇਸ ਦੇ ਸਿਰ 'ਤੇ ਫਿਰਨ ਨਾਲ ਸਰੀਰ ਵਿਚ ਤਾਜ਼ਗੀ ਤੇ ਚੁਸਤੀ ਦਾ ਅਹਿਸਾਸ ਹੁੰਦਾ ਹੈ।

(3) ਕੜਾ :-

ਦਸਮ ਪਾਤਸ਼ਾਹ ਜੀ ਦੀ ਤੀਜੀ ਬਖ਼ਸ਼ਿਸ਼ 'ਕੜਾ' ਹੈ। ਸਿੱਖ ਨੂੰ ਹੁਕਮ ਹੈ ਕਿ ਉਹ ਆਪਣੇ ਸੱਜੇ ਹੱਥ ਵਿਚ ਸਰਬ ਲੋਹ ਦਾ ਕੜਾ ਪਹਿਨੇ। ਇਸ ਲਈ ਕਿਸੇ ਹੋਰ ਧਾਤ ਜਿਵੇਂ ਸੋਨਾ, ਚਾਂਦੀ, ਤਾਂਬਾ ਆਦਿ ਦੇ ਕੜੇ ਨੂੰ ਕਕਾਰ ਰੂਪ ਵਿਚ ਪ੍ਰਵਾਨ ਨਹੀਂ ਕੀਤਾ ਗਿਆ। ਸੱਜੇ ਹੱਥ ਵਿਚ ਪਾਇਆ ਕੜਾ ਜਿੱਥੇ ਸਾਨੂੰ ਸਦਾ ਧਰਮੀ ਪਿਤਾ ਸ੍ਰੀ ਗੋਬਿੰਦ ਸਿੰਘ ਜੀ ਦੀ ਯਾਦ ਦਿਵਾਉਂਦਾ ਹੈ, ਉਥੇ ਗੁਰੂ ਦੇ ਸਿੰਘ ਨੂੰ ਕਿਸੇ ਗ਼ਲਤ ਕੰਮ ਤੋਂ ਰੋਕਣ ਵਾਸਤੇ ਸੁਚੇਤ ਵੀ ਕਰਦਾ ਹੈ ਅਤੇ ਚੰਗਾ ਕੰਮ ਕਰਨ ਵਾਸਤੇ ਚੇਤੰਨ ਕਰਦਾ ਹੈ। ਇਸ ਲਈ ਸਾਰੇ ਸਿੱਖਾਂ ਲਈ ਸਰਬ ਲੋਹ ਦਾ ਕੜਾ ਪਹਿਨਣਾ ਜ਼ਰੂਰੀ ਹੈ।

(4) ਕਛਹਿਰਾ :-

ਅੰਮ੍ਰਿਤਧਾਰੀ ਸਿੰਘ ਲਈ ਚੌਥਾ ਕਕਾਰ 'ਕਛਹਿਰਾ' ਹੈ। ਇਹ ਇਕ ਖ਼ਾਸ ਆਕਾਰ ਤੇ ਸ਼ਕਲ ਦਾ ਬਣਿਆਂ ਉਹ ਬਸਤਰ ਹੈ ਜੋ ਨੰਗੇਜ਼ ਨੂੰ ਪੂਰੀ ਤਰ੍ਹਾਂ ਢਕਦਾ ਹੈ। ਇਸ ਨੂੰ ਜਤ-ਸਤ ਦੀ ਪਾਲਣਾ ਕਰਨ ਦਾ ਪ੍ਰਤੀਕ ਵੀ ਕਿਹਾ ਜਾਂਦਾ ਹੈ। ਇਹ ਇਕ ਸੱਭਿਅਕ ਪਹਿਰਾਵਾ ਹੈ ਜੋ ਮਨੁੱਖ ਨੂੰ ਸੱਭਿਅਕ ਸੱਚ ਨਾਲ ਜੋੜਦਾ ਹੈ। ਭਾਰਤੀ ਸੱਭਿਆਚਾਰ ਵਿਚ ਕੁਝ ਧਰਮਾਂ ਦੇ ਧਾਰਨੀ ਭੋਜਨ ਤੇ ਭਜਨ ਕਰਨ ਲੱਗਿਆਂ ਅਣਸੀਤਾ ਕੱਪੜਾ ਪਹਿਨਦੇ ਸਨ। ਗੁਰੂ ਦੇ ਨਿਆਰੇ ਪੰਥ ਦਾ ਇਹ ਲਿਬਾਸ ਇਕ ਭਰਮ ਨੂੰ ਵੀ ਤੋੜਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਦਰਜ ਹੈ ਕਿ ਕਛਹਿਰਾ ਕਿਸੇ ਵੀ ਕੱਪੜੇ ਦਾ ਹੋ ਸਕਦਾ ਹੈ, ਪਰ ਗੋਡਿਆਂ ਤੋਂ ਨੀਵਾਂ ਨਾ ਹੋਵੇ।

(5) ਕਿਰਪਾਨ :-

ਦਸਮ ਪਾਤਸ਼ਾਹ ਜੀ ਨੇ ਪੰਜਵਾਂ ਕਕਾਰ 'ਕਿਰਪਾਨ' ਸਿੱਖ ਨੂੰ ਆਪਣੇ ਆਪ ਦੀ ਰੱਖਿਆ ਤੇ ਮਜ਼ਲੂਮਾਂ ਦੀ ਸੰਭਾਲ ਕਰਨ ਲਈ ਸ਼ਸਤਰ ਵਜੋਂ ਬਖ਼ਸ਼ਿਸ਼ ਕੀਤੀ ਹੈ। ਕਿਰਪਾਨ ਦਾ ਅਰਥ ਹੈ, ਕ੍ਰਿਪਾ-ਆਨ ਭਾਵ ਕਿਰਪਾ ਦੀ ਇੱਜ਼ਤ। ਖ਼ਾਲਸੇ ਦੀ ਸਿਰਜਨਾ ਕਰਦਿਆਂ ਤੇ ਵਾਹਿਗੁਰੂ ਵਾਹਿਗੁਰੂ ਜਪਾਉਂਦਿਆਂ ਸਤਿਗੁਰਾਂ ਨੇ ਕਿਰਪਾਨ ਨੂੰ ਖ਼ਾਲਸੇ ਦਾ ਸ਼ਿੰਗਾਰ ਬਣਾ ਦਿੱਤਾ। ਸਿੱਖ ਦੀ ਕਿਰਪਾਨ ਹਮਲੇ ਵਾਸਤੇ ਨਹੀਂ ਸਗੋਂ ਰੱਖਿਆ ਵਾਸਤੇ ਉਠਦੀ ਹੈ। ਇਸ ਨੂੰ ਧਾਗੇ 'ਚ ਪਰੋ ਕੇ ਗਲ 'ਚ ਨਹੀਂ ਪਾਉਣਾ ਤੇ ਨਾ ਹੀ ਡੋਰੀ ਵਾਲੀ ਪਾਉਣੀ ਹੈ ਸਗੋਂ ਸ਼ਸਤਰ ਰੂਪ ਵਿਚ ਗਾਤਰੇ ਵਾਲੀ ਕਿਰਪਾਨ ਪਹਿਨਣੀ ਹੈ। ਗੁਰੂ ਦਾ ਖ਼ਾਲਸਾ ਇਹਨਾਂ ਪੰਜ ਕਕਾਰਾਂ ਨੂੰ ਸਦਾ ਅੰਗ-ਸੰਗ ਰੱਖਦਾ ਹੀ ਨਹੀਂ ਸਗੋਂ ਇਹਨਾਂ ਨੂੰ ਅੰਗ ਹੀ ਜਾਣਦਾ ਹੈ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਪੰਜ ਕਕਾਰ ਅਤੇ ਪੰਜ ਕਕਾਰਾਂ ਦੀ ਮਹਾਨਤਾ ਦਾ ਵਰਣਨ ਕਰੋ।

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 :- 'ਕਕਾਰ' ਸ਼ਬਦ ਤੋਂ ਕੀ ਭਾਵ ਹੈ ?

ਉੱਤਰ :- ਕੇਸ, ਕੰਘਾ, ਕੜਾ, ਕਛਹਿਰਾ ਤੇ ਕਿਰਪਾਨ ਨੂੰ ਕਕਾਰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਪੰਜੇ ਸ਼ਬਦ 'ਕ' ਅੱਖਰ ਨਾਲ ਸ਼ੁਰੂ ਹੁੰਦੇ ਹਨ।

ਪ੍ਰਸ਼ਨ 2 :- ਕੇਸ ਕਟਵਾਉਣ ਵਾਲੇ ਸਿੱਖ ਨੂੰ ਕੀ ਕਿਹਾ ਜਾਂਦਾ ਹੈ ?

ਉੱਤਰ :- ਕੇਸ ਕਟਵਾਉਣ ਵਾਲੇ ਸਿੱਖ ਨੂੰ ਪਤਿਤ ਕਿਹਾ ਜਾਂਦਾ ਹੈ ਤੇ ਪਤਿਤ ਤੋਂ ਭਾਵ ਹੈ ਧਰਮ ਕਰਮ ਤੋਂ ਡਿੱਗਿਆ ਹੋਇਆ।

ਪ੍ਰਸ਼ਨ 3 :- ਲੱਕੜ ਦੇ ਕੰਘੇ ਦੀ ਕੀ ਵਿਸ਼ੇਸ਼ਤਾ ਹੈ ?

ਉੱਤਰ :- ਲੱਕੜ ਦੇ ਕੰਘੇ ਦੀ ਵਿਸ਼ੇਸ਼ਤਾ ਹੈ ਕਿ ਇਸ ਦੇ ਸਿਰ 'ਤੇ ਫਿਰਨ ਨਾਲ ਸਰੀਰ ਵਿਚ ਤਾਜ਼ਗੀ ਤੇ ਚੁਸਤੀ ਦਾ ਅਹਿਸਾਸ ਹੁੰਦਾ ਹੈ।

ਪ੍ਰਸ਼ਨ 4 :- ਸੱਜੇ ਹੱਥ ਵਿਚ ਪਾਇਆ ਕੜਾ ਸਾਨੂੰ ਕੀ ਪ੍ਰੇਰਨਾ ਦਿੰਦਾ ਹੈ ?

ਉੱਤਰ :- ਸੱਜੇ ਹੱਥ ਵਿਚ ਪਾਇਆ ਕੜਾ ਗੁਰੂ ਦੇ ਸਿੰਘ ਨੂੰ ਗ਼ਲਤ ਕੰਮ ਤੋਂ ਰੋਕਣ ਵਾਸਤੇ ਸੁਚੇਤ ਕਰਦਾ ਹੈ ਅਤੇ ਚੰਗਾ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਪ੍ਰਸ਼ਨ 5 :- ਅੰਮ੍ਰਿਤਧਾਰੀ ਸਿੰਘ ਨੇ ਕਿਹੜੀ ਕਿਰਪਾਨ ਪਹਿਨਣੀ ਹੈ ?

ਉੱਤਰ :- ਅੰਮ੍ਰਿਤਧਾਰੀ ਸਿੰਘ ਨੇ ਡੋਰੀ ਵਾਲੀ ਨਹੀਂ ਸਗੋਂ ਸ਼ਸਤਰ ਰੂਪ ਵਿਚ ਗਾਤਰੇ ਵਾਲੀ ਕਿਰਪਾਨ ਪਹਿਨਣੀ ਹੈ।

☆☆☆

# ਕੀਰਤਨ

(ੳ) <u>ਕੀਰਤਨ, ਕੀਰਤਨ ਦਾ ਇਤਿਹਾਸ ਤੇ ਇਸ ਦੀ ਮਹਿਮਾ</u>

ਕੀਰਤੀ ਦੇ ਅਰਥ ਜੱਸ ਜਾਂ ਵਡਿਆਈ ਹਨ। ਗੁਰਮਤਿ ਵਿਚ ਸੁਰ, ਲੈਅ ਤੇ ਤਾਲ ਨਾਲ ਗੁਰੂ ਬਾਣੀ ਗਾਇਨ ਕਰਨ ਦਾ ਨਾਂ ਕੀਰਤਨ ਹੈ। ਕੀਰਤਨ ਦੀ ਦਾਤ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਭਾਈ ਮਰਦਾਨਾ ਜੀ ਨੂੰ ਸਭ ਤੋਂ ਪਹਿਲਾਂ ਕੀਰਤਨ ਕਰਨ ਦੀ ਜਾਚ ਸਿਖਾਈ ਤੇ ਆਪ ਪ੍ਰਭੂ ਦਾ ਜੱਸ ਗਾਇਨ ਕੀਤਾ। ਉਸ ਪਿੱਛੋਂ ਭਾਈ ਮਰਦਾਨੇ ਦੀ ਸੰਤਾਨ ਤੇ ਹੋਰ ਰਬਾਬੀ ਤੇ ਪ੍ਰੇਮੀ ਸਿੱਖ ਕੀਰਤਨ ਦਾ ਪ੍ਰਚਾਰ ਕਰਦੇ ਰਹੇ। ਗੁਰੂ ਘਰ ਵਿਚ ਇਹ ਕੀਰਤਨ ਦੀ ਸ਼ਕਤੀ ਸੀ ਕਿ ਭੁੱਲੇ ਭਟਕੇ ਲੋਕ ਧਰਮੀ ਜੀਵਨ ਵਾਲੇ ਬਣ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਕਲਿਜੁਗ ਵਿਚ ਕੀਰਤਨ ਨੂੰ ਪ੍ਰਧਾਨ ਕਿਹਾ ਹੈ। ਉਹਨਾਂ ਨੇ ਸਰੰਦਾ ਸਾਜ ਰਚ ਕੇ ਪ੍ਰੇਮੀ ਸਿੱਖਾਂ ਨੂੰ ਕੀਰਤਨ ਕਰਨ ਲਈ ਪ੍ਰੇਰਿਆ ਅਤੇ ਨਿੱਤ ਕੀਰਤਨ ਦੀਆਂ ਚਾਰ ਚੌਕੀਆਂ ਦੀ ਮਰਯਾਦਾ ਥਾਪੀ। ਇਸੇ ਤਰ੍ਹਾਂ ਦਿਲਰੁਬਾ ਸਾਜ ਦਸਮ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਪ੍ਰਚਲਤ ਹੋਇਆ ਮੰਨਿਆ ਜਾਂਦਾ ਹੈ। ਸਿੱਖ ਧਰਮ ਵਿਚ ਮਨ ਦੇ ਟਿਕਾਉ ਲਈ ਉਤਮ ਸਾਧਨ ਕੀਰਤਨ ਹੈ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ਕਿ ਜਿਥੇ ਪ੍ਰਭੂ ਦੀ ਸਿਫ਼ਤ ਸਾਲਾਹ ਹੁੰਦੀ ਹੈ, ਉਹ ਸਥਾਨ ਸਵਰਗ ਜਾਂ ਬੈਕੁੰਠ ਹੈ।

*ਤਹਾਂ ਬੈਕੁੰਠ ਜਹ ਕੀਰਤਨੁ ਤੇਰਾ॥*

(ਪੰਨਾ ੭੪੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਹੀ ਕਾਵਿ ਤੇ ਰਾਗ ਬੱਧ ਹੈ। ਗੁਰੂ ਸਾਹਿਬਾਨ ਨੇ ਕੀਰਤਨ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਗੁਰਬਾਣੀ ਵਿਚ ਕੀਰਤਨ ਨੂੰ ਨਿਰਮੋਲਕ ਹੀਰਾ ਆਦਿ ਸ਼ਬਦਾਂ ਨਾਲ ਸਤਿਕਾਰ ਦਿੱਤਾ ਗਿਆ ਹੈ। ਮਨੁੱਖ ਦਾ ਮਨ ਸੰਗੀਤ ਵੱਲ ਸਭ ਤੋਂ ਜਲਦੀ ਪ੍ਰੇਰਤ ਹੁੰਦਾ ਹੈ। ਗੁਰੂ ਸਾਹਿਬਾਂ ਨੇ ਉਸ ਸਮੇਂ ਪ੍ਰਭੂ ਵਿਚਾਰਾਂ ਨੂੰ ਕੀਰਤਨ ਰਾਹੀਂ ਪ੍ਰਚਾਰਿਆ ਜਦ ਦੇਸ਼ ਦੇ ਰਾਜ ਧਰਮ ਇਸਲਾਮ ਵਿਚ ਰਾਗ ਗਾਉਣ ਦੀ ਸਖ਼ਤ ਮਨਾਹੀ ਸੀ।

ਕੀਰਤਨ ਦੀ ਮਹਿਮਾ ਜਾਣਨੀ ਹੋਵੇ ਤਾਂ ਭਗਤ ਰਤਨਾਵਲੀ ਵਿਚ ਇਉਂ ਬਿਆਨ ਕੀਤੀ ਗਈ ਹੈ। ਸ਼ਰਧਾਲੂ ਸਿੱਖਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੁੱਛਿਆ ਸੀ ਕਿ

ਕੀਰਤਨ ਦਾ ਫ਼ਲ ਕੀ ਹੈ ? ਗੁਰੂ ਜੀ ਨੇ ਬਚਨ ਕੀਤਾ ਕਿ, 'ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ। ਇਸ ਲਈ ਤੁਸਾਂ ਨੂੰ ਰਾਗਾਂ ਦੀ ਸਮਝ ਹੈ, ਤੁਸੀਂ ਕੀਰਤਨ ਕੀਤਾ ਕਰੋ।'

ਸੰਸਾਰ ਦੇ ਸਾਰੇ ਧਰਮਾਂ ਵਿਚ ਸਿੱਖ ਧਰਮ ਅਜਿਹਾ ਧਰਮ ਹੈ ਜੋ ਨਾ ਕੇਵਲ ਸ਼ਬਦ ਨੂੰ ਗੁਰੂ ਮੰਨਦਾ ਹੈ ਸਗੋਂ ਉਸ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 31 ਰਾਗਾਂ ਵਿਚ ਦਰਜ ਹੈ। ਇਸ ਸੱਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਗ ਵਿਚ ਸੁਰ, ਲੈਅ, ਤਾਲ ਦੇ ਸੁਮੇਲ ਕਾਰਨ ਬਹੁਤ ਬਲ ਹੁੰਦਾ ਹੈ। ਮਨੋਵਿਗਿਆਨੀਆਂ ਨੇ ਇਥੋਂ ਤੱਕ ਸਿੱਧ ਕੀਤਾ ਹੈ ਕਿ ਰਾਗ ਦਾ ਪ੍ਰਭਾਵ ਤਾਂ ਬਾਨਸਪਤੀ ਵੀ ਕਬੂਲਦੀ ਹੈ। ਮਨੁੱਖੀ ਮਨ ਤਾਂ ਬਹੁਤ ਜਲਦੀ ਪ੍ਰਭਾਵ ਕਬੂਲਦਾ ਹੈ। ਕੀਰਤਨ ਕੋਮਲ ਕਲਾ ਹੈ ਤੇ ਚੰਗੇ ਸਮਾਜ ਦੀ ਸਿਰਜਨਾ ਲਈ ਕੋਮਲ ਕਲਾਵਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਸਾਨੂੰ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੀਰਤਨ ਸਿੱਖੀਏ ਅਤੇ ਪ੍ਰਭੂ ਦੀ ਉਸਤਤ ਗਾਈਏ। ਸਿੱਖ ਸਮਾਜ ਵਿਚ ਇਸਤਰੀ ਜਾਂ ਪੁਰਸ਼ ਸਭਨਾਂ ਨੂੰ ਕੀਰਤਨ ਕਰਨ ਦਾ ਅਧਿਕਾਰ ਹੈ। ਕਿਸੇ ਪ੍ਰਕਾਰ ਦੀ ਕੋਈ ਬੰਦਸ਼ ਨਹੀਂ ਹੈ।

(ਅ) <u>ਕੀਰਤਨੀਏ ਲਈ ਧਿਆਨ ਰੱਖਣਯੋਗ ਗੱਲਾਂ :</u>

ਕੀਰਤਨ ਕਰਦਿਆਂ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ ਕਿ ਕੀਰਤਨ ਕਰਨ ਵਾਲਾ ਚੰਚਲਤਾ ਦਾ ਪ੍ਰਗਟਾਵਾ ਨਾ ਕਰੇ। ਗੁਰਬਾਣੀ ਉਚਾਰਨ ਸ਼ੁੱਧ ਤੇ ਸਪੱਸ਼ਟ ਹੋਵੇ ਤਾਂ ਕਿ ਸੁਣਨ ਵਾਲੀ ਸੰਗਤ ਗੁਰਬਾਣੀ ਦਾ ਭਾਵ ਅਰਥ ਸਮਝ ਸਕੇ। ਕੀਰਤਨ ਕਰਦਿਆਂ ਸਾਜ਼ਾਂ ਦੀ ਆਵਾਜ਼ ਗਾਇਨ ਕਰਨ ਵਾਲੇ ਦੀ ਆਵਾਜ਼ ਤੋਂ ਉੱਚੀ ਨਹੀਂ ਹੋਣੀ ਚਾਹੀਦੀ। ਇਸੇ ਤਰ੍ਹਾਂ ਰਾਗ ਨੂੰ ਗੁਰਬਾਣੀ ਉੱਪਰ ਭਾਰੂ ਨਾ ਹੋਣ ਦਿੱਤਾ ਜਾਵੇ। ਕੀਰਤਨ ਕਰਨ ਵਾਲੇ ਨੂੰ ਬਾਣੀ ਦੇ ਸ਼ਬਦ ਜ਼ੁਬਾਨੀ ਯਾਦ ਹੋਣ ਤਾਂ ਪ੍ਰਭਾਵ ਜ਼ਿਆਦਾ ਹੁੰਦਾ ਹੈ। ਕੀਰਤਨ ਕਰਦਿਆਂ ਮਾਇਆ ਦਾ ਲਾਲਚ ਨਹੀਂ ਕਰਨਾ। ਭਾਵੇਂ ਆਵਾਜ਼ ਪ੍ਰਭੂ ਦੀ ਬਖ਼ਸ਼ੀ ਦਾਤ ਹੈ, ਪਰ ਰਿਆਜ਼ ਤੇ ਮਿਹਨਤ ਨਾਲ ਰਸ ਵਧਦਾ ਹੈ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਕੀਰਤਨ ਤੋਂ ਕੀ ਭਾਵ ਹੈ ? ਸਿੱਖ ਧਰਮ ਵਿਚ ਕੀਰਤਨ ਦਾ ਇਤਿਹਾਸ ਤੇ ਇਸ ਦੀ ਮਹਿਮਾ ਦਾ ਵਰਣਨ ਕਰੋ।

ਪ੍ਰਸ਼ਨ (ਅ) ਕੀਰਤਨ ਕਰਦਿਆਂ ਕਿੰਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ ?

## ਸੰਖੇਪ ਉੱਤਰ ਵਾਲੇ ਪ੍ਰਸ਼ਨ–

ਪ੍ਰਸ਼ਨ 1 :– ਗੁਰਮਤਿ ਵਿਚ ਕੀਰਤਨ ਦੀ ਪਰੀਭਾਸ਼ਾ ਦੱਸੋ।

ਉੱਤਰ :– ਗੁਰਮਤਿ ਵਿਚ ਸੁਰ, ਲੈਅ, ਤੇ ਤਾਲ ਨਾਲ ਗੁਰਬਾਣੀ ਗਾਇਨ ਕਰਨ ਦਾ ਨਾਂ ਕੀਰਤਨ ਹੈ।

ਪ੍ਰਸ਼ਨ 2 :– ਸਿੱਖ ਧਰਮ ਵਿਚ ਕੀਰਤਨ ਦੀ ਦਾਤ ਕਿੰਨ੍ਹਾਂ ਨੇ ਬਖ਼ਸ਼ਿਸ਼ ਕੀਤੀ ?

ਉੱਤਰ :– ਸਿੱਖ ਧਰਮ ਵਿਚ ਕੀਰਤਨ ਦੀ ਦਾਤ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਹੈ। ਇਹ ਕੀਰਤਨ ਦੀ ਸ਼ਕਤੀ ਸੀ ਕਿ ਭੁੱਲੇ ਭਟਕੇ ਲੋਕ ਧਰਮੀ ਬਣ ਗਏ।

ਪ੍ਰਸ਼ਨ 3 :– ਪੰਚਮ ਪਾਤਸ਼ਾਹ ਜੀ ਨੇ ਕਿਹੜਾ ਸਾਜ਼ ਰਚ ਕੇ ਸਿੱਖਾਂ ਨੂੰ ਕੀਰਤਨ ਲਈ ਪ੍ਰੇਰਿਆ ?

ਉੱਤਰ :– ਪੰਚਮ ਪਾਤਸ਼ਾਹ ਜੀ ਨੇ ਸਰੰਦਾ ਸਾਜ਼ ਰਚ ਕੇ ਪ੍ਰੇਮੀ ਸਿੱਖਾਂ ਨੂੰ ਕੀਰਤਨ ਕਰਨ ਲਈ ਪ੍ਰੇਰਿਆ ਅਤੇ ਨਿੱਤ ਕੀਰਤਨ ਦੀਆਂ ਚਾਰ ਚੌਕੀਆਂ ਦੀ ਮਰਯਾਦਾ ਥਾਪੀ।

ਪ੍ਰਸ਼ਨ 4 :– ਦਸਮ ਪਾਤਸ਼ਾਹ ਜੀ ਦੇ ਸਮੇਂ ਤੋਂ ਕਿਹੜਾ ਸਾਜ਼ ਪ੍ਰਚਲਤ ਹੋਇਆ ਮੰਨਿਆ ਜਾਂਦਾ ਹੈ ?

ਉੱਤਰ :– 'ਦਿਲਰੁਬਾ' ਸਾਜ਼ ਦਸਮ ਪਾਤਸ਼ਾਹ ਜੀ ਦੇ ਸਮੇਂ ਤੋਂ ਪ੍ਰਚਲਤ ਹੋਇਆ ਮੰਨਿਆ ਜਾਂਦਾ ਹੈ।

ਪ੍ਰਸ਼ਨ 5 :– ਭਗਤ ਰਤਨਾਵਲੀ ਵਿਚ ਕੀਰਤਨ ਦੀ ਮਹਿਮਾ ਕਿਵੇਂ ਬਿਆਨ ਕੀਤੀ ਗਈ ਹੈ ?

ਉੱਤਰ :– ਪੰਚਮ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੋ ਜਾਂਦੀਆਂ ਹਨ।

☆☆☆

# ਚਾਰ ਸਾਹਿਬਜ਼ਾਦੇ ਜੀਵਨ ਤੇ ਸ਼ਹੀਦੀ

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰ ਸਨ। ਖ਼ਾਲਸਾ ਪੰਥ ਵਿਚ ਉਹਨਾਂ ਨੂੰ ਸਾਹਿਬਜ਼ਾਦੇ ਕਹਿ ਕੇ ਸਤਿਕਾਰ ਕੀਤਾ ਜਾਂਦਾ ਹੈ। ਸਤਿਗੁਰਾਂ ਦੇ ਸਾਹਿਬਜ਼ਾਦਿਆਂ ਨੇ ਖ਼ਾਲਸਾ ਪੰਥ ਲਈ ਮਹਾਨ ਕੁਰਬਾਨੀਆਂ ਕੀਤੀਆਂ ਅਤੇ ਚਾਰੇ ਸਾਹਿਬਜ਼ਾਦੇ ਆਪਣੀਆਂ ਜਾਨਾਂ ਵਾਰ ਗਏ। ਦੋਨੋਂ ਵੱਡੇ ਸਾਹਿਬਜ਼ਾਦੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਮੁਗ਼ਲਾਂ ਦੇ ਜ਼ੁਲਮ ਖਿਲਾਫ਼ ਜੂਝਦੇ ਹੋਏ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ। ਦੋਨੋਂ ਛੋਟੇ ਸਾਹਿਬਜ਼ਾਦੇ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜੀ ਸੂਬਾ ਸਰਹਿੰਦ ਦੇ ਜ਼ੁਲਮ ਨੂੰ ਵੰਗਾਰਦੇ ਹੋਏ ਨੀਹਾਂ ਵਿਚ ਚਿਣੇ ਗਏ, ਪਰ ਧਰਮ ਤੋਂ ਨਹੀਂ ਡੋਲੇ। ਹੁਣ ਅਸੀਂ ਚੌਹਾਂ ਸਾਹਿਬਜ਼ਾਦਿਆਂ ਦੇ ਜੀਵਨ ਇਤਿਹਾਸ ਸੰਬੰਧੀ ਵਿਚਾਰ ਕਰਦੇ ਹਾਂ :-

(ੳ) <u>ਵੱਡੇ ਸਾਹਿਬਜ਼ਾਦਿਆਂ ਦਾ ਜੀਵਨ ਤੇ ਸ਼ਹੀਦੀ :</u>

ਦਸਮ ਪਾਤਸ਼ਾਹ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ 1686 ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਸਤਿਗੁਰਾਂ ਨੇ ਸਾਹਿਬਜ਼ਾਦੇ ਦਾ ਨਾਮ ਵੀ ਇਸ ਤਰ੍ਹਾਂ ਰੱਖਿਆ 'ਅਜੀਤ' ਜਿਸ ਨੂੰ ਕੋਈ ਜਿੱਤ ਨਾ ਸਕੇ।

ਬਾਬਾ ਜੁਝਾਰ ਸਿੰਘ ਸਤਿਗੁਰਾਂ ਦੇ ਦੂਜੇ ਸਾਹਿਬਜ਼ਾਦੇ ਸਨ। ਇਹਨਾਂ ਦਾ ਜਨਮ 1689 ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਜੁਝਾਰ ਤੋਂ ਭਾਵ ਜੁਝਾਰੂ ਜਾਂ ਜੂਝਣ ਵਾਲਾ ਤੇ ਸੱਚਮੁੱਚ ਜੁਝਾਰ ਸਿੰਘ ਜੀ ਜਬਰ ਜ਼ੁਲਮ ਦੇ ਖਿਲਾਫ਼ ਪੂਰੀ ਬੀਰਤਾ ਨਾਲ ਜੂਝਿਆ।

ਸਤਿਗੁਰਾਂ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਛੋਟੀ ਉਮਰ ਵਿਚ ਹੀ ਦੁਨਿਆਵੀ ਤੇ ਧਾਰਮਿਕ ਵਿੱਦਿਆ ਦੇ ਨਾਲ-ਨਾਲ ਸੰਤ ਸਿਪਾਹੀਆਂ ਵਾਲੀ ਸਿਖਲਾਈ ਤੇ ਪੜ੍ਹਾਈ ਕਰਵਾਈ। ਸਾਹਿਬਜ਼ਾਦਿਆਂ ਨੇ ਸ਼ਸਤਰਾਂ ਦੀ ਵਰਤੋਂ ਵਿਚ ਵਿਸ਼ੇਸ਼ ਯੋਗਤਾ ਪ੍ਰਾਪਤ ਕੀਤੀ। ਘੋੜ ਸਵਾਰੀ, ਸ਼ਸਤਰ ਵਿੱਦਿਆ ਤੇ ਤੀਰ-ਅੰਦਾਜ਼ੀ ਵਿਚ ਸਾਹਿਬਜ਼ਾਦੇ ਪੂਰੇ ਮਾਹਿਰ ਸਨ।

ਇਕ ਵਾਰ ਦੀ ਘਟਨਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਜੇ ਹੋਏ ਦੀਵਾਨ ਵਿਚ ਇਕ ਬ੍ਰਾਹਮਣ ਰੋਂਦਾ ਕੁਰਲਾਉਂਦਾ ਫ਼ਰਿਆਦ ਲੈ ਕੇ ਆਇਆ ਕਿ ਇਕ ਪਠਾਣ ਨੇ ਮੇਰੀ ਘਰ ਵਾਲੀ ਖੋਹ ਲਈ ਹੈ। ਸਤਿਗੁਰਾਂ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਹੁਕਮ ਕੀਤਾ ਕਿ ਇਸ ਗ਼ਰੀਬ ਦੀ ਮਦਦ ਕਰੋ। ਬਾਬਾ ਅਜੀਤ ਸਿੰਘ ਸੌ ਸਿੰਘਾਂ ਦਾ ਜੱਥਾ ਲੈ ਕੇ ਬੱਸੀ ਪਠਾਣ (ਜ਼ਿਲ੍ਹਾ ਹੁਸ਼ਿਆਰਪੁਰ) ਗਏ ਤੇ ਉਸ ਪਠਾਣ ਦੀ ਹਵੇਲੀ ਦਾ ਬੂਹਾ ਭੰਨ ਕੇ ਅੰਦਰ ਲੰਘ ਗਏ। ਉਸ ਪਠਾਣ ਨੂੰ ਨੀਚ ਕਰਮ ਦੀ ਸਜ਼ਾ ਦੇ ਕੇ ਗ਼ਰੀਬ ਬ੍ਰਾਹਮਣ ਦੀ ਸੁਪਤਨੀ ਉਸ ਦੇ ਸਪੁਰਦ ਕਰ ਦਿੱਤੀ। ਗੁਰੂ ਜੀ ਆਪਣੇ ਸਪੁੱਤਰ ਦੀ ਬਹਾਦਰੀ ਉੱਪਰ ਬਹੁਤ ਪ੍ਰਸੰਨ ਹੋਏ।

ਹਿੰਦੁਸਤਾਨ ਵਿਚ ਸ੍ਰੀ ਅਨੰਦਪੁਰ ਸਾਹਿਬ ਖ਼ਾਲਸਾ ਪੰਥ ਦਾ ਅਜ਼ਾਦ ਹਿੱਸਾ ਸੀ। ਪਾਤਸ਼ਾਹ ਦਾ ਦਰਬਾਰ ਸਜਦਾ ਅਤੇ ਧਰਮ ਦੀ ਜੈ ਜੈਕਾਰ ਹੁੰਦੀ। ਇਥੋਂ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੀਆਂ ਧੁਨਾਂ ਗੂੰਜਦੀਆਂ ਤੇ ਸਿੱਖ ਸੱਭਿਆਚਾਰ ਆਪਣੀ ਨਿਆਰੀ ਹੋਂਦ ਵਿਚ ਪ੍ਰਪੱਕ ਹੋਇਆ। ਪੰਥ ਦੋਖੀ ਤਾਕਤਾਂ, ਮੁਗ਼ਲ ਤੇ ਪਹਾੜੀ ਰਾਜੇ ਲੰਬੇ ਸਮੇਂ ਤੋਂ ਗੁਰੂ ਘਰ ਨਾਲ ਖਾਰ ਖਾ ਰਹੇ ਸੀ। ਹਰ ਯੁੱਧ ਵਿਚ ਦੁਸ਼ਮਣਾਂ ਨੂੰ ਹਾਰ ਹੋਈ ਸੀ। ਅੰਤ ਸ੍ਰੀ ਅਨੰਦਪੁਰ ਸਾਹਿਬ ਨੂੰ ਮੁਗ਼ਲਾਂ ਦੇ ਟਿੱਡੀ ਦਲ ਨੇ ਘੇਰਾ ਪਾ ਲਿਆ। ਲੰਬਾ ਸਮਾਂ ਬੀਤ ਗਿਆ ਤੇ ਕਿਲ੍ਹੇ ਵਿਚ ਰਸਦਾਂ ਵੀ ਖ਼ਤਮ ਹੋ ਗਈਆਂ।

ਅਕਾਲ ਪੁਰਖ ਦਾ ਭਾਣਾ ਮੰਨ ਕੇ ਦਸੰਬਰ 1704 ਈ. ਦੀ ਰਾਤ ਨੂੰ ਦਸਮ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕੀਤਾ ਤੇ ਪਵਿੱਤਰ ਨਗਰੀ ਨੂੰ ਫ਼ਤਹਿ ਬੁਲਾਈ। ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਗੁਰੂ ਜੀ ਦੇ ਮਹਿਲ, ਹੋਰ ਪ੍ਰਵਾਰ ਤੇ ਗੁਰੂ ਜੀ ਦੇ ਸਿੰਘ ਨਾਲ ਸਨ। ਜਦ ਸਭ ਸਰਸਾ ਨਦੀ 'ਤੇ ਪਹੁੰਚੇ ਤਾਂ ਵੈਰੀਆਂ ਨੇ ਸਭ ਕਸਮਾਂ ਤੋੜ ਕੇ ਹਮਲਾ ਕਰ ਦਿੱਤਾ। ਇਥੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਖ਼ਾਲਸਾ ਫ਼ੌਜ ਨੇ ਡੱਟ ਕੇ ਟਾਕਰਾ ਕੀਤਾ। ਸਰਸਾ ਨਦੀ ਪਾਰ ਕਰਦਿਆਂ ਸਤਿਗੁਰਾਂ ਦਾ ਪਰਿਵਾਰ ਦੋ ਹਿੱਸਿਆਂ ਵਿਚ ਵੰਡਿਆ ਗਿਆ।

ਦਸਮ ਪਾਤਸ਼ਾਹ, ਦੋਨੋਂ ਵੱਡੇ ਸਾਹਿਬਜ਼ਾਦਿਆਂ ਤੇ ਚਾਲੀ ਸਿੰਘਾਂ ਨੇ ਚਮਕੌਰ ਦੀ ਗੜ੍ਹੀ ਵਿਚ ਠਹਿਰਾਓ ਕੀਤਾ। ਮੁਗ਼ਲਾਂ ਨੇ ਗੜ੍ਹੀ ਨੂੰ ਵੱਡਾ ਘੇਰਾ ਪਾ ਲਿਆ। ਇਸ ਦਾ ਹਵਾਲਾ ਸਤਿਗੁਰਾਂ ਨੇ ਆਪਣੀ ਰਚਨਾ ਜ਼ਫ਼ਰਨਾਮਾ ਵਿਚ ਦਿੱਤਾ ਹੈ। ਇਥੇ ਗੁਰੂ ਜੀ ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਗੜ੍ਹੀ ਵਿਚੋਂ ਤੋਰਦੇ ਤੇ ਉਹ ਮੁਗ਼ਲ ਸੈਨਾ ਨਾਲ ਟੱਕਰ ਲੈਂਦੇ ਹੋਏ ਮੈਦਾਨੇ-ਜੰਗ ਵਿਚ ਸ਼ਹੀਦ ਹੋ ਜਾਂਦੇ। ਅੰਤ ਉਹ ਸਮਾਂ ਆਇਆ ਜਦ 18 ਸਾਲ ਦੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਸਤਿਗੁਰਾਂ ਤੋਂ ਵੈਰੀ ਦਲ ਨਾਲ ਦੋ ਹੱਥ ਕਰਕੇ ਸ਼ਹੀਦ ਹੋਣ ਦੀ ਆਗਿਆ ਮੰਗੀ। ਸਤਿਗੁਰਾਂ ਨੇ ਥਾਪੜਾ ਦੇ ਕੇ ਆਪਣੇ ਸਾਹਿਬਜ਼ਾਦੇ ਨੂੰ ਪੰਜਾਂ ਸਿੰਘਾਂ ਦਾ ਮੋਹਰੀ ਥਾਪ ਕੇ ਦੁਸ਼ਮਣ ਨਾਲ ਮੁਕਾਬਲਾ ਕਰਨ ਲਈ ਤੋਰਿਆ। ਬਾਬਾ ਅਜੀਤ ਸਿੰਘ ਜੀ ਦੀ ਅਗਵਾਈ ਹੇਠ ਸਿੱਖਾਂ ਨੇ ਦੁਸ਼ਮਣਾਂ ਦੇ ਸੱਥਰ ਵਿਛਾ ਦਿੱਤੇ। ਅੰਤ

ਵੈਰੀ ਨਾਲ ਜੂਝਦੇ ਹੋਏ ਬਾਬਾ ਅਜੀਤ ਸਿੰਘ ਸ਼ਹੀਦੀ ਪਾ ਗਏ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਬਾਬਾ ਜੁਝਾਰ ਸਿੰਘ ਜੀ ਸਤਿਗੁਰਾਂ ਤੋਂ ਥਾਪੜਾ ਲੈ ਕੇ ਪੰਜ ਸਿੰਘਾਂ ਦੇ ਜੱਥੇ ਦੀ ਅਗਵਾਈ ਕਰਦੇ ਗੜ੍ਹੀ ਤੋਂ ਬਾਹਰ ਆਏ। ਬਾਬਾ ਜੁਝਾਰ ਸਿੰਘ ਜੀ ਦੀ ਉਮਰ ਉਸ ਸਮੇਂ 15 ਸਾਲ ਦੇ ਕਰੀਬ ਸੀ। ਆਪ ਨੇ ਤੇਗ ਦੇ ਐਸੇ ਜੌਹਰ ਵਿਖਾਏ ਕਿ ਵੈਰੀ ਦਲ ਨੂੰ ਭਾਜੜਾਂ ਪੈ ਗਈਆਂ। ਅੰਤ ਵੈਰੀਆਂ ਨਾਲ ਜੂਝਦਾ ਜੁਝਾਰ ਸਿੰਘ ਜੀ ਵੀ ਸ਼ਹੀਦੀ ਪਾ ਗਿਆ। ਦੋਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ 22 ਦਸੰਬਰ 1704 ਈ. ਨੂੰ ਹੋਈ। ਇਥੇ ਹਰ ਸਾਲ ਦਸੰਬਰ ਦੇ ਮਹੀਨੇ ਵੱਡਾ ਸ਼ਹੀਦੀ ਜੋੜ ਮੇਲਾ ਲੱਗਦਾ ਹੈ। ਚਮਕੌਰ ਸਾਹਿਬ ਦੀ ਜੰਗ ਦਾ ਇਤਿਹਾਸ ਬਿਲਕੁਲ ਨਿਆਰਾ ਹੈ ਜਿਥੇ 40 ਸਿੰਘਾਂ ਨੇ ਲੱਖਾਂ ਫ਼ੌਜਾਂ ਦਾ ਮੁਕਾਬਲਾ ਕੀਤਾ ਅਤੇ ਫਿਰ ਦਸਮ ਪਾਤਸ਼ਾਹ ਜੀ ਮੁਗ਼ਲ ਫ਼ੌਜਾਂ ਨੂੰ ਲਲਕਾਰ ਕੇ ਰਾਤ ਸਮੇਂ ਉਸ ਗੜ੍ਹੀ ਵਿੱਚੋਂ ਚਲੇ ਗਏ।

(ਅ) ਛੋਟੇ ਸਾਹਿਬਜ਼ਾਦਿਆਂ ਦਾ ਜੀਵਨ ਤੇ ਸ਼ਹੀਦੀ :

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਸਤਿਗੁਰਾਂ ਦੇ ਤੀਜੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਸਨ। ਉਹਨਾਂ ਦਾ ਜਨਮ 1696 ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਜ਼ੋਰਾਵਰ ਤੋਂ ਭਾਵ ਬਲ ਵਾਲਾ, ਤਾਕਤ ਵਾਲਾ ਹੈ। ਸਤਿਗੁਰਾਂ ਦੇ ਚੌਥੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਦਾ ਜਨਮ 1698 ਈ. ਦਾ ਹੈ। ਛੋਟੇ ਸਾਹਿਬਜ਼ਾਦਿਆਂ ਨੂੰ ਵੀ ਬਚਪਨ ਤੋਂ ਹੀ ਧਰਮ ਦੀ ਵਿੱਦਿਆ ਇਸ ਤਰ੍ਹਾਂ ਪੜ੍ਹਾਈ ਗਈ ਕਿ ਉਹਨਾਂ ਦਾ ਸਿੱਖੀ ਸਿਦਕ ਤੇ ਧਰਮ ਦਾ ਜਜ਼ਬਾ ਬਜ਼ੁਰਗਾਂ ਵਾਂਗ ਪ੍ਰਪੱਕ ਸੀ। ਇਸ ਲਈ ਅਸੀਂ ਸਤਿਕਾਰ ਕਰਕੇ ਉਹਨਾਂ ਦੇ ਨਾਵਾਂ ਨਾਲ ਬਾਬਾ ਸ਼ਬਦ ਲਾਉਂਦੇ ਹਾਂ।

ਦਸੰਬਰ 1704 ਈ. ਨੂੰ ਜਦ ਦਸਮ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਿਆ ਤਾਂ ਸਰਸਾ ਨਦੀ ਪਾਰ ਕਰਦਿਆਂ ਮਾਤਾ ਗੁਜਰੀ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਗੁਰੂ ਜੀ ਨਾਲੋਂ ਵਿਛੜ ਗਏ। ਦਾਦੀ ਪੋਤਿਆਂ ਦੀ ਪਹਿਲੀ ਰਾਤ ਕੁਮਾ ਮਾਸ਼ਕੀ ਦੀ ਝੁੱਗੀ ਵਿਚ ਬੀਤੀ ਤੇ ਫਿਰ ਅਗਲੇ ਦਿਨ ਗੰਗਾ ਰਾਮ ਬ੍ਰਾਹਮਣ ਮਿਲ ਪਿਆ। ਉਹ ਦਾਦੀ ਤੇ ਪੋਤਿਆਂ ਨੂੰ ਆਪਣੇ ਪਿੰਡ ਸਹੇੜੀ (ਹੁਣ ਖੇੜੀ) ਆਪਣੇ ਘਰ ਲੈ ਗਿਆ। ਫਿਰ ਉਸ ਦਾ ਮਨ ਬੇਈਮਾਨ ਹੋ ਗਿਆ। ਇਸ ਨੇ ਸੂਬਾ ਸਰਹਿੰਦ ਤੋਂ ਇਨਾਮ ਪ੍ਰਾਪਤ ਕਰਨ ਲਈ ਵਿਸਾਹਘਾਤ ਕੀਤਾ ਤੇ ਮੋਰਿੰਡੇ ਦੇ ਥਾਣੇਦਾਰ ਨੂੰ ਜਾ ਖ਼ਬਰ ਕੀਤੀ। ਉਹ ਤਿੰਨਾਂ ਨੂੰ ਕੈਦ ਕਰਕੇ ਨਵਾਬ ਪਾਸ ਲੈ ਗਿਆ ਅਤੇ ਨਵਾਬ ਨੇ ਉਹਨਾਂ ਨੂੰ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ।

ਅਗਲੇ ਦਿਨ ਦੋਹਾਂ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਤੋਂ ਵੱਖ ਕਰਕੇ ਸੂਬੇ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਉਹਨਾਂ ਨੂੰ ਸੂਬੇ ਨੂੰ ਸਲਾਮ ਕਰਨ ਲਈ ਕਿਹਾ ਗਿਆ,

ਪਰ ਸਾਹਿਬਜ਼ਾਦਿਆਂ ਨੇ ਗੱਜ ਕੇ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ। ਵਜ਼ੀਰ ਖ਼ਾਂ ਨੇ ਉਹਨਾਂ ਨੂੰ ਡਰਾਉਣ ਤੇ ਧਮਕਾਉਣ ਲਈ ਕਿਹਾ ਕਿ ਤੁਹਾਡਾ ਪਿਤਾ ਅਤੇ ਵੱਡੇ ਭਰਾ ਮਾਰੇ ਜਾ ਚੁੱਕੇ ਹਨ। ਤੁਸੀਂ ਮੁਸਲਮਾਨ ਬਣ ਕੇ ਜਾਨ ਬਚਾਅ ਸਕਦੇ ਹੋ। ਜੇਕਰ ਸਿੱਖ ਧਰਮ ਨਹੀਂ ਛੱਡੋਗੇ ਤਾਂ ਬੁਰੀ ਤਰ੍ਹਾਂ ਮਾਰ ਦਿੱਤੇ ਜਾਉਗੇ।

ਉਸ ਸਮੇਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਉਮਰ ਅੱਠ ਕੁ ਸਾਲ ਦੇ ਕਰੀਬ ਸੀ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਦੀ ਉਮਰ ਛੇ ਕੁ ਸਾਲ ਦੀ ਸੀ। ਦੋਹਾਂ ਸਾਹਿਬਜ਼ਾਦਿਆਂ ਨੇ ਸੂਬੇ ਨੂੰ ਉੱਤਰ ਦਿੱਤਾ ਕਿ ਅਸੀਂ ਸਿੱਖ ਧਰਮ ਛੱਡ ਕੇ ਕਦੇ ਵੀ ਜੀਣ ਲਈ ਤਿਆਰ ਨਹੀਂ ਹਾਂ। ਈਨ ਮੰਨ ਕੇ ਜਾਨ ਬਚਾਉਣੀ ਸਾਡੇ ਧਰਮ ਵਿਚ ਪ੍ਰਵਾਨ ਨਹੀਂ। ਜੰਮਣ-ਮਰਣ ਅਕਾਲ ਪੁਰਖ ਦੇ ਹੱਥ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਅਜਿਹੇ ਡਰਾਵਿਆਂ ਤੋਂ ਨਹੀਂ ਡਰਦੇ। ਪਹਿਲੇ ਦਿਨ ਸਾਹਿਬਜ਼ਾਦਿਆਂ ਨੂੰ ਵਾਪਸ ਦਾਦੀ ਮਾਂ ਕੋਲ ਭੇਜ ਦਿੱਤਾ ਗਿਆ।

ਦੂਜੇ ਦਿਨ ਵੀ ਅਨੇਕਾਂ ਲਾਲਚ ਤੇ ਡਰਾਵੇ ਦਿੱਤੇ ਗਏ, ਪਰ ਸਾਹਿਬਜ਼ਾਦੇ ਅਡੋਲ ਰਹੇ। ਦੀਵਾਨ ਸੁੱਚਾ ਨੰਦ ਨੇ ਅਨੇਕਾਂ ਚਾਲਾ ਚੱਲੀਆਂ। ਅੰਤ ਵਿਚ ਸ਼ਾਹੀ ਕਾਜ਼ੀ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣੇ ਜਾਣ ਤੇ ਕਤਲ ਕੀਤੇ ਜਾਣ ਦਾ ਹੁਕਮ ਦਿੱਤਾ। ਕਚਹਿਰੀ ਵਿਚ ਨਵਾਬ ਮਲੇਰਕੋਟਲਾ ਨੇ ਸੂਬੇ ਨੂੰ ਕਿਹਾ ਕਿ ਬੱਚਿਆਂ ਨੂੰ ਕਤਲ ਕਰਨਾ ਇਸਲਾਮ ਦੇ ਖਿਲਾਫ਼ ਹੈ। ਪਰ ਜ਼ਾਲਮ ਸੂਬੇ ਦੇ ਹੁਕਮ ਨਾਲ 27 ਦਸੰਬਰ 1704 ਈ. ਨੂੰ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆ ਗਿਆ। ਉਹਨਾਂ ਨੂੰ ਫਿਰ ਵੀ ਸਿੱਖੀ ਤਿਆਗ ਕੇ, ਮੁਸਲਮਾਨ ਬਣ ਕੇ ਜਾਨ ਬਚਾਉਣ ਲਈ ਕਿਹਾ ਜਾਂਦਾ ਰਿਹਾ, ਪਰ ਉਹ ਬਾਣੀ ਦਾ ਜਾਪ ਕਰਦੇ ਹੋਏ ਚੜ੍ਹਦੀ ਕਲਾ ਵਿਚ ਰਹੇ। ਅਖ਼ੀਰ ਜਦ ਕੰਧ ਗਲੇ ਤੱਕ ਪਹੁੰਚੀ ਤਾਂ ਦੋਵੇਂ ਸਾਹਿਬਜ਼ਾਦੇ ਬੇਹੋਸ਼ ਹੋ ਗਏ। ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਜਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਦੇ ਸੀਸ ਧੜ ਤੋਂ ਅਲੱਗ ਕਰ ਦਿੱਤੇ। ਉਧਰ ਮਾਤਾ ਗੁਜਰੀ ਜੀ ਵੀ ਠੰਡੇ ਬੁਰਜ ਵਿਚ ਜੋਤੀ ਜੋਤ ਸਮਾ ਗਏ।

ਜਿਸ ਥਾਂ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਉਥੇ ਅੱਜ ਕਲ੍ਹ ਗੁਰਦੁਆਰਾ 'ਸ੍ਰੀ ਫ਼ਤਹਿਗੜ੍ਹ ਸਾਹਿਬ' ਸੁਸ਼ੋਭਿਤ ਹੈ। ਜਿਥੇ ਦੀਵਾਨ ਟੋਡਰ ਮੱਲ ਨੇ ਦਾਦੀ ਪੋਤਿਆਂ ਦੇ ਸਸਕਾਰ ਲਈ ਜ਼ਮੀਨ ਖ਼ਰੀਦ ਕੇ ਤਿੰਨਾਂ ਦਾ ਸਸਕਾਰ ਕੀਤਾ ਉਥੇ 'ਗੁਰਦੁਆਰਾ' ਸ੍ਰੀ ਜੋਤੀ ਸਰੂਪ ਸਾਹਿਬ' ਸੁਭਾਇਮਾਨ ਹੈ। ਹਰ ਸਾਲ ਫ਼ਤਹਿਗੜ੍ਹ ਸਾਹਿਬ ਵਿਖੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲਾ ਲੱਗਦਾ ਹੈ। ਇਹ ਜੋੜ ਮੇਲਾ ਸਾਨੂੰ ਸਾਰਿਆਂ ਨੂੰ ਸਿੱਖੀ ਵਿਚ ਪ੍ਰਪੱਕ ਰਹਿਣ, ਸਾਹਿਬਜ਼ਾਦਿਆਂ ਦੇ ਧਰਮੀ ਜੀਵਨ ਤੋਂ ਸੇਧ ਲੈਣ ਅਤੇ ਆਪਣੇ ਧਰਮ ਤੇ ਇਤਿਹਾਸ ਉੱਪਰ ਮਾਣ ਕਰਨ ਲਈ ਪ੍ਰੇਰਦਾ ਹੈ।

~~~~~~~~~~~~~~~~~~~~
~~~~~~~~~~~~~~~~~~~~

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੇ ਜੀਵਨ ਤੇ ਸ਼ਹੀਦੀ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ (ਅ) ਦਸਮ ਪਾਤਸ਼ਾਹ ਜੀ ਦੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਦੇ ਜੀਵਨ ਤੇ ਸ਼ਹੀਦੀ ਉੱਪਰ ਚਾਨਣਾ ਪਾਓ।

## ਸੰਖੇਪ ਉੱਤਰ ਵਾਲੇ ਪ੍ਰਸ਼ਨ–

ਪ੍ਰਸ਼ਨ 1 :– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੇ ਨਾਮ ਦੱਸੋ ?

ਉੱਤਰ :– ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ।

ਪ੍ਰਸ਼ਨ 2 :– ਵੱਡੇ ਸਾਹਿਬਜ਼ਾਦੇ ਕਦੋਂ ਅਤੇ ਕਿੱਥੇ ਸ਼ਹੀਦ ਹੋਏ ?

ਉੱਤਰ :– ਦਸਮ ਪਾਤਸ਼ਾਹ ਜੀ ਦੇ ਵੱਡੇ ਸਾਹਿਬਜ਼ਾਦੇ 22 ਦਸੰਬਰ 1704 ਈ. ਨੂੰ ਚਮਕੌਰ ਦੀ ਜੰਗ ਵਿਚ ਮੁਗ਼ਲ ਸੈਨਾ ਨਾਲ ਲੜਦੇ ਹੋਏ ਸ਼ਹੀਦ ਹੋਏ।

ਪ੍ਰਸ਼ਨ 3 :– ਸ਼ਹੀਦੀਆਂ ਪਾਉਣ ਸਮੇਂ ਵੱਡੇ ਸਾਹਿਬਜ਼ਾਦਿਆਂ ਦੀ ਕਿੰਨੀ ਉਮਰ ਸੀ ?

ਉੱਤਰ :– ਉਸ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਉਮਰ 18 ਸਾਲ ਦੇ ਕਰੀਬ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਉਮਰ 15 ਸਾਲ ਦੇ ਕਰੀਬ ਸੀ।

ਪ੍ਰਸ਼ਨ 4 :– ਦਸਮ ਪਾਤਸ਼ਾਹ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕਦੋਂ ਤੇ ਕਿੱਥੇ ਸ਼ਹੀਦ ਕੀਤਾ ਗਿਆ ?

ਉੱਤਰ :– ਸਤਿਗੁਰਾਂ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ 27 ਦਸੰਬਰ 1704 ਈ. ਨੂੰ ਸਰਹਿੰਦ ਵਿਖੇ ਜਿਉਂਦੇ ਜੀਅ ਨੀਹਾਂ ਵਿਚ ਚਿਣੇ ਗਏ ਅਤੇ ਫਿਰ ਉਹਨਾ ਦੇ ਸੀਸ ਧੜ ਤੋਂ ਵੱਖ ਕਰਕੇ ਸ਼ਹੀਦ ਕੀਤਾ ਗਿਆ।

ਪ੍ਰਸ਼ਨ 5 :– ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਉੱਪਰ ਕਿਹੜਾ ਗੁਰਦੁਆਰਾ ਹੈ ?

ਉੱਤਰ :– ਜਿਸ ਥਾਂ ਦੋਨਾ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਉਥੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਸੁਸ਼ੋਭਿਤ ਹੈ।

☆☆☆

# ਸਿੱਖ ਦੀ ਤਾਰੀਫ਼

## (ੳ) ਸਿੱਖ ਰਹਿਤ ਮਰਯਾਦਾ ਵਿਚ 'ਸਿੱਖ ਦੀ ਤਾਰੀਫ਼'

ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ਼ ਇਸ ਤਰ੍ਹਾਂ ਦਿੱਤੀ ਗਈ ਹੈ, 'ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਉੱਪਰ ਦਿੱਤੀ ਪਰੀਭਾਸ਼ਾ ਅਨੁਸਾਰ ਕੋਈ ਵੀ ਇਸਤਰੀ ਜਾਂ ਪੁਰਸ਼ ਸਿੱਖੀ ਧਾਰਨ ਕਰਕੇ ਸਿੱਖ ਧਰਮ ਦਾ ਧਾਰਨੀ ਹੋ ਸਕਦਾ ਹੈ। ਇਥੇ ਕਿਸੇ ਰੰਗ, ਨਸਲ ਤੇ ਦੇਸ-ਪ੍ਰਦੇਸ ਦੀ ਵਿਚਾਰ ਨਹੀਂ ਹੈ। ਇਕ ਗੱਲ ਸਪੱਸ਼ਟ ਹੈ ਕਿ ਸਿੱਖ ਨੇ ਇਕ ਪਰਮਾਤਮਾ ਤੋਂ ਇਲਾਵਾ ਹੋਰ ਕਿਸੇ ਵੀ ਦੇਵੀ, ਦੇਵਤੇ, ਪੱਥਰ, ਰੁੱਖ, ਮੂਰਤੀ ਜਾਂ ਤਸਵੀਰ ਦੀ ਪੂਜਾ ਨਹੀਂ ਕਰਨੀ।

ਇਸੇ ਤਰ੍ਹਾਂ ਦਸ ਗੁਰੂ ਸਾਹਿਬਾਨ ਨੂੰ ਵੱਖ-ਵੱਖ ਕਰਕੇ ਨਹੀਂ ਜਾਣਨਾ, ਕਿਉਂਕਿ ਦਸ ਗੁਰੂ ਸਾਹਿਬਾਂ ਦੀ ਜੋਤ ਇਕ ਹੈ। ਦਸਾਂ ਜਾਮਿਆਂ ਵਿਚ ਗੁਰੂ ਸਾਹਿਬਾਂ ਦਾ ਮਿਸ਼ਨ ਇਕ ਹੀ ਸੀ। ਇਸ ਦਾ ਉੱਤਰ ਸ੍ਰੀ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਮਿਲਦਾ ਹੈ :

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥*

(ਅੰਗ ੯੬੬)

ਜਿੱਥੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਮੰਨਣ ਦੀ ਗੱਲ ਹੈ, ਇਸ ਤੋਂ ਭਾਵ ਸਿੱਖ ਨੇ ਆਪਣੀ ਜੀਵਨ ਜਾਚ ਇਥੋਂ ਸੇਧ ਲੈ ਕੇ ਸੰਵਾਰਨੀ ਹੈ। ਪੱਕਾ ਨਿਸਚਾ ਗੁਰਬਾਣੀ ਉੱਪਰ ਹੋਵੇ ਅਤੇ ਇਸ ਦੇ ਨਾਲ-ਨਾਲ ਦਸਮੇਸ਼ ਪਿਤਾ ਜੀ ਦੀ ਬਖ਼ਸ਼ਿਸ਼ ਅੰਮ੍ਰਿਤ ਉੱਪਰ ਨਿਸ਼ਚਾ ਰੱਖਣਾ ਭਾਵ ਅੰਮ੍ਰਿਤਧਾਰੀ ਹੋਣਾ ਹੈ। ਜੋ ਮਰਯਾਦਾ ਦਸਮ ਪਿਤਾ ਜੀ ਨੇ 1699 ਈ. ਨੂੰ ਖੰਡੇ ਦੀ ਪਾਹੁਲ ਛਕਾ ਕੇ ਪ੍ਰਪੱਕ ਕੀਤੀ ਸੀ, ਅਸੀਂ ਉਸੇ ਹੀ ਮਰਯਾਦਾ ਅਨੁਸਾਰ ਪੰਜ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਦੇ ਹਾਂ।

ਇਸ ਦੇ ਨਾਲ ਇਕ ਗੱਲ ਹੋਰ ਵੀ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਹਰ ਸਿੱਖ ਨੇ ਆਪਣੇ ਧਰਮ ਵਿਚ ਪੱਕਿਆਂ ਰਹਿਣਾ ਹੈ। ਸਿੱਖ ਧਰਮ ਦੇ ਧਾਰਨੀ ਹੋ ਕੇ ਫਿਰ ਕਿਸੇ ਹੋਰ ਧਰਮ ਨੂੰ ਨਹੀਂ ਮੰਨਣਾ। ਇਕ ਗੱਲ ਸਤਿਗੁਰਾਂ ਨੇ ਸਿੱਖ ਨੂੰ ਬਾਣੀ ਵਿਚ ਪੱਕਿਆਂ ਕੀਤੀ

ਹੈ ਕਿ ਅਸੀਂ ਸਮੁੱਚੀ ਮਨੁੱਖਤਾ ਨੂੰ ਪਿਆਰ ਕਰਨਾ ਹੈ। ਸਾਰਾ ਸੰਸਾਰ ਇਕ ਪਰਮਾਤਮਾ ਦੀ ਸੰਤਾਨ ਹੈ। ਸਿੱਖ ਰੋਜ਼ਾਨਾ ਦੀ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਦਾ ਹੈ ਅਤੇ ਸਰਬੱਤ ਦਾ ਭਲਾ ਮੰਗਣ ਵਾਲਾ ਕਿਸੇ ਦਾ ਬੁਰਾ ਸੋਚ ਹੀ ਨਹੀਂ ਸਕਦਾ।

(ਅ) ਸਿੱਖ ਦੀ ਰਹਿਣੀ

ਸਿੱਖ ਦੀ ਰਹਿਣੀ ਦੋ ਪ੍ਰਕਾਰ ਦੀ ਹੈ। ਇਕ ਤਾਂ ਸ਼ਖਸੀ ਰਹਿਣੀ ਹੈ ਤੇ ਦੂਜੀ ਪੰਥਕ। ਸ਼ਖਸੀ ਰਹਿਣੀ ਵਿਚ ਨਾਮ ਬਾਣੀ ਦਾ ਅਭਿਆਸ, ਗੁਰਮਤਿ ਦੀ ਰਹਿਣੀ ਤੇ ਸੇਵਾ ਹੈ। ਸਿੱਖ ਨੇ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਕਰਕੇ, ਇਕ ਅਕਾਲ ਪੁਰਖ ਦਾ ਧਿਆਨ ਧਰ ਕੇ ਨਿਤਨੇਮ ਦਾ ਪਾਠ ਜ਼ਰੂਰ ਕਰਨਾ ਹੈ। ਅੰਮ੍ਰਿਤ ਵੇਲੇ ਅਤੇ ਸੋ ਦਰੁ ਰਹਰਾਸਿ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ। ਅਰਦਾਸ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਰਨੀ ਹੈ। ਕਿਸੇ ਦੇਵੀ, ਦੇਵਤੇ, ਮੂਰਤ, ਮਨੁੱਖ ਜਾਂ ਚੰਦ-ਸੂਰਜ ਅੱਗੇ ਨਹੀਂ ਕਰਨੀ। ਇਸ ਤਰ੍ਹਾਂ ਦੀ ਜੀਵਨ ਜਾਚ ਵਾਲੇ ਮਨੁੱਖ ਨੂੰ ਸਿੱਖ ਕਿਹਾ ਜਾਂਦਾ ਹੈ। ਸਿੱਖ, ਗੁਰੂ ਪੰਥ ਦੀ ਜੱਥੇਬੰਦੀ ਦਾ ਮੈਂਬਰ ਹੈ। ਇਸ ਲਈ ਪੰਥਕ ਰਹਿਣੀ ਵਿਚ ਗੁਰੂ ਪੰਥ, ਅੰਮ੍ਰਿਤ ਸੰਸਕਾਰ, ਤਨਖਾਹ ਲਾਉਣ ਦੀ ਵਿਧੀ, ਗੁਰਮਤਾ ਕਰਨ ਦੀ ਵਿਧੀ, ਸਥਾਨਕ ਫੈਸਲਿਆਂ ਦੀ ਅਪੀਲ ਅਤੇ ਹਰ ਪੱਖੋਂ ਗੁਰਮਤਿ ਰਹਿਣੀ ਅਨੁਸਾਰ ਜੀਵਨ ਜੀਣਾ ਸ਼ਾਮਲ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਜੀਵਨ ਜੀਣ ਵਾਲਾ ਗੁਰਸਿੱਖ ਹੀ ਪੂਰਾ ਸੂਰਾ ਕਿਹਾ ਜਾਵੇਗਾ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ਼ ਕਿਸ ਤਰ੍ਹਾਂ ਬਿਆਨ ਕੀਤੀ ਗਈ ਹੈ ?

ਪ੍ਰਸ਼ਨ (ਅ) ਸਿੱਖ ਦੀ ਰਹਿਣੀ ਕਿੰਨੇ ਪ੍ਰਕਾਰ ਦੀ ਹੈ ?

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 :- ਸਿੱਖ ਧਰਮ ਧਾਰਨ ਕਰਨ ਲਈ ਕੀ ਸ਼ਰਤ ਹੈ ?

ਉੱਤਰ :- ਕੋਈ ਵੀ ਇਸਤਰੀ ਜਾਂ ਪੁਰਸ਼ ਸਿੱਖੀ ਧਾਰਨ ਕਰਕੇ ਸਿੱਖ ਧਰਮ ਦਾ ਧਾਰਨੀ ਹੋ ਸਕਦਾ ਹੈ। ਇੱਥੇ ਕਿਸੇ ਰੰਗ-ਨਸਲ ਜਾਂ ਦੇਸ-ਪ੍ਰਦੇਸ ਦੀ ਵਿਚਾਰ ਨਹੀਂ ਹੈ।

ਪ੍ਰਸ਼ਨ 2 :- ਸਿੱਖ ਰੋਜ਼ਾਨਾ ਅਰਦਾਸ ਵਿਚ ਪ੍ਰਭੂ ਪਾਸੋਂ ਸਭਨਾ ਲਈ ਕੀ ਦਾਤ ਮੰਗਦਾ ਹੈ ?

ਉੱਤਰ :- ਸਿੱਖ ਰੋਜ਼ਾਨਾ ਅਰਦਾਸ ਵਿਚ ਪ੍ਰਭੂ ਪਾਸੋਂ ਸਰਬੱਤ ਦਾ ਭਲਾ ਮੰਗਦਾ ਹੈ। ਕਿਉਂਕਿ ਸਾਰਾ ਸੰਸਾਰ ਇਕ ਪਰਮਾਤਮਾ ਦੀ ਸੰਤਾਨ ਹੈ। ਇਹ ਗੱਲ ਸਤਿਗੁਰਾਂ ਨੇ ਸਿੱਖ ਨੂੰ ਬਾਣੀ ਵਿਚ ਦ੍ਰਿੜ ਕਰਵਾਈ ਹੈ।

ਪ੍ਰਸ਼ਨ 3 :- ਸਿੱਖ ਦੀ ਰਹਿਣੀ ਕਿੰਨੇ ਪ੍ਰਕਾਰ ਦੀ ਹੈ ?

ਉੱਤਰ :- ਸਿੱਖ ਦੀ ਰਹਿਣੀ ਦੋ ਪ੍ਰਕਾਰ ਦੀ ਹੈ। ਇਕ ਸ਼ਖਸੀ ਰਹਿਣੀ ਹੈ ਤੇ ਦੂਜੀ ਪੰਥਕ। ਸਿੱਖ ਗੁਰੂ ਪੰਥ ਦੀ ਜਥੇਬੰਦੀ ਦਾ ਮੈਂਬਰ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਜੀਵਨ ਜੀਣ ਵਾਲਾ ਗੁਰਸਿੱਖ ਹੀ ਪੂਰਾ ਸੂਰਾ ਕਿਹਾ ਜਾਵੇਗਾ।

ਪ੍ਰਸ਼ਨ 4 :- ਸਿੱਖ ਧਰਮ ਅਨੁਸਾਰ ਗੁਰੂ ਦਾ ਸਿੱਖ ਇਕ ਪਰਮਾਤਮਾ ਤੋਂ ਇਲਾਵਾ ਹੋਰ ਕਿਸੇ ਦੀ ਪੂਜਾ ਵੀ ਕਰ ਸਕਦਾ ਹੈ ?

ਉੱਤਰ :- ਸਿੱਖ ਧਰਮ ਅਨੁਸਾਰ ਸਪੱਸ਼ਟ ਹੈ ਕਿ ਗੁਰੂ ਦੇ ਸਿੱਖ ਨੇ ਇਕ ਪਰਮਾਤਮਾ ਤੋਂ ਇਲਾਵਾ ਹੋਰ ਕਿਸੇ ਵੀ ਦੇਵੀ, ਦੇਵਤੇ, ਪੱਥਰ, ਰੁੱਖ, ਮੂਰਤੀ, ਕਬਰ, ਮੜ੍ਹੀ ਜਾਂ ਤਸਵੀਰ ਦੀ ਪੂਜਾ ਨਹੀਂ ਕਰਨੀ।

ਪ੍ਰਸ਼ਨ 5 :- ਇਕ ਪਰਮਾਤਮਾ ਦੀ ਪੂਜਾ ਕਿਵੇਂ ਹੋ ਸਕਦੀ ਹੈ ?

ਉੱਤਰ :- ਇਕ ਪਰਮਾਤਮਾ ਦੀ ਪੂਜਾ ਗੁਰਬਾਣੀ ਦਾ ਪਾਠ ਤੇ ਸਿਮਰਨ ਹੈ। ਇਸ ਦੇ ਨਾਲ ਸਮੁੱਚੀ ਮਨੁੱਖਤਾ ਨੂੰ ਪਿਆਰ ਕਰਨਾ ਤੇ ਹਰ ਹਿਰਦੇ ਵਿਚ ਪਰਮਾਤਮਾ ਦੀ ਜੋਤ ਨੂੰ ਜਾਣਨਾ ਪਰਮਾਤਮਾ ਦੀ ਪੂਜਾ ਹੈ।

☆☆☆

# ਤਖ਼ਤ ਅਤੇ ਤਖ਼ਤ ਸਾਹਿਬਾਨ

(ੳ) <u>ਤਖ਼ਤ ਕਿਸ ਨੂੰ ਕਹਿੰਦੇ ਹਨ, ਸਿੱਖ ਪੰਥ ਦੇ ਕਿੰਨੇ ਤਖ਼ਤ ਹਨ</u>

**ਤਖ਼ਤ** :- ਸਿੱਖ ਪੰਥ ਵਿਚ 'ਤਖ਼ਤ' ਦਾ ਸਿਧਾਂਤ ਗੁਰਦੁਆਰਾ ਸਾਹਿਬ ਤੋਂ ਕੁਝ ਵੱਖਰਾ ਹੈ। ਇਸ ਦੇ ਅੱਖਰੀ ਅਰਥ ਕਰੀਏ ਤਾਂ 'ਬੈਠਣ ਦੀ ਚੌਂਕੀ' ਤੇ 'ਰਾਜ ਸਿੰਘਾਸਨ' ਆਦਿ ਮਿਲਦੇ ਹਨ। ਭਾਵੇਂ ਦੁਨੀਆਂ ਵਿਚ ਅਨੇਕਾਂ ਰਾਜੇ, ਰਾਜ ਕਰਕੇ ਤਖ਼ਤਾਂ 'ਤੇ ਬੈਠੇ ਪਰ ਹੁਣ ਉਹਨਾਂ ਤਖ਼ਤਾਂ ਦਾ ਨਾਮ ਨਿਸ਼ਾਨ ਵੀ ਨਹੀਂ ਹੈ। ਪਰ ਸਿੱਖ ਪੰਥ ਵਿਚ ਤਖ਼ਤ ਕਾਲ (ਸਮੇਂ) ਦੇ ਘੇਰੇ ਵਿਚ ਨਹੀਂ ਸਗੋਂ ਅਕਾਲ ਹੈ। ਗੁਰੂ ਸਾਹਿਬਾਨ ਨੇ ਤਖ਼ਤ ਨੂੰ ਇਸ ਪ੍ਰਕਾਰ ਦਾ ਰੂਪ ਦਿੱਤਾ ਕਿ ਇਹ ਸਿੱਖ ਪੰਥ ਦੀ ਸਿਰਮੌਰ ਤੇ ਅਜ਼ਾਦ ਸੰਸਥਾ ਹੈ।

## ਸਿੱਖ ਪੰਥ ਦੇ ਪੰਜ ਤਖ਼ਤ ਹਨ ਜੋ ਇਸ ਪ੍ਰਕਾਰ ਹਨ :

1. ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ (ਪੰਜਾਬ)
2. ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ)
3. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ, ਪੰਜਾਬ)
4. ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ, ਪੰਜਾਬ)
5. ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਦੇੜ (ਮਹਾਰਾਸ਼ਟਰ)

(ਅ) <u>ਤਖ਼ਤ ਸਾਹਿਬਾਨ ਦੀ ਇਤਿਹਾਸਕ ਮਹੱਤਤਾ</u>

## ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ

ਸਿੱਖ ਪੰਥ ਦਾ ਇਹ ਪਹਿਲਾ ਤਖ਼ਤ ਹੈ ਜੋ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1606 ਈ. ਵਿਚ ਤਿਆਰ ਕਰਵਾਇਆ। ਇਸ ਤਖ਼ਤ ਦੀ ਸਿਰਜਣਾ ਸਿੱਖ ਧਰਮ ਦੀ ਅਜ਼ਾਦ ਹਸਤੀ ਨੂੰ ਪੇਸ਼ ਕਰਨ ਦਾ ਐਲਾਨ ਸੀ। ਇਸ ਦੀ ਉਸਾਰੀ ਗੁਰੂ ਜੀ ਦੀ ਅਗਾਵਈ ਹੇਠ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕੀਤੀ।

ਇਥੇ ਹੀ ਛੇਵੇਂ ਪਾਤਸ਼ਾਹ ਜੀ ਨੇ ਪੀਰੀ ਤੇ ਮੀਰੀ (ਭਾਵ ਭਗਤੀ ਤੇ ਸ਼ਕਤੀ) ਦੀਆਂ ਦੋ ਤਲਵਾਰਾਂ ਪਹਿਨੀਆਂ। ਗੁਰੂ ਜੀ ਸਵੇਰ ਸ਼ਾਮ ਦੇ ਦੀਵਾਨ ਇਸ ਤਖ਼ਤ ਉੱਪਰ ਬੈਠ ਕੇ ਹੀ ਸਜਾਉਂਦੇ ਸਨ। ਇਥੇ ਢਾਡੀ ਬੀਰ ਰਸੀ ਵਾਰਾਂ ਗਾਉਂਦੇ। ਇਥੇ ਹੀ ਗੁਰੂ ਜੀ ਨੇ ਸਿੱਖ ਸੰਗਤਾਂ ਦੇ ਨਾਮ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਜੋ ਸੱਚਾ ਸਿੱਖ ਹੈ ਉਹ ਚੰਗਾ ਘੋੜਾ ਤੇ ਵਧੀਆ ਹਥਿਆਰ ਲੈ ਕੇ ਦਰਸ਼ਨ ਕਰਨ ਆਵੇ। ਇਥੋਂ ਹੀ ਮੁਗ਼ਲਾਂ ਦੇ ਜਬਰ ਜ਼ੁਲਮ ਦੇ ਵਿਰੁੱਧ ਸੱਚ ਦੀ ਅਵਾਜ਼ ਉਠੀ, ਨਗਾਰੇ ਖੜਕੇ ਤੇ ਸਤਿਗੁਰਾਂ ਦੇ ਯੋਧਿਆਂ ਦੀ ਫ਼ੌਜ ਤਿਆਰ ਹੋਈ। ਉਸ ਤੋਂ ਬਾਅਦ ਜਦੋਂ ਵੀ ਸਿੱਖ ਪੰਥ ਉੱਪਰ ਭੀੜ ਪਈ ਤਾਂ ਇਥੇ ਸਰਬੱਤ ਖ਼ਾਲਸਾ ਇਕੱਤਰ ਹੋਇਆ। ਇਥੇ ਗੁਰੂ ਸਾਹਿਬ ਤੇ ਸੂਰਬੀਰ ਯੋਧਿਆਂ ਦੇ ਸ਼ਸਤਰ ਸੁਸ਼ੋਭਿਤ ਹਨ, ਜਿਹਨਾਂ ਦੇ ਦਰਸ਼ਨ ਰੋਜ਼ਾਨਾ ਸ਼ਾਮ ਨੂੰ ਰਹਰਾਸਿ ਦੇ ਪਾਠ ਤੋਂ ਬਾਅਦ ਕਰਵਾਏ ਜਾਂਦੇ ਹਨ। ਹਰ ਬੁੱਧਵਾਰ ਤੇ ਐਤਵਾਰ ਨੂੰ ਇਥੇ ਅੰਮ੍ਰਿਤ ਛਕਾਇਆ ਜਾਂਦਾ ਹੈ। ਅੱਜ ਵੀ ਕੋਈ ਕੌਮੀ ਮਸਲਾ ਹੋਵੇ ਤਾਂ ਸੰਸਾਰ ਭਰ ਦਾ ਸਿੱਖ ਭਾਈਚਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਹੀ ਆਸਵੰਦ ਹੁੰਦਾ ਹੈ।

## ਤਖ਼ਤ ਸ੍ਰੀ ਪਟਨਾ ਸਾਹਿਬ

ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ਸੁਭਾਇਮਾਨ ਹੈ। ਇਥੋਂ ਦਾ ਮਹਾਨ ਇਤਿਹਾਸ ਹੈ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਸੰਬਰ 1666 ਈ. ਨੂੰ ਇਸ ਸਥਾਨ 'ਤੇ ਹੋਇਆ। ਇਸ ਦਾ ਹਵਾਲਾ ਦਸਮ ਪਾਤਸ਼ਾਹ ਜੀ ਨੇ ਬਚਿੱਤਰ ਨਾਟਕ ਆਪਣੀ ਆਤਮ ਕਥਾ ਵਿਚ ਦਿੱਤਾ ਹੈ :-

*ਤਹੀ ਪ੍ਰਕਾਸ ਹਮਾਰਾ ਭਯੋ। ਪਟਨਾ ਸਹਰ ਬਿਖੈ ਭਵ ਲਯੋ।*

(ਸ੍ਰੀ ਦਸਮ ਗ੍ਰੰਥ, ਪੰਨਾ ੫੯)

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, (ਸ੍ਰੀ ਅਨੰਦਪੁਰ ਸਾਹਿਬ) ਪੰਜਾਬ ਸੂਬੇ ਵਿਚ ਸ਼ੋਭਨੀਕ ਹੈ। ਇਹ ਉਹ ਮਹਾਨ ਸਥਾਨ ਹੈ ਜਿੱਥੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਇਥੇ ਖ਼ਾਲਸਾ ਪ੍ਰਗਟ ਹੋਇਆ।

## ਤਖ਼ਤ ਸ੍ਰੀ ਦਮਦਮਾ ਸਾਹਿਬ

ਤਖ਼ਤ ਸ੍ਰੀ ਦਮਦਮਾ ਸਾਹਿਬ, ਜਿਸ ਨੂੰ ਸਾਬੋ ਕੀ ਤਲਵੰਡੀ ਵੀ ਕਿਹਾ ਜਾਂਦਾ ਹੈ। ਇਹ ਜ਼ਿਲ੍ਹਾ ਬਠਿੰਡਾ ਵਿਖੇ ਪੰਜਾਬ ਵਿਚ ਸੁਭਾਇਮਾਨ ਹੈ। ਇਹ ਉਹ ਸਥਾਨ ਹੈ ਜਿਥੇ ਸ੍ਰੀ

ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ ਸੀ। ਜੰਗਾਂ ਯੁੱਧਾਂ ਤੋਂ ਬਾਅਦ ਸਤਿਗੁਰਾਂ ਨੇ ਇਥੇ ਕਮਰਕੱਸਾ ਖੋਲ੍ਹਿਆ। ਨੌਵੇਂ ਸਤਿਗੁਰਾਂ ਦੀ ਬਾਣੀ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਇਥੇ ਦਰਜ ਕੀਤੀ। ਦਮਦਮਾ ਸਾਹਿਬ ਨੂੰ ਗੁਰੂ ਕੀ ਕਾਸ਼ੀ ਵੀ ਕਿਹਾ ਜਾਂਦਾ ਹੈ।

## ਤਖ਼ਤ ਸ੍ਰੀ ਹਜ਼ੂਰ ਸਾਹਿਬ

ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਦੇੜ ਸ਼ਹਿਰ (ਮਹਾਰਾਸ਼ਟਰ) ਵਿਖੇ ਸੁਭਾਇਮਾਨ ਹੈ। ਇਸ ਸਥਾਨ 'ਤੇ ਹੀ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖ਼ਸ਼ ਕੇ ਦੇਹਧਾਰੀ ਗੁਰੂ ਦੀ ਪਰੰਪਰਾ ਖ਼ਤਮ ਕੀਤੀ। ਇਥੇ ਹੀ ਸਤਿਗੁਰੂ ਜੋਤੀ ਜੋਤ ਸਮਾਏ। ਇਥੇ ਹੀ ਸਤਿਗੁਰਾਂ ਨੇ ਕੌਮ ਨੂੰ ਹੁਕਮ ਕੀਤਾ ਜੋ ਅਸੀਂ ਰੋਜ਼ਾਨਾ ਅਰਦਾਸ ਕਰਨ ਉਪਰੰਤ ਸੰਗਤੀ ਰੂਪ ਵਿਚ ਦੋਹਰਾ ਪੜ੍ਹਦੇ ਹਾਂ :

*ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ॥*
*ਸਭ ਸਿਖਨ ਕਉ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥*

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਤਖ਼ਤ ਕਿਸ ਨੂੰ ਕਹਿੰਦੇ ਹਨ ਅਤੇ ਸਿੱਖ ਪੰਥ ਦੇ ਕਿੰਨੇ ਤਖ਼ਤ ਹਨ ?

ਪ੍ਰਸ਼ਨ (ਅ) ਪੰਜ ਤਖ਼ਤਾਂ ਦੀ ਇਤਿਹਾਸਕ ਮਹੱਤਤਾ ਦਾ ਵਰਣਨ ਕਰੋ।

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 :- 'ਤਖ਼ਤ' ਤੋਂ ਕੀ ਭਾਵ ਹੈ ?

ਉੱਤਰ :- ਤਖ਼ਤ ਸ਼ਬਦ ਦੇ ਅਰਥ ਕਰੀਏ ਤਾਂ ਇਸ ਦੇ ਅਰਥ 'ਬੈਠਣ ਦੀ ਚੌਂਕੀ' ਤੇ ਰਾਜ ਸਿੰਘਾਸਨ ਆਦਿ ਮਿਲਦੇ ਹਨ।

ਪ੍ਰਸ਼ਨ 2 :- ਸਿੱਖ ਪੰਥ ਦਾ ਪਹਿਲਾ ਤਖ਼ਤ ਕਿਹੜਾ ਹੈ ?

ਉੱਤਰ :- ਸਿੱਖ ਪੰਥ ਦਾ ਪਹਿਲਾ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਹੈ ਜੋ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1606 ਈ. ਵਿਚ ਤਿਆਰ ਕਰਵਾਇਆ।

ਪ੍ਰਸ਼ਨ 3 :- ਮੀਰੀ ਅਤੇ ਪੀਰੀ ਦੇ ਕੀ ਅਰਥ ਹਨ ?

ਉੱਤਰ :- ਮੀਰੀ ਤੋਂ ਭਾਵ ਰਾਜ ਸ਼ਕਤੀ ਹੈ ਅਤੇ ਪੀਰੀ ਤੋਂ ਭਾਵ ਭਗਤੀ ਹੈ।

ਪ੍ਰਸ਼ਨ 4 :- ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦਾ ਇਤਿਹਾਸਕ ਪਿਛੋਕੜ ਕੀ ਹੈ ?

ਉੱਤਰ :- ਇਥੇ ਦਸੰਬਰ 1666 ਈ. ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਪ੍ਰਸ਼ਨ 5 :- ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦਾ ਕੀ ਇਤਿਹਾਸ ਹੈ ?

ਉੱਤਰ :- ਇਸ ਸਥਾਨ 'ਤੇ 1699 ਈ. ਦੀ ਵਿਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ।

ਪ੍ਰਸ਼ਨ 6 :-ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦਾ ਕੀ ਇਤਿਹਾਸ ਹੈ ?

ਉੱਤਰ :- ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸ ਮਹੀਨੇ ਦੇ ਕਰੀਬ ਪੜਾਅ ਕੀਤਾ ਅਤੇ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ ਸੀ।

ਪ੍ਰਸ਼ਨ 7 :- ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦਾ ਕੀ ਇਤਿਹਾਸ ਹੈ ?

ਉੱਤਰ :- ਇਸ ਸਥਾਨ 'ਤੇ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖ਼ਸ਼ ਕੇ ਦੇਹਧਾਰੀ ਗੁਰੂ ਦੀ ਪਰੰਪਰਾ ਖ਼ਤਮ ਕੀਤੀ ਤੇ ਇਥੇ ਹੀ ਸਤਿਗੁਰੂ ਜੋਤੀ ਜੋਤ ਸਮਾਏ ਸਨ।

★★★

# ਸਿੱਖ ਰਹਿਤ ਮਰਯਾਦਾ ਅਨੁਸਾਰ ਚਾਰ ਬੱਜਰ ਕੁਰਹਿਤਾਂ

ਸਿੱਖ ਧਰਮ ਚੰਗੀ ਜੀਵਨ ਜਾਚ ਸਿਖਾਉਂਦਾ ਹੈ। ਚੰਗੀ ਜੀਵਨ ਜਾਚ ਦੇ ਕੁਝ ਨਿਯਮ ਹਨ। ਗੁਰੂ ਸਾਹਿਬਾਨ ਨੇ ਕੁਝ ਉਹ ਕੰਮ ਕਰਨ ਤੋਂ ਸਿੱਖਾਂ ਨੂੰ ਮਨਾਹੀ ਕੀਤੀ ਹੈ, ਜਿਨ੍ਹਾਂ ਦੇ ਕਰਨ ਨਾਲ ਕੋਈ ਵਿਅਕਤੀ ਸਮਾਜ ਵਿਚ ਚੰਗਾ ਨਹੀਂ ਸਮਝਿਆ ਜਾਂਦਾ ਹੈ। ਜਿਨ੍ਹਾਂ ਦੇ ਕਰਨ ਨਾਲ ਮੱਤ, ਮਨ, ਬੁੱਧ ਤੇ ਸਰੀਰ ਦਾ ਨਾਸ਼ ਹੁੰਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਅਜਿਹੇ ਕੰਮਾਂ ਨੂੰ ਬੱਜਰ ਕੁਰਹਿਤ ਕਿਹਾ ਗਿਆ ਹੈ।

## ਸਿੱਖ ਲਈ ਇਹ ਚਾਰ ਬੱਜਰ ਕੁਰਹਿਤਾਂ ਹਨ :

1. ਕੇਸਾਂ ਦੀ ਬੇ-ਅਦਬੀ
2. ਕੁੱਠਾ ਖਾਣਾ
3. ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)
4. ਤਮਾਕੂ ਦਾ ਵਰਤਣਾ

## 1. ਕੇਸਾਂ ਦੀ ਬੇ-ਅਦਬੀ :-

ਸਿੱਖ ਮੱਤ ਵਿਚ ਸਿਰ ਤੋਂ ਲੈ ਕੇ ਪੈਰਾਂ ਤੱਕ ਸਰੀਰ ਦੇ ਸਾਰੇ ਅੰਗਾਂ ਉਪਰਲੇ ਰੋਮਾਂ ਨੂੰ (ਵਾਲਾਂ ਨੂੰ) ਕੇਸ ਕਿਹਾ ਗਿਆ ਹੈ। ਇਹਨਾਂ ਨੂੰ ਕੱਟਣਾ ਜਾਂ ਪੁੱਟਣਾ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਗੁਰੂ ਸਾਹਿਬਾਨ ਨੇ ਉਪਦੇਸ਼ ਦਿੱਤਾ ਕਿ ਕੇਸਾਂ ਨੂੰ ਰੱਬੀ ਦਾਤ ਜਾਣ ਕੇ ਸੰਭਾਲਣਾ ਹੈ। ਇਨ੍ਹਾਂ ਨੂੰ ਗੁਰੂ ਦੀ ਮੋਹਰ ਵੀ ਕਿਹਾ ਜਾਂਦਾ ਹੈ। ਗੁਰੂ ਦੇ ਪਿਆਰਿਆਂ ਗੁਰਸਿੱਖਾਂ ਨੇ ਆਪਣੇ ਸਰੀਰ ਉੱਪਰ ਅਨੇਕਾਂ ਤਸੀਹੇ ਤਾਂ ਝੱਲ ਲਏ, ਪਰ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ। ਇਸ ਲਈ ਸਿੱਖ ਵਾਸਤੇ ਕੇਸਾਂ ਦੀ ਬੇ-ਅਦਬੀ ਕਰਨੀ ਬੱਜਰ ਕੁਰਹਿਤ ਹੈ।

## 2. ਕੁੱਠਾ ਖਾਣਾ :-

ਕੁੱਠਾ ਤੋਂ ਭਾਵ ਉਹ ਮਾਸ ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ। ਅਜਿਹਾ ਮਾਸ ਖਾਣਾ ਮਨ੍ਹਾਂ ਕੀਤਾ ਗਿਆ ਹੈ।

## 3. ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)

ਸਤਿਗੁਰਾਂ ਨੇ ਇਕ ਚੰਗੇ ਆਚਰਨ ਵਾਲਾ ਸਮਾਜ ਸਥਾਪਤ ਕਰਨ ਦਾ ਯਤਨ ਕੀਤਾ ਹੈ। ਪੁਰਸ਼ ਹੋਵੇ ਜਾਂ ਇਸਤਰੀ, ਇਹ ਦੋਹਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਇਸਤ੍ਰੀ-ਬ੍ਰਤ ਤੇ ਪਤੀ-ਬ੍ਰਤ ਧਰਮ ਉੱਪਰ ਪਹਿਰਾ ਦੇਣ। ਇਸ ਨਾਲ ਕੌਮ ਤੇ ਦੇਸ ਮਜਬੂਤ ਹੁੰਦੇ ਹਨ। ਸਿੱਖਾਂ ਦਾ ਉੱਚਾ ਆਚਰਣ ਰੱਖਣ ਲਈ ਇਹ ਇਕ ਅਨੁਸ਼ਾਸਨ ਹੈ। ਜੇਕਰ ਸੰਸਾਰ ਦੇ ਲੋਕ ਇਸ ਕੁਰਹਿਤ ਨੂੰ ਤਿਆਗ ਦੇਣ ਤਾਂ ਅਨੇਕਾਂ ਨਾ-ਮੁਰਾਦ ਬੀਮਾਰੀਆਂ ਤੋਂ ਬਚ ਸਕਦੇ ਹਨ।

## 4. ਤਮਾਕੂ ਦਾ ਵਰਤਣਾ :-

ਤਮਾਕੂ ਜਾਂ ਤਮਾਕੂ ਤੋਂ ਬਣੀਆਂ ਅਨੇਕ ਪ੍ਰਕਾਰ ਦੀਆਂ ਵਸਤਾਂ ਨੂੰ ਵਰਤਣਾ ਸਿੱਖ ਜਗਤ ਵਿਚ ਮਨ੍ਹਾਂ ਹੈ। ਇਸ ਨੂੰ ਜਗਤ ਜੂਠ ਵੀ ਆਖਿਆ ਗਿਆ ਹੈ। ਉਂਝ ਕਿਸੇ ਦਾ ਜੂਠਾ ਖਾਣਾ ਸਮਾਜ ਵਿਚ ਚੰਗਾ ਨਹੀਂ ਸਮਝਿਆ ਜਾਂਦਾ। ਜਗਤ ਜੂਠ ਤੋਂ ਭਾਵ ਸਾਰੇ ਸੰਸਾਰ ਦੀ ਜੂਠ ਹੈ, ਇਹ ਤਾਂ ਫਿਰ ਅੱਤ ਘਟੀਆ ਹੈ। ਵਰਤਮਾਨ ਖੋਜਾਂ ਨੇ ਸਾਰੀ ਦੁਨੀਆਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਤਮਾਕੂ ਸਿਹਤ ਲਈ ਬਹੁਤ ਹਾਨੀਕਾਰਕ ਹੈ। ਇਸ ਦੀ ਵਰਤੋਂ ਕਰਨ ਵਾਲੇ ਦੇ ਫੇਫੜੇ, ਦਿਲ, ਅੱਖਾਂ ਤੇ ਹੋਰ ਅੰਗ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ। ਤਮਾਕੂ ਦੇ ਗੰਦੇ ਧੂੰਏਂ ਕਾਰਨ ਵੀ ਕਈ ਬੀਮਾਰੀਆਂ ਹੋਰਨਾਂ ਨੂੰ ਪ੍ਰਭਾਵਤ ਕਰਦੀਆਂ ਹਨ। ਅਜਿਹੇ ਭੈੜੇ ਨਸ਼ਿਆਂ ਦਾ ਧਾਰਨੀ ਮਨੁੱਖ ਧਰਮ ਦੀਆਂ ਉੱਚੀਆਂ ਕਦਰਾਂ ਕੀਮਤਾਂ ਨਹੀਂ ਨਿਭਾ ਸਕਦਾ।

ਤੱਤ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਜੇਕਰ ਸੰਸਾਰ ਦੇ ਲੋਕ ਇਹਨਾਂ ਚਾਰ ਬੱਜਰ ਕੁਰਹਿਤਾਂ ਨੂੰ ਤਿਆਗ ਦੇਣ ਤਾਂ ਇਕ ਅੱਤ ਸੁੰਦਰ ਤੇ ਖ਼ੁਸ਼ਹਾਲ ਸਮਾਜ ਪੈਦਾ ਹੋ ਸਕਦਾ ਹੈ। ਸਿੱਖ ਸਮਾਜ ਨੂੰ ਇਸ ਗੱਲ 'ਤੇ ਮਾਣ ਕਰਨਾ ਚਾਹੀਦਾ ਹੈ ਕਿ ਸਤਿਗੁਰਾਂ ਨੇ ਅੱਜ ਤੋਂ ਸੈਂਕੜੇ ਸਾਲ ਪਹਿਲਾਂ ਸਿੱਖ ਪੰਥ ਨੂੰ ਇਹਨਾਂ ਬੁਰੀਆਂ ਅਲਾਮਤਾਂ ਤੋਂ ਸੁਚੇਤ ਕਰਕੇ ਤੇ ਸਖ਼ਤੀ ਨਾਲ ਵਰਜ ਕੇ ਬਚਾਅ ਲਿਆ ਹੈ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ ੳ. ਸਿੱਖ ਰਹਿਤ ਮਰਯਾਦਾ ਅਨੁਸਾਰ ਚਾਰ ਬੱਜਰ ਕੁਰਹਿਤਾਂ ਕਿਹੜੀਆਂ ਹਨ ?

ਪ੍ਰਸ਼ਨ ਅ. ਸਿੱਖ ਰਹਿਤ ਮਰਯਾਦਾ ਅਨੁਸਾਰ ਚਾਰ ਬੱਜਰ ਕੁਰਹਿਤਾਂ ਲਿਖ ਕੇ 'ਕੇਸਾਂ ਦੀ ਬੇ-ਅਦਬੀ' ਤੇ 'ਕੁੱਠਾ ਖਾਣਾ' ਸੰਬੰਧੀ ਚਰਚਾ ਕਰੋ।

ਪ੍ਰਸ਼ਨ ੲ. ਸਿੱਖ ਰਹਿਤ ਮਰਿਯਾਦਾ ਅਨੁਸਾਰ 'ਪਰ ਇਸਤਰੀ ਜਾਂ ਪਰ ਪੁਰਸ਼ ਦਾ ਗਮਨ' ਅਤੇ 'ਤਮਾਕੂ ਦਾ ਵਰਤਣਾ' ਵੱਡੀ ਬੁਰਾਈ ਕਿਉਂ ਹੈ ?

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 :- ਕੇਸਾਂ ਦੀ ਪਰੀਭਾਸ਼ਾ ਕੀ ਹੈ ?

ਉੱਤਰ :- ਸਿੱਖ ਮੱਤ ਵਿਚ ਸਿਰ ਤੋਂ ਲੈ ਕੇ ਪੈਰਾਂ ਤੱਕ ਸਰੀਰ ਦੇ ਸਾਰੇ ਅੰਗਾਂ ਉਪਰਲੇ ਰੋਮਾਂ (ਵਾਲਾਂ) ਨੂੰ ਕੇਸ ਕਿਹਾ ਗਿਆ ਹੈ।

ਪ੍ਰਸ਼ਨ 2 :- ਸਿੱਖ ਪੰਥ ਵਿਚ ਕੇਸਾਂ ਦੇ ਸਤਿਕਾਰ ਲਈ ਕਿਹੜੇ ਸ਼ਬਦ ਵਰਤੇ ਜਾਂਦੇ ਹਨ ?

ਉੱਤਰ :- ਕੇਸ ਰੱਬੀ ਦਾਤ ਹਨ ਅਤੇ ਇਹਨਾਂ ਨੂੰ ਗੁਰੂ ਦੀ ਮੋਹਰ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ।

ਪ੍ਰਸ਼ਨ 3 :- ਸਿੱਖ ਜਗਤ ਵਿਚ ਤਮਾਕੂ ਨੂੰ ਕੀ ਕਿਹਾ ਜਾਂਦਾ ਹੈ ?

ਉੱਤਰ :- ਸਿੱਖ ਜਗਤ ਵਿਚ ਇਸ ਨੂੰ ਅੱਤ ਬੁਰਾ ਸਮਝ ਕੇ 'ਜਗਤ ਜੂਠ' ਕਿਹਾ ਜਾਂਦਾ ਹੈ।

ਪ੍ਰਸ਼ਨ 4 :- ਤਮਾਕੂ ਆਮ ਮਨੁੱਖ ਲਈ ਕਿੰਨਾ ਹਾਨੀਕਾਰਕ ਹੈ ?

ਉੱਤਰ :- ਇਸ ਦੀ ਵਰਤੋਂ ਕਰਨ ਵਾਲੇ ਦੇ ਫੇਫੜੇ, ਦਿਲ, ਅੱਖਾਂ ਤੇ ਹੋਰ ਅੰਗ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ।

☆☆☆

# ਤਨਖ਼ਾਹੀਆ

(ੳ) ਤਨਖ਼ਾਹੀਆ :-

ਸਿੱਖ ਰਹਿਤ ਮਰਯਾਦਾ ਦੇ ਅੰਮ੍ਰਿਤ ਸੰਸਕਾਰ ਵਿਚ ਕੁਝ ਅਜਿਹੇ ਕਰਮਾਂ ਦਾ ਜ਼ਿਕਰ ਹੈ ਜਿਹਨਾਂ ਦੇ ਕਰਨ ਨਾਲ 'ਸਿੱਖ' ਤਨਖ਼ਾਹੀਆ ਭਾਵ ਧਾਰਮਿਕ ਸਜ਼ਾ ਯੋਗ ਹੋ ਜਾਂਦਾ ਹੈ। ਇਸ ਦੇ ਪਿੱਛੇ ਭਾਵਨਾ ਇੱਕੋ ਹੈ ਕਿ ਸਿੱਖ ਆਪਣੇ ਆਪ ਨੂੰ ਪੰਥਕ ਜਥੇਬੰਦੀ ਦੇ ਸੂਤਰ ਵਿਚ ਪਰੋਈ ਰੱਖੇ। ਸਾਡੇ ਦਸ ਗੁਰੂ ਸਾਹਿਬਾਨਾਂ ਨੇ ਇਹ ਜਥੇਬੰਦਕ ਧਰਮ ਸਥਾਪਤ ਕਰਨ ਲਈ ਬਹੁਤ ਘਾਲਣਾ ਘਾਲੀਆਂ ਹਨ। ਗੁਰੂ ਪੰਥ ਦੇ ਵਾਰਸਾਂ ਨੇ ਰਹਿਤ ਦੇ ਧਾਰਨੀ ਹੋ ਕੇ ਕੁਝ ਗੱਲਾਂ ਤੋਂ ਸੁਚੇਤ ਰਹਿਣਾ ਹੈ। ਹੁਣ ਸਵਾਲ ਇਹ ਹੈ ਕਿ ਤਨਖ਼ਾਹੀਏ ਕੌਣ ਹਨ ਅਤੇ ਸਿੱਖ ਤਨਖ਼ਾਹੀਆ ਕਿਵੇਂ ਹੋ ਜਾਂਦਾ ਹੈ ?

(ਅ) ਤਨਖ਼ਾਹੀਏ ਕੌਣ ਹਨ :-

1. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਆਦਿ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ।
2. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।
3. ਦਾਹੜਾ ਰੰਗਣ ਵਾਲਾ।
4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।
5. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ।
6. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।
7. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।

(ੲ) ਤਨਖ਼ਾਹੀਆਂ ਬਾਰੇ ਸੰਖੇਪ ਵਿਆਖਿਆ :

ਇਹਨਾਂ ਸਭਨਾਂ ਦੀ ਸੰਖੇਪ ਵਿਚ ਵਿਆਖਿਆ ਕਰਨੀ ਹੋਵੇ ਤਾਂ 'ਮੀਣਾ' ਦਾ ਅਰਥ ਹੈ ਮੀਸਣਾ। ਮੀਣਾ ਪ੍ਰਿਥੀ ਚੰਦ ਦੀ ਵੰਸ਼ ਨੂੰ ਕਿਹਾ ਗਿਆ ਹੈ। ਪ੍ਰਿਥੀ ਚੰਦ ਸ੍ਰੀ ਗੁਰੂ

ਰਾਮਦਾਸ ਜੀ ਦੇ ਪੁੱਤਰ ਹੋਣ ਦੇ ਬਾਵਜੂਦ ਵੀ ਗੁਰੂ ਪੰਥ ਦੇ ਖਿਲਾਫ਼ ਕਾਰਵਾਈਆਂ ਕਰਦਾ ਰਿਹਾ। ਇਸ ਲਈ ਪ੍ਰਿਥੀ ਚੰਦ, ਉਹਨਾਂ ਦੀ ਵੰਸ਼ ਤੇ ਸੰਗੀਆਂ ਨੂੰ ਮੀਣੇ ਕਿਹਾ ਗਿਆ। ਇਸੇ ਤਰ੍ਹਾਂ ਚੌਥੇ ਪਾਤਸ਼ਾਹ ਜੀ ਨੇ ਮਸੰਦ ਪ੍ਰਥਾ ਸ਼ੁਰੂ ਕੀਤੀ ਤੇ ਗੁਰਸਿੱਖ ਪ੍ਰਚਾਰਕਾਂ ਨੂੰ ਮਸੰਦ ਆਖਿਆ ਜਾਂਦਾ ਸੀ। ਜਦੋਂ ਇਹ ਲੋਕ ਧਰਮ ਵਿਚ ਮਨਮਾਨੀਆਂ ਕਰਨ ਲੱਗ ਪਏ ਤਾਂ ਦਸਮ ਪਾਤਸ਼ਾਹ ਜੀ ਨੇ ਸਿੱਖ ਸਮਾਜ ਨੂੰ ਜਾਗਰਤ ਕੀਤਾ। ਇਨ੍ਹਾਂ ਦੀਆਂ ਪੰਥ ਵਿਰੋਧੀ ਕਾਰਵਾਈਆਂ ਕਰਕੇ ਗੁਰਸਿੱਖਾਂ ਨੂੰ ਇਹਨਾਂ ਨਾਲ ਵਰਤਾਓ ਕਰਨ ਤੋਂ ਵਰਜਿਆ ਹੈ।

ਹੁਣ ਧੀਰਮੱਲੀਏ ਕੌਣ ਹਨ ? ਬਾਬਾ ਧੀਰਮੱਲ ਛੇਵੇਂ ਸਤਿਗੁਰਾਂ ਦੇ ਪੋਤਰੇ ਤੇ ਬਾਬਾ ਗੁਰਦਿੱਤਾ ਜੀ ਦੇ ਵੱਡੇ ਪੁੱਤਰ ਸਨ। ਇਹਨਾਂ ਦੀਆਂ ਚਾਲਾਂ ਵੀ ਗੁਰੂ ਘਰ ਦੇ ਵਿਰੋਧ ਵਿਚ ਸਨ। ਧੀਰਮੱਲੀਆਂ ਨੇ ਨੌਵੇਂ ਪਾਤਸ਼ਾਹ ਤੱਕ ਵਿਰੋਧ ਜਾਰੀ ਰੱਖਿਆ। ਇਹਨਾਂ ਦੀ ਵੰਸ਼ ਵਿਚੋਂ ਹੀ ਵਡਭਾਗ ਸਿੰਘ ਹੋਇਆ, ਪਰ ਉਹ ਵੀ ਵੱਖਰਾ ਗੁਰੂ ਡੰਮ੍ਹ ਚਲਾਉਣ ਲੱਗ ਪਿਆ। ਇਸ ਲਈ ਸਿੱਖ ਪੰਥ ਨੂੰ ਧੀਰਮੱਲੀਆਂ ਨਾਲ ਵਰਤਣ ਦੀ ਮਨਾਹੀ ਹੈ।

ਬਾਬਾ ਰਾਮ ਰਾਇ, ਸੱਤਵੇਂ ਪਾਤਸ਼ਾਹ ਜੀ ਦੇ ਵੱਡੇ ਸਪੁੱਤਰ ਸਨ। ਇਹਨਾਂ ਨੇ ਔਰੰਗਜ਼ੇਬ ਦੇ ਪ੍ਰਭਾਵ ਹੇਠ ਗੁਰਬਾਣੀ ਦੀ ਪੰਗਤੀ ਬਦਲਣ ਦੀ ਗ਼ਲਤੀ ਕੀਤੀ। ਸਮਾਂ ਪਾ ਕੇ ਇਹਨਾਂ ਨੇ ਪੰਥ ਵਿਰੋਧੀ ਕਾਰਜ ਕੀਤੇ ਤੇ ਆਪ ਗੁਰੂ ਬਣ ਬੈਠੇ। ਇਹਨਾਂ ਨੂੰ ਰਾਮਰਾਈਏ ਕਿਹਾ ਜਾਂਦਾ ਹੈ ਤੇ ਇਹਨਾਂ ਨਾਲ ਵਰਤਣ ਵਾਲਾ ਸਿੱਖ ਵੀ ਤਨਖ਼ਾਹੀਆ ਮੰਨਿਆ ਜਾਂਦਾ ਹੈ।

ਇਸੇ ਤਰ੍ਹਾਂ ਨੜੀ ਮਾਰ ਤੋਂ ਭਾਵ ਹੁੱਕਾ ਜਾਂ ਤਮਾਕੂ ਪੀਣ ਵਾਲੇ। 'ਕੁੜੀਮਾਰ' ਤੋਂ ਭਾਵ ਜੰਮਦੀਆਂ ਜਾਂ ਜੰਮਣ ਤੋਂ ਪਹਿਲਾਂ ਧੀਆਂ ਨੂੰ ਮਾਰਨ ਵਾਲਿਆਂ ਤੋਂ ਹੈ। 'ਸਿਰਗੁੰਮ' ਤੋਂ ਭਾਵ ਜੋ ਸਿੱਖ ਹੋ ਕੇ ਕੇਸ ਕਟਾ ਦੇਣ ਤੇ ਇਹਨਾਂ ਨਾਲ ਮਿਲਵਰਤਣ ਕਰਨ ਵਾਲਾ ਤਨਖ਼ਾਹੀਆ ਹੁੰਦਾ ਹੈ।

ਹੁਣ ਅੰਮ੍ਰਿਤਧਾਰੀ ਆਪਸ ਵਿਚ ਖਾਣ-ਪੀਣ ਦੀਆਂ ਵਸਤਾਂ ਛਕ ਛਕਾ ਲੈਣ ਤਾਂ ਇਹ ਬੁਰਾਈ ਨਹੀਂ ਹੈ। ਭਾਵੇਂ ਜੂਠਾ ਖਾਣਾ ਤਾਂ ਕਿਸੇ ਦਾ ਵੀ ਠੀਕ ਨਹੀਂ ਹੈ। ਇਸ ਦੇ ਨਾਲ ਗੁਰੂ ਪੰਥ ਨੇ ਖ਼ਾਲਸੇ ਨੂੰ ਉਹਨਾਂ ਲੋਕਾਂ ਦੀਆਂ ਕੁਚਾਲਾਂ ਤੋਂ ਸਾਵਧਾਨ ਕੀਤਾ ਹੈ ਜੋ ਆਪਣਾ ਜੂਠਾ ਖਵਾ ਕੇ ਨਵੇਂ-ਨਵੇਂ ਧਰਮ ਚਲਾ ਰਹੇ ਸਨ। ਇਸ ਲਈ ਰਹਿਤ ਮਰਯਾਦਾ ਵਿਚ ਬੇ-ਅੰਮ੍ਰਿਤੀਏ ਤੇ ਪਤਿਤ ਤੋਂ ਸਾਵਧਾਨ ਕੀਤਾ ਹੈ।

ਸਿੱਖ ਧਰਮ ਵਿਚ ਕੇਸਾਂ ਨੂੰ ਪ੍ਰਭੂ ਦੀ ਦਾਤ ਸਮਝ ਕੇ ਸਤਿਕਾਰ ਨਾਲ ਸੰਭਾਲ ਕਰਨੀ ਜ਼ਰੂਰੀ ਹੈ। ਰਹਿਤ ਮਰਯਾਦਾ ਵਿਚ ਕਾਲਿਆਂ ਵਿਚੋਂ ਚਿੱਟੇ ਕੇਸ ਚੁਗਣੇ ਜਾਂ ਰੰਗ ਕਰਨਾ, ਇਹ ਮਰਦ ਤੇ ਇਸਤਰੀ ਦੋਨਾਂ ਲਈ ਵਰਜਿਤ ਹੈ। ਇਸੇ ਤਰ੍ਹਾਂ ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ ਵੀ ਸਿੱਖ ਧਰਮ ਵਿਚ ਤਨਖ਼ਾਹੀਆ ਮੰਨਿਆ ਜਾਵੇਗਾ। ਅੱਗੇ ਮਦ ਨੰਬਰ ਪੰਜ ਵਿਚ ਕੁਝ ਨਸ਼ਿਆਂ ਦੇ ਨਾਮ ਦਰਜ ਹਨ ਪਰ ਨਸ਼ਾ ਕੋਈ ਵੀ ਜਾਂ

ਕਿਸੇ ਵੀ ਪ੍ਰਕਾਰ ਦਾ ਨਹੀਂ ਕਰਨਾ ਹੈ। ਕਿਸੇ ਵੀ ਪ੍ਰਕਾਰ ਦਾ ਨਸ਼ਾ ਕਰਨ ਨਾਲ ਸਿੱਖ ਤਨਖ਼ਾਹੀਆ ਹੋ ਜਾਂਦਾ ਹੈ। ਸੰਸਾਰ ਦਾ ਇਤਿਹਾਸ ਗਵਾਹੀ ਭਰਦਾ ਹੈ ਕਿ ਜੋ ਕੌਮਾਂ ਨਸ਼ਿਆਂ ਵਿਚ ਲੱਗ ਗਈਆਂ ਉਹ ਹਰ ਪੱਖੋਂ ਗ਼ੁਲਾਮ ਹੋ ਗਈਆਂ। ਗੁਰਸਿੱਖਾਂ ਨੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸ ਗੁਰੂ ਸਾਹਿਬਾਨਾਂ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨਾ ਹੈ।

ਅੰਤ ਵਿਚ ਰਹਿਤ ਮਰਯਾਦਾ ਵਿਚ ਕੋਈ ਭੁੱਲ ਕਰਨ ਵਾਲੇ ਨੂੰ ਵੀ ਤਨਖ਼ਾਹੀਆ ਕਿਹਾ ਗਿਆ ਹੈ। ਅੰਮ੍ਰਿਤਧਾਰੀ ਸਿੰਘ ਨਿੱਤਨੇਮ ਜਾਂ ਕਕਾਰਾਂ ਦੇ ਪ੍ਰਤੀ ਢਿੱਲ ਵਰਤੇ ਤਾਂ ਤਨਖ਼ਾਹੀਆ ਹੈ। ਜੇਕਰ ਕੋਈ ਭੁੱਲ ਹੋ ਜਾਵੇ ਤਾਂ ਤਨਖ਼ਾਹ ਲਵਾਉਣੀ ਪਵੇਗੀ। ਹੁਣ ਤਨਖ਼ਾਹ ਲਾਉਣ ਦੀ ਪੰਥਕ ਵਿਧੀ ਕੀ ਹੈ ?

(ਸ) <u>ਤਨਖਾਹ ਲਾਉਣ ਦੀ ਵਿਧੀ :</u>

(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁੱਲ ਮੰਨੇ।

(ਅ) ਗੁਰ-ਸੰਗਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ-ਸੰਗਤ ਪਾਸ ਤਨਖ਼ਾਹ (ਦੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖ਼ਸ਼ਣ ਵੇਲੇ ਹੱਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖ਼ਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖ਼ਾਹ ਕਿਸੇ ਕਿਸਮ ਦੀ ਸੇਵਾ ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ ਅਰਦਾਸ ਹੋਵੇ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ). ਤਨਖ਼ਾਹੀਆ ਕਿਸ ਨੂੰ ਕਿਹਾ ਜਾਂਦਾ ਹੈ ?

ਪ੍ਰਸ਼ਨ (ਅ). ਸਿੱਖ ਰਹਿਤ ਮਰਯਾਦਾ ਅਨੁਸਾਰ ਤਨਖ਼ਾਹੀਏ ਕੌਣ ਹਨ ?

ਪ੍ਰਸ਼ਨ (ੲ). ਸਿੱਖ ਰਹਿਤ ਮਰਯਾਦਾ ਅਨੁਸਾਰ ਤਨਖ਼ਾਹੀਆਂ ਬਾਰੇ ਸੰਖੇਪ ਵਿਆਖਿਆ 'ਚ ਜਾਣਕਾਰੀ ਦਿਓ।

ਪ੍ਰਸ਼ਨ (ਸ). ਸਿੱਖ ਰਹਿਤ ਮਰਯਾਦਾ ਅਨੁਸਾਰ ਤਨਖ਼ਾਹ ਲਾਉਣ ਦੀ ਵਿਧੀ ਕੀ ਹੈ ?

## ਸੰਖੇਪ ਉੱਤਰ ਵਾਲੇ ਪ੍ਰਸ਼ਨ-

ਪ੍ਰਸ਼ਨ 1 :- 'ਮੀਣੇ' ਕਿਨ੍ਹਾਂ ਨੂੰ ਕਿਹਾ ਗਿਆ ਹੈ ?

ਉੱਤਰ :- ਮੀਣੇ ਪ੍ਰਿਥੀ ਚੰਦ ਦੀ ਵੰਸ਼ ਨੂੰ ਕਿਹਾ ਗਿਆ ਹੈ। ਭਾਵੇਂ ਇਹ ਚੌਥੇ ਪਾਤਸ਼ਾਹ ਜੀ ਦੇ ਪੁੱਤਰ ਸਨ ਪਰ ਇਸ ਦੇ ਪਰਿਵਾਰ ਦੀਆਂ ਸਿੱਖੀ ਵਿਰੋਧੀ ਕਾਰਵਾਈਆਂ ਕਰਕੇ ਸਿੱਖ ਪੰਥ ਨੂੰ ਇਹਨਾਂ ਨਾਲ ਮਿਲਵਰਤਣ ਤੋਂ ਮਨ੍ਹਾ ਕੀਤਾ ਹੈ।

ਪ੍ਰਸ਼ਨ 2 :- 'ਧੀਰਮੱਲੀਏ' ਕੌਣ ਹਨ ?

ਉੱਤਰ :- ਬਾਬਾ ਧੀਰਮੱਲ ਛੇਵੇਂ ਪਾਤਸ਼ਾਹ ਜੀ ਦੇ ਪੋਤਰੇ ਤੇ ਬਾਬਾ ਗੁਰਦਿੱਤਾ ਜੀ ਦੇ ਵੱਡੇ ਪੁੱਤਰ ਸਨ। ਇਹਨਾਂ ਦੀਆਂ ਵੀ ਸਿੱਖੀ ਵਿਰੋਧੀ ਚਾਲਾਂ ਅਤੇ ਵੱਖਰਾ ਗੁਰੂ ਡੰਮ੍ਹ ਚਲਾਉਣ ਕਰਕੇ ਸਿੱਖ ਪੰਥ ਨੂੰ ਇਹਨਾਂ ਨਾਲ ਵਰਤੋਂ—ਵਿਹਾਰ ਕਰਨ ਤੋਂ ਮਨਾਹੀ ਕੀਤੀ ਹੈ।

ਪ੍ਰਸ਼ਨ 3 :- 'ਨੜੀ ਮਾਰ' ਤੋਂ ਕੀ ਭਾਵ ਹੈ ?

ਉੱਤਰ :- ਨੜੀ ਮਾਰ ਤੋਂ ਭਾਵ ਹੁੱਕਾ ਜਾਂ ਤਮਾਕੂ ਪੀਣ ਵਾਲਿਆਂ ਤੋਂ ਹੈ। ਇਹਨਾਂ ਦਾ ਧੂੰਆਂ ਵੀ ਆਮ ਮਨੁੱਖ ਦੀ ਸਿਹਤ ਲਈ ਬਹੁਤ ਖ਼ਤਰਨਾਕ ਹੈ। ਸਿੱਖ ਪੰਥ ਨੂੰ ਅਜਿਹੇ ਲੋਕਾਂ ਨਾਲ ਵਰਤੋਂ ਵਿਹਾਰ ਕਰਨ ਤੋਂ ਮਨ੍ਹਾ ਕੀਤਾ ਹੈ।

ਪ੍ਰਸ਼ਨ 4 :- 'ਕੁੜੀਮਾਰ' ਕਿਸ ਨੂੰ ਕਿਹਾ ਗਿਆ ਹੈ ?

ਉੱਤਰ :- ਜੋ ਲੋਕ ਆਪਣੀਆਂ ਧੀਆਂ ਨੂੰ ਜੰਮਦਿਆਂ ਹੀ ਜਾਂ ਜੰਮਣ ਤੋਂ ਪਹਿਲਾਂ ਮਾਰ ਦਿੰਦੇ ਹਨ, ਉਹਨਾਂ ਨੂੰ ਕੁੜੀ-ਮਾਰ ਕਿਹਾ ਜਾਂਦਾ ਹੈ। ਸਿੱਖ ਪੰਥ ਨੂੰ ਅਜਿਹੇ ਪਾਪ ਕਰਮੀਆਂ ਨਾਲ ਵਰਤੋਂ-ਵਿਹਾਰ ਦੀ ਮਨ੍ਹਾਹੀ ਹੈ।

ਪ੍ਰਸ਼ਨ 5 :- 'ਸਿਰ ਗੁੰਮ' ਕਿਸ ਨੂੰ ਕਿਹਾ ਜਾਂਦਾ ਹੈ?

ਉੱਤਰ :- ਜੋ ਇਕ ਸਿੱਖ ਹੁੰਦਾ ਹੋਇਆ ਆਪਣੇ ਕੇਸ ਕਟਾ ਦਿੰਦਾ ਹੈ, ਉਸ ਨੂੰ ਸਿਰ ਗੁੰਮ ਕਿਹਾ ਜਾਂਦਾ ਹੈ।

# ਪਤਿਤ

(ੳ) 'ਪਤਿਤ' ਕਿਸ ਨੂੰ ਕਿਹਾ ਜਾਂਦਾ ਹੈ :

'ਮਹਾਨ ਕੋਸ਼' ਵਿਚ ਪਤਿਤ ਦਾ ਅਰਥ ਹੈ, 'ਡਿੱਗਿਆ ਹੋਇਆ, ਧਰਮ ਕਰਮ ਤੋਂ ਡਿੱਗਿਆ, ਪਾਪੀ ਆਦਿ। ਇਸੇ ਤਰ੍ਹਾਂ ਚਾਰ ਕੁਰਹਿਤਾਂ ਵਿਚੋਂ ਕਿਸੇ ਇੱਕ ਦੇ ਕਰਨ ਨਾਲ ਵੀ ਸਿੱਖ ਪਤਿਤ ਮੰਨਿਆ ਜਾਂਦਾ ਹੈ। ਚਾਰ ਕੁਰਹਿਤਾਂ ਇਹ ਹਨ :

(ੳ) ਕੇਸਾਂ ਦੀ ਬੇ-ਅਦਬੀ

(ਅ) ਕੁੱਠਾ ਖਾਣਾ

(ੲ) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)

(ਸ) ਤੰਮਾਕੂ ਦਾ ਵਰਤਣਾ

ਇਕ ਗੱਲ ਸਮਝਣੀ ਜ਼ਰੂਰੀ ਹੈ ਕਿ ਸਿੱਖੀ ਦੀ ਰਹਿਤ ਇਕ ਸਿੱਖ ਲਈ ਸਾਫ਼ ਸੁਥਰੀ ਜੀਵਨ ਜੀਣ ਦੀ ਮਰਯਾਦਾ ਹੈ। ਇਹ ਸਾਡੇ ਲਈ ਧਾਰਮਿਕ ਤੇ ਸਮਾਜਿਕ ਪੱਖੋਂ ਚੰਗਾ ਨਾਗਰਿਕ ਬਣਨ ਦੀ ਪ੍ਰੇਰਨਾ ਸ਼ਕਤੀ ਹੈ। ਜੋ ਇਨਸਾਨ ਚੰਗੇ ਨਿਯਮਾਂ ਦੀ ਪਾਲਣਾ ਕਰਦਾ ਹੈ, ਉਹ ਸਦਾ ਸਫ਼ਲ ਹੁੰਦਾ ਹੈ। ਸਿੱਖ ਰਹਿਤ ਮਰਯਾਦਾ ਕਰਕੇ ਹੀ ਸਿੱਖ ਸਮਾਜ ਅਤੇ ਸਿੱਖ ਸਭਿਆਚਾਰ ਦੀ ਨਿਆਰੀ ਹੋਂਦ ਕਾਇਮ ਹੈ। ਕੋਈ ਵੀ ਧਰਮ ਕਰਮ ਸਦਾ ਮਰਯਾਦਾ ਨਾਲ ਹੀ ਨਿਭਦਾ ਹੈ।

(ਅ) ਪਤਿਤਪੁਣੇ ਦਾ ਹੱਲ :

ਗੁਰਮਤਿ ਦੀ ਰੋਸ਼ਨੀ ਵਿਚ ਪਤਿਤਪੁਣੇ ਦਾ ਹੱਲ ਵੀ ਸੱਚਾ ਸੁੱਚਾ ਆਚਾਰ ਹੀ ਹੈ। ਪਤਿਤਪੁਣਾ ਇਨਸਾਨ ਦੀਆਂ ਕਮਜ਼ੋਰੀਆਂ ਤੇ ਅਗਿਆਨਤਾ ਕਰਕੇ ਹੈ। ਇਸ ਲਈ ਸਿੱਖ ਨੂੰ ਸਵੈ ਭਰੋਸਾ ਅਤੇ ਗੁਰੂ ਉੱਪਰ ਸ਼ਰਧਾ ਹੋਵੇ ਤਾਂ ਪਤਿਤ ਹੋਣ ਦਾ ਸਵਾਲ ਹੀ ਨਹੀਂ ਰਹੇਗਾ। ਇਹ ਵੀ ਯਾਦ ਰੱਖਣਾ ਕਿ ਪਤਿਤ ਹੋਣਾ ਗੁਰੂ ਤੇ ਸੰਗਤ ਦੀਆਂ ਨਜ਼ਰਾਂ ਵਿਚ ਵੱਡੀ ਬੁਰਾਈ ਹੈ। ਇਸ ਸੰਸਾਰ ਵਿਚ ਉਸਤਤ ਹਮੇਸ਼ਾ ਭਲੇ ਪੁਰਸ਼ਾਂ ਦੀ ਹੀ ਹੁੰਦੀ ਹੈ। ਚੰਗੀ ਜੀਵਨ ਜਾਚ ਵਾਲੇ ਇਨਸਾਨ ਹੀ ਸਮਾਜ ਵਿਚ ਵਡਿਆਈ ਪਾਉਂਦੇ ਹਨ। 'ਪਤਿਤ' ਦਾ ਕਿਧਰੇ ਵੀ ਸਤਿਕਾਰ ਨਹੀਂ ਹੁੰਦਾ। ਸਿੱਖ ਨੇ ਪਤਿਤ ਨਹੀਂ ਸਗੋਂ ਪੁਨੀਤ (ਪਵਿੱਤਰ) ਹੋ ਕੇ ਸੰਸਾਰ ਵਿਚ ਜੱਸ ਖੱਟਣਾ ਹੈ। ਇਸ ਤਰ੍ਹਾਂ ਉਸ ਦਾ ਲੋਕ ਤੇ ਪ੍ਰਲੋਕ ਸੁਹੇਲਾ ਹੋਵੇਗਾ।

## ਅਭਿਆਸ ਲਈ ਵੱਡੇ ਪ੍ਰਸ਼ਨ :

ਪ੍ਰਸ਼ਨ (ੳ) ਪਤਿਤ ਕਿਸ ਨੂੰ ਕਿਹਾ ਜਾਂਦਾ ਹੈ ?

ਪ੍ਰਸ਼ਨ (ਅ) ਗੁਰਮਤਿ ਦੀ ਰੋਸ਼ਨੀ ਵਿਚ ਪਤਿਤਪੁਣੇ ਦਾ ਹੱਲ ਕੀ ਹੈ ?

## ਸੰਖੇਪ ਉੱਤਰ ਵਾਲੇ ਪ੍ਰਸ਼ਨ–

ਪ੍ਰਸ਼ਨ 1 :– ਮਹਾਨ ਕੋਸ਼ ਵਿਚ 'ਪਤਿਤ' ਦਾ ਕੀ ਅਰਥ ਹੈ?

ਉੱਤਰ :– ਮਹਾਨ ਕੋਸ਼ ਵਿਚ ਪਤਿਤ ਦੇ ਅਰਥ ਹਨ, 'ਡਿੱਗਿਆ ਹੋਇਆ, ਧਰਮ ਕਰਮ ਤੋਂ ਡਿੱਗਿਆ, ਪਾਪੀ ਆਦਿ।

ਪ੍ਰਸ਼ਨ 2 :– ਸਿੱਖ ਪਤਿਤ ਕਦੋਂ ਹੁੰਦਾ ਹੈ?

ਉੱਤਰ :– ਸਿੱਖ ਰਹਿਤ ਮਰਯਾਦਾ ਵਿਚ ਦਿੱਤੀਆਂ ਚਾਰ ਕੁਰਹਿਤਾਂ ਵਿਚੋਂ ਕਿਸੇ ਇਕ ਦੇ ਕਰਨ ਨਾਲ ਵੀ ਸਿੱਖ ਪਤਿਤ ਮੰਨਿਆਂ ਜਾਂਦਾ ਹੈ।

ਪ੍ਰਸ਼ਨ 3 :– ਸਿੱਖ ਰਹਿਤ ਮਰਯਾਦਾ ਦੀ ਕੀ ਮਹੱਤਤਾ ਹੈ ?

ਉੱਤਰ :– ਸਿੱਖ ਰਹਿਤ ਮਰਯਾਦਾ ਕਰਕੇ ਹੀ ਸਿੱਖ ਸਮਾਜ ਅਤੇ ਸਿੱਖ ਸੱਭਿਆਚਾਰ ਦੀ ਨਿਆਰੀ ਹੋਂਦ ਕਾਇਮ ਹੈ।

ਪ੍ਰਸ਼ਨ 4 :– ਸਿੱਖ ਲਈ ਰਹਿਤ ਕਿਉਂ ਜ਼ਰੂਰੀ ਹੈ ?

ਉੱਤਰ :– ਇਕ ਸਿੱਖ ਲਈ ਰਹਿਤ ਰੱਖਣੀ ਚੰਗਾ ਜੀਵਨ ਜੀਣ ਦੀ ਮਰਯਾਦਾ ਹੈ। ਗੁਰੂ ਜੀ ਤਾਂ ਰਹਿਣੀ ਵਾਲੇ ਨੂੰ ਹੀ ਆਪਣਾ ਸਿੱਖ ਮੰਨਦੇ ਹਨ।

ਪ੍ਰਸ਼ਨ 5 :– ਪਤਿਤਪੁਣੇ ਦਾ ਕਾਰਨ ਕੀ ਹੈ?

ਉੱਤਰ :– ਇਸ ਦਾ ਕਾਰਨ ਮਨੁੱਖੀ ਕਮਜ਼ੋਰੀਆਂ ਤੇ ਅਗਿਆਨਤਾ ਹੈ। ਜਦ ਸਿੱਖ ਨੂੰ ਗੁਰਬਾਣੀ ਦਾ ਗਿਆਨ ਤੇ ਗੁਰੂ ਉਪਰ ਭਰੋਸਾ ਹੋਵੇ ਤਾਂ ਪਤਿਤ ਹੋਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।

~~~~~~~~~~~~~~~~~~~~
~~~~~~~~~~~~~~~~~~~~

ਪ੍ਰਸ਼ਨ ਪੱਤਰ ਦੀ ਰੂਪ ਰੇਖਾ :

## ਦਰਜਾ-ਪਹਿਲਾ

## ਪਰਚਾ ਦੂਜਾ-ਸਿੱਖ ਇਤਿਹਾਸ ਤੇ ਰਹਿਤ ਮਰਯਾਦਾ

ਸਮਾਂ 3 ਘੰਟੇ ਕੁਲ ਅੰਕ : 100

(ਭਾਗ-ੳ)

ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿਚ ਲਿਖੋ :

1. ਭਾਈ ਮਤੀਦਾਸ ਜੀ ਦੀ ਸ਼ਹੀਦੀ ਸੰਬੰਧੀ ਚਾਨਣਾ ਪਾਉ।
2. ਭਾਈ ਮਨੀ ਸਿੰਘ ਜੀ ਦੇ ਮੁੱਢਲੇ ਜੀਵਨ ਤੇ ਪਰਿਵਾਰਕ ਪਿਛੋਕੜ ਬਾਰੇ ਤੁਸੀਂ ਕੀ ਜਾਣਦੇ ਹੋ?
3. ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਖ਼ਾਲਸਾ ਰਾਜ ਦੀ ਸਥਾਪਨਾ ਬਾਰੇ ਤੁਸੀਂ ਕੀ ਜਾਣਦੇ ਹੋ?
4. ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਜੀ ਦੇ ਜੀਵਨ ਤੇ ਸ਼ਹੀਦੀ ਉੱਪਰ ਚਾਨਣਾ ਪਾਉ।
5. ਭਾਈ ਤਾਰੂ ਸਿੰਘ ਜੀ ਦੇ ਜੀਵਨ ਇਹਿਤਾਸ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

4X10=40

(ਭਾਗ-ਅ)

ਹੇਠ ਲਿਖਿਆਂ ਵਿਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਵੇਰਵੇ ਸਾਹਿਤ ਲਿਖੋ :

1. ਪੰਜਾਂ ਪਿਆਰਿਆਂ ਦੇ ਜੀਵਨ ਇਤਿਹਾਸ ਉੱਪਰ ਚਾਨਣਾ ਪਾਉ।
2. ਅੰਮ੍ਰਿਤ ਬਾਰੇ ਤੁਸੀਂ ਕੀ ਜਾਣਦੇ ਹੋ ਅਤੇ ਅੰਮ੍ਰਿਤ ਦੀ ਮਹੱਤਤਾ ਉੱਪਰ ਵੀਚਾਰ ਕਰੋ।
3. ਪੰਜ ਕਕਾਰ ਅਤੇ ਇਹਨਾਂ ਦੀ ਮਹੱਤਤਾ ਦਾ ਵਰਨਣ ਕਰੋ।
4. ਦਸਮ ਪਾਤਸ਼ਾਹ ਜੀ ਦੇ ਦੋਨੇ ਛੋਟੇ ਸਾਹਿਬਜ਼ਾਦਿਆਂ ਦੇ ਜੀਵਨ ਤੇ ਸ਼ਹੀਦੀ ਬਾਰੇ ਤੁਸੀਂ ਕੀ ਜਾਣਦੇ ਹੋ ?

(3X10=30)

(ਭਾਗ-ੲ)

ਹੇਠ ਲਿਖਿਆਂ ਵਿਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਸੰਖੇਪ ਤੇ ਸਪੱਸ਼ਟ ਲਿਖੋ। ਹਰ ਪ੍ਰਸ਼ਨ ਦਾ ਉੱਤਰ 8-10 ਪੰਕਤੀਆਂ ਤੋਂ ਵੱਧ ਨਾ ਹੋਵੇ।

1. ਸਿੱਖ ਰਹਿਤ ਮਰਿਯਾਦਾ ਵਿਚ 'ਸਿੱਖ ਦੀ ਤਾਰੀਫ਼' ਕਿਸ ਤਰ੍ਹਾਂ ਬਿਆਨ ਕੀਤੀ ਗਈ ਹੈ?
2. 'ਤਖ਼ਤ' ਕਿਸ ਨੂੰ ਕਹਿੰਦੇ ਹਨ ਅਤੇ ਸਿੱਖ ਪੰਥ ਦੇ ਕਿੰਨੇ ਤਖ਼ਤ ਹਨ?
3. ਸਿੱਖ ਰਹਿਤ ਮਰਯਾਦਾ ਅਨੁਸਾਰ 'ਚਾਰ ਬੱਜਰ ਕੁਰਹਿਤਾਂ' ਲਿਖਕੇ 'ਕੇਸਾਂ ਦੀ ਬੇਅਦਬੀ 'ਤੇ 'ਕੁੱਠਾ ਖਾਣਾ' ਸੰਬੰਧੀ ਚਰਚਾ ਕਰੋ।
4. ਸਿੱਖ ਰਹਿਤ ਮਰਿਯਾਦਾ ਅਨੁਸਾਰ 'ਤਨਖ਼ਾਹ ਲਾਉਣ ਦੀ ਵਿਧੀ' ਕੀ ਹੈ ?
5. 'ਪਤਿਤ' ਕਿਸ ਨੂੰ ਕਿਹਾ ਜਾਂਦਾ ਹੈ? **4X5=20**

(ਭਾਗ-ਸ)

ਹੇਠ ਲਿਖਿਆਂ ਵਿਚੋਂ ਕੋਈ ਦਸ ਪ੍ਰਸ਼ਨਾਂ ਦੇ ਉੱਤਰ ਇਕ ਜਾਂ ਦੋ ਪੰਕਤੀਆਂ ਵਿਚ ਲਿਖੋ :

1. ਭਾਈ ਮਤੀ ਦਾਸ ਜੀ ਕਿਥੋਂ ਦੇ ਰਹਿਣ ਵਾਲੇ ਸਨ?
2. ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦਾ ਕੀ ਕਾਰਨ ਸੀ?
3. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਨੂੰ ਕੀ ਬਖਸ਼ਿਸ਼ਾਂ ਕੀਤੀਆਂ?
4. ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦਾ ਆਪਸੀ ਕੀ ਰਿਸ਼ਤਾ ਸੀ?
5. ਪੁਰਾਤਨ ਸਮੇਂ ਤੋਂ ਭਾਰਤੀ ਲੋਕ ਅੰਮ੍ਰਿਤ ਨੂੰ ਕੀ ਮੰਨਦੇ ਹਨ ?
6. ਕੇਸ ਕਟਵਾਉਣ ਵਾਲੇ ਸਿੱਖ ਨੂੰ ਕੀ ਕਿਹਾ ਜਾਂਦਾ ਹੈ?
7. ਗੁਰਮਤਿ ਵਿਚ ਕੀਰਤਨ ਦੀ ਪਰਿਭਾਸ਼ਾ ਦੱਸੋ।
8. ਸਿੱਖ ਧਰਮ ਧਾਰਨ ਕਰਨ ਲਈ ਕੀ ਸ਼ਰਤ ਹੈ?
9. ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦਾ ਇਹਿਤਾਸ ਦੱਸੋ।
10. ਤਮਾਕੂ ਆਮ ਮਨੁੱਖ ਲਈ ਕਿੰਨਾ ਹਾਨੀਕਾਰਕ ਹੈ ?
11. ਸਿੱਖ ਪੰਥ ਵਿਚ ਕੇਸਾਂ ਦੇ ਸਤਿਕਾਰ ਲਈ ਕਿਹੜੇ ਸ਼ਬਦ ਵਰਤੇ ਜਾਂਦੇ ਹਨ?
12. ਮੀਰੀ ਅਤੇ ਪੀਰੀ ਦੇ ਕੀ ਅਰਥ ਹਨ ?

**10X1=10**

~~~~~~~~~~~~~~~~~~~~~
~~~~~~~~~~~~~~~~~~~~~

## ਵਿਦਿਆਰਥੀਆਂ ਦੇ ਆਮ ਗਿਆਨ ਲਈ :-

ਪ੍ਰਸ਼ਨ :- ਸਿੱਖ ਪੰਥ ਵਿਚ ਅਰਦਾਸ ਸ਼ੁਰੂ ਕਰਨ ਸਮੇਂ ਸੰਗਤੀ ਰੂਪ ਵਿਚ ਗਾਇਆ ਜਾਂਦਾ ਸ਼ਬਦ ਸੁਣਾਓ।

ਉੱਤਰ :- ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥
ਊਚੇ ਤੇ ਊਚਾ ਭਗਵੰਤੁ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥
ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥
ਨਾਨਕ ਦਾਸ ਸਦਾ ਕੁਰਬਾਨੀ॥

(ਗਉੜੀ ਸੁਖਮਨੀ ਮਹਲਾ ੫, ਪੰਨਾ ੨੬੮)

ਪ੍ਰਸ਼ਨ :- ਅਰਦਾਸ ਸੰਪੂਰਨ ਹੋਣ ਉਪਰੰਤ ਸੰਗਤ ਇਕ ਅਵਾਜ਼ ਵਿਚ ਜੋ ਰਲਕੇ ਦੋਹਰੇ ਪੜ੍ਹਦੀ ਹੈ, ਸੁਣਾਓ।

ਉੱਤਰ :- ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ॥
ਸਭ ਸਿੱਖਨ ਕਉ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹਿ॥
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇਹਿ॥
ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ॥
ਖ੍ਵਾਰ ਹੋਇ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ॥

❑❑❑

# ਅਰਦਾਸ

ੴ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ, ਪਾਤਸ਼ਾਹੀ ੧੦॥

ਪ੍ਰਿਥਮ ਭਗੌਤੀ ਸਿਮਰ ਕੈ, ਗੁਰੂ ਨਾਨਕ ਲਈ ਧਿਆਇ। ਫਿਰ ਅੰਗਦ ਗੁਰ ਤੇ ਅਮਰਦਾਸੁ, ਰਾਮਦਾਸੈ ਹੋਈਂ ਸਹਾਇ। ਅਰਜਨ ਹਰਗੋਬਿੰਦ ਨੋ, ਸਿਮਰੌ ਸ੍ਰੀ ਹਰਿਰਾਇ। ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ। ਤੇਗ ਬਹਾਦਰ ਸਿਮਰਿਐ, ਘਰ ਨਉ ਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਸਭ ਥਾਈਂ ਹੋਇ ਸਹਾਇ। ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ-ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ !

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਚਿੱਤ ਆਵੇ, ਚਿੱਤ ਆਵਨ ਕਾ ਸਦਕਾ, ਸਰਬ ਸੁਖ ਹੋਵੇ। ਜਹਾਂ-ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ-ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ !

ਸਿੱਖਾ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ-ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

ਸਿੱਖਾਂ ਦਾ ਮਨ ਨੀਵਾਂ, ਮਤ ਉਚੀ, ਮਤ ਦਾ ਰਾਖਾ ਆਪਿ ਵਾਹਿਗੁਰੂ। ਹੇ ਅਕਾਲ ਪੁਰਖ ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਉ। ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ ! ਆਪ ਜੀ ਦੇ ਹਜ਼ੂਰ........* ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁਲ ਚੁਕ ਮਾਫ ਕਰਨੀ, ਸਰਬਤ ਦੇ ਕਾਰਜ ਰਾਸ ਕਰਨੇ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ,

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।**

ਪ੍ਰਸ਼ਨ :- 'ਫ਼ਤਹਿ' ਕਿਹੜੀ ਹੈ ?

ਉੱਤਰ :- ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਪ੍ਰਸ਼ਨ :- 'ਜੈਕਾਰਾ' ਕਿਹੜਾ ਹੈ ?

ਉੱਤਰ :- ਬੋਲੇ ਸੋ ਨਿਹਾਲ॥
ਸਤਿ ਸ੍ਰੀ ਅਕਾਲ॥

❑❑❑

---

*ਇਥੇ ਉਸ ਬਾਣੀ ਦਾ ਨਾਮ ਲਿਆ ਜਾਵੇ, ਜੋ ਪੜ੍ਹੀ ਹੈ ਜਾਂ ਜਿਸ ਕਾਰਜ ਲਈ ਇਕੱਤਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜਿਕਰ ਯੋਗ ਸ਼ਬਦਾਂ ਵਿਚ ਕੀਤਾ ਜਾਵੇ।

**ਸਾਰੀ ਸੰਗਤ ਮੱਥਾ ਟੇਕੇ, ਉਪਰੰਤ ਫ਼ਤਹਿ ਤੇ ਜੈਕਾਰਾ ਗਜਾਇਆ ਜਾਏ।